INTERNATIONAL MAGAZINE

RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

ਫਰਵਰੀ 2015

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥



ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ॥

# ਆਤਮ ਮਾਰਗ


ਸਾਲ ਵੀਹਵਾਂ, ਮਹੀਨਾ ਫਰਵਰੀ, 2015

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਬਾਨੀ

ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ



**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ
ਫੋਨ ਨੰ: - 9779816909



Postal Address for any Enquiry, Money Order, Cheque and drafts :

**VISHAV GURMAT ROOHANI MISSION CHARITABLE TRUST**
**Gurdwara Ishar Parkash, Ratwara Sahib**
(Near Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India
9417214391



Exemption U/S 80-G vide Cir. No. 7/2010 [F.No. 197/21/2010-ITA-II]

Registration Under Foreign Contribution (Regulation) Act 1976 R.No.115320023


## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

## SUBSCRIPTION FOREIGN (ਵਿਦੇਸ਼)

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |


Please visit us on internet at :-
Email : atammarg1@yahoo.co.in,
http:# www.ratwarasahib.org
http:# www.babalakhbirsinghbalongi.org


## ਹੋਰ ਸੰਪਰਕ ਨੰਬਰ

94172-14391, 94172-14382, 94172-14381, 96461-01996, 98889-10777, 9417214384, 9417214383


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, ੯੦੫ ਇੰਡਸਟਰੀਅਲ ਏਰੀਆ, ਫੇਜ਼-੨, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਮੈਗਜ਼ੀਨ ਨਾ ਪਹੁੰਚਣ ਸੰਬੰਧੀ ਪੁੱਛਗਿੱਛ

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨਹੀਂ ਪਹੁੰਚਦਾ ਤਾਂ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 9417214391, 9417214379, 9592009106
Email : atammarg1@yahoo.co.in

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408

ਭਾਈ ਪਰਮਜੀਤ ਸਿੰਘ ਸੰਧੂ - ਮੋਬਾਇਲ 001-7788389135

ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-288-5000

ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

ਇੰਗਲੈਂਡ- ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818 ਫੈਕਸ : 0044-121-200-2879,
ਭਾਈ ਅਰਵਿੰਦਰ ਸਿੰਘ (ਰਾਜ) ਮੋਬਾਇਲ : 0044-7968734058

ਆਸਟਰੇਲੀਆ : ਬੀਬੀ ਜਸਪ੍ਰੀਤ ਕੌਰ : ਮੋਬਾਇਲ - 0061-406619858
ਭਾਈ ਗੁਰਿੰਦਰ ਸਿੰਘ : ਮੋਬਾਇਲ - 0061-469927233

## ਸੰਸਥਾ ਦੇ ਅਦਾਰੇ - ਸੰਪਰਕ ਨੰਬਰ

***ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ)**
9417214391, 9417214379, 9814612900

* ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) 0160-2255003

* ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ 96461-01996

* ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB) ਇੰਗਲਿਸ਼ ਮਾਧਿਅਮ 95920-55581

* ਸੰਤ ਵਰਿਆਮ ਸਿੰਘ ਜੀ ਚੈਰੀਟੇਬਲ ਹਸਪਤਾਲ 98148-01860

* ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ 94172-14382

* ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐੱਡ) 94172-14382

* ਸੰਤ ਵਰਿਆਮ ਸਿੰਘ ਅਕਾਲ ਬਿਰਧ ਆਸ਼ਰਮ (ਫਰੀ) 98157-28220, 98146-12900

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 85580-78028 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385, 98555-28517, 94172-14385 |

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 6 |
| | ***ਭਾਈ ਸੁਖਵਿੰਦਰ ਸਿੰਘ*** | |
| 2. | **ਬਾਰਹਮਾਹਾ** | 8 |
| | ***ਸੰਤ ਵਰਿਆਮ ਸਿੰਘ ਜੀ*** | |
| 3. | **ਸੰਤ ਬਚਨ** | 13 |
| | ***ਸੰਤ ਵਰਿਆਮ ਸਿੰਘ ਜੀ*** | |
| 4. | **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਡੱਲਾ** | 16 |
| | ***ਸੰਤ ਵਰਿਆਮ ਸਿੰਘ ਜੀ*** | |
| 5. | **ਸੰਤ ਬਾਬਾ ਲਖਬੀਰ ਸਿੰਘ ਜੀ ਦੇ ਫਰਵਰੀ ਮਹੀਨੇ ਦੇ ਪ੍ਰੋਗਰਾਮ** | 30 |
| 6. | **ਸਾਲਾਨਾ ਸਮਾਗਮ ਦੇ ਪਹਿਲੇ ਦਿਨ ਕੀਤੇ ਪ੍ਰਵਚਨ-ਗੁਰੂ ਮਾਨਿਓ ਗ੍ਰੰਥ** | 30 |
| | ***ਸੰਤ ਬਾਬਾ ਲਖਬੀਰ ਸਿੰਘ ਜੀ*** | |
| 7. | **ਭਗਤ ਰਵਿਦਾਸ ਜੀ** | 39 |
| | ***ਸੰਤ ਹਰਪਾਲ ਸਿੰਘ ਜੀ*** | |
| 8. | **ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ ਫਰਵਰੀ ਮਹੀਨੇ ਵਿਚ ਪ੍ਰਾਪਤ ਵਿਸ਼ੇਸ਼ ਇਤਿਹਾਸਕ ਘਟਨਾਵਾਂ ਦੀ ਸੰਖੇਪ ਵਾਰਤਾ** | 46 |
| 9. | **ਸਟੀਕ (ਸ੍ਰੀ ਜਪੁਜੀ ਸਾਹਿਬ)** | 54 |
| | ***ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*** | |
| 10. | **ਬਾਲਮ ਸਾਖੀਆਂ - ਗੁਰੂ ਗੋਬਿੰਦ ਸਿੰਘ ਜੀ** | 57 |
| | ***ਡਾ. ਭਾਈ ਵੀਰ ਸਿੰਘ*** | |
| 11. | **ਉਤਸ਼ਾਹ ਭਰਪੂਰ ਸਹਿਜ ਮਾਰਗ-ਭਾਗ 2** | 59 |
| | ***ਡਾ. ਸਵਾਮੀ ਰਾਮ ਜੀ*** | |
| 12. | **ਸੈਸ਼ਨ 2013-14 ਦੌਰਾਨ ਰਤਵਾੜਾ ਸਾਹਿਬ ਦੇ ਸਕੂਲਾਂ ਦੀਆਂ ਪ੍ਰਾਪਤੀਆਂ** | 61 |
| 13. | **ਸਿਹਤ ਵਿਗਿਆਨ** | 63 |
| | ***ਵੈਦ ਚਰਨ ਕਮਲ ਸਿੰਘ*** | |
| 14. | **ਵਿਸ਼ੇਸ਼ ਜਾਣਕਾਰੀ :- ਬੈਂਕ ਅਕਾਊਂਟ, ਮੈਂਬਰਸ਼ਿਪ ਫਾਰਮ, ਹਸਪਤਾਲ, ਰਤਵਾੜਾ ਸਾਹਿਬ ਦੇ ਦੀਵਾਨ ਅਤੇ ਪੁਸਤਕ ਸੂਚੀ** | 64 |

# ਸੰਪਾਦਕੀ

ਪੋਹ-ਮਾਘ ਅਤੀ ਸਰਦੀ ਭਰੇ ਮਹੀਨੇ ਹਨ। ਅਤਿ ਦੀ ਸਰਦੀ, ਕੱਕਰ ਆਦਿ ਤੋਂ ਬਾਅਦ ਮਨੁੱਖ ਦੇ ਅੰਦਰ ਕਿਸੇ ਨਿੱਘ ਨੂੰ ਮਾਨਣ ਦੀ ਲੋੜ ਮਹਿਸੂਸ ਹੁੰਦੀ ਹੈ। ਫੱਗਣ ਭਾਵ ਫਰਵਰੀ ਦਾ ਮਹੀਨਾ ਇਕ ਐਸਾ ਮਹੀਨਾ ਹੈ ਜਿਸ ਵਿਚ ਸਾਰੀ ਬਨਸਪਤੀ, ਜੀਵ ਜੰਤੂ ਅਤੇ ਮਨੁੱਖ ਕਿਸੇ ਨਿੱਘ ਦੀ ਆਸ ਲਾ ਕੇ ਉਡੀਕ ਕਰ ਰਹੇ ਹੁੰਦੇ ਹਨ। ਪੋਹ ਮਹੀਨੇ ਦੇ ਦਿਨ ਸਿੱਖ ਕੌਮ ਵਾਸਤੇ ਅਤੀ ਕਹਿਰ ਦੇ ਦਿਨ ਸਨ। ਇਨ੍ਹਾਂ ਦਿਨਾਂ ਦਾ ਸਾਰਾ ਸੰਤਾਪ ਗੁਰੂ ਸਾਹਿਬ ਦੇ ਲਾਡਲੇ ਸਾਹਿਬਜ਼ਾਦਿਆਂ, ਪੂਜਨੀਕ ਮਾਤਾ ਗੁਜਰ ਕੌਰ ਜੀ ਅਤੇ ਅਨੇਕਾਂ ਸਿੰਘਾਂ ਨੇ ਸ਼ਹੀਦੀਆਂ ਪਾ ਕੇ ਲਾਸਾਨੀ ਇਤਿਹਾਸ ਸਿਰਜਿਆ। ਆਉ, ਫਰਵਰੀ ਦੇ ਮਹੀਨੇ ਵਲ ਝਾਤ ਮਾਰੀਏ। ਇਸ ਮਹੀਨੇ ਦਾ ਇਤਿਹਾਸ ਵੀ ਸਿੱਖ ਕੌਮ ਲਈ ਬੇਮਿਸਾਲ ਕੁਰਬਾਨੀ ਭਰਿਆ ਇਤਿਹਾਸ ਹੈ। ਇਨ੍ਹਾਂ ਇਤਿਹਾਸ ਦੇ ਪੰਨਿਆਂ ਨੂੰ ਫਰੋਲਣ ਤੇ ਪਤਾ ਲਗਦਾ ਹੈ ਕਿ ਹਰ ਪੰਨਾ ਸ਼ਹੀਦਾਂ ਦੇ ਪਵਿੱਤਰ ਖੂਨ ਨਾਲ ਲੱਥ-ਪੱਥ ਹੋਇਆ ਧਰਮ ਲਈ ਆਪਣਾ ਆਪਾ ਵਾਰਨ ਦਾ ਸੁਨੇਹਾ ਦੇ ਰਿਹਾ ਹੈ। ਇਸ ਮਹੀਨੇ ਵਿਚ ਜੈਤੋ ਦਾ ਮੋਰਚਾ, ਛੋਟੇ ਅਤੇ ਵੱਡੇ ਘੱਲੂਘਾਰਿਆਂ ਦਾ ਦੁਖਾਂਤ, ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਸਭਰਾਵਾਂ ਦੀ ਲੜਾਈ, ਇਹ ਪਵਿੱਤਰ ਇਤਿਹਾਸਿਕ ਦਿਹਾੜੇ ਸਾਡੇ ਲਈ ਪ੍ਰੇਰਨਾ ਦਾ ਸਰੋਤ ਹਨ ਕਿ ਕਿਵੇਂ ਅਨੇਕਾਂ ਸਿੰਘਾਂ-ਸਿੰਘਣੀਆਂ ਨੇ ਸਿਰ ਧੜ ਦੀ ਬਾਜ਼ੀ ਲਾ ਕੇ ਧਰਮ ਦੀ ਖਾਤਰ ਕੁਰਬਾਨੀਆਂ ਦਿਤੀਆਂ। ਭਾਵੇਂ ਫਰਵਰੀ ਦੇ ਮਹੀਨੇ ਸਾਰੀ ਬਨਸਪਤੀ ਅੰਦਰ ਕੁਦਰਤ ਵਲੋਂ ਨਵੀਂ ਰੂਹ ਭਰੀ ਜਾ ਰਹੀ ਹੁੰਦੀ ਹੈ, ਨਵੀਆਂ ਕਰੂੰਬਲਾਂ ਫੁੱਟਦੀਆਂ ਹਨ, ਪੱਤਝੜ ਖਤਮ ਹੋ ਰਹੀ ਹੁੰਦੀ ਹੈ, ਸਾਰੀ ਕਾਇਨਾਤ ਅੰਦਰ ਖੇੜਾ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਮਨੁੱਖ ਅੰਦਰ ਵੀ ਸਰਦੀ ਦੇ ਖਤਮ ਹੋਣ ਤੇ ਕੁਦਰਤ ਵਲੋਂ ਬਨਸਪਤੀ ਅਤੇ ਵਾਤਾਵਰਣ ਦੇ ਨਵੇਂ ਪ੍ਰਭਾਵਾਂ ਦਾ ਗ੍ਰਹਿਣ ਕਰਨਾ ਵੀ ਕੁਦਰਤੀ ਹੈ। ਮਨੁੱਖ ਦਾ ਮਨ ਵੀ ਚਾਅ ਅਤੇ ਖੇੜੇ ਨਾਲ ਭਰਿਆ ਨਜ਼ਰ ਆਉਂਦਾ ਹੈ। ਬਾਰਹਮਾਹ ਦੇ ਅੰਦਰ ਸੰਤ ਮਹਾਰਾਜ ਵਲੋਂ ਦੱਸਿਆ ਗਿਆ ਕਿ ਕਿਵੇਂ ਇਹ ਮਨੁੱਖ ਜਨਮਾਂ-ਜਨਮਾਂ ਤੋਂ ਜੂਨੀਆਂ ਵਿਚ ਭਟਕਦਾ ਹੈ ਅਤੇ ਵੱਡੇ ਭਾਗਾਂ ਨਾਲ ਮਨੁੱਖਾ ਦੇਹੀ ਪ੍ਰਾਪਤ ਹੋ ਜਾਂਦੀ ਹੈ। ਫਿਰ ਸਮਰੱਥ ਗੁਰੂ ਅਤੇ ਪੂਰਨ ਸੰਤਾਂ-ਮਹਾਂਪੁਰਸ਼ਾਂ ਨੂੰ ਮਿਲ ਕੇ ਸੇਵਾ-ਸਿਮਰਨ ਕਰਕੇ ਆਪਣੇ ਉਸ ਲਕਸ਼ ਨੂੰ ਪੂਰਾ ਕੀਤਾ ਜਾ ਸਕਦਾ ਹੈ ਜਿਸ ਲਈ ਇਹ ਜੀਵ ਨੂੰ ਜਨਮ ਮਿਲਿਆ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - ੧੨*

ਕਿਰਤ ਕਰਮ ਕਰਕੇ ਵਿਛੜੇ ਜੀਵ ਨੂੰ ਸਮਰੱਥ ਗੁਰੂ ਦਾ ਮਿਲਾਪ ਹੋ ਜਾਂਦਾ ਹੈ। ਸਮਰੱਥ ਗੁਰੂ ਇਸ ਨੂੰ ਜੀਵ ਭਾਵ ਤੋਂ ਚੁੱਕ ਕੇ ਪ੍ਰਮੇਸ਼ਰ ਵਿਚ ਅਭੇਦ ਕਰ ਦਿੰਦੇ ਹਨ। ਸੋ ਇਸ ਦਾ ਅੰਦਰ ਵੀ ਚਾਅ ਅਤੇ ਖੇੜੇ ਨਾਲ ਭਰ ਜਾਂਦਾ ਹੈ। ਜੀਵ ਦਾ ਸਮੁੱਚਾ ਰਹਿੰਦਾ ਜੀਵਨ ਅਨੰਦਮਈ ਹੋ ਜਾਂਦਾ ਹੈ। ਜਿਸ ਬਾਰੇ ਕਥਨ ਹੈ ਕਿ 'ਸਦਾ ਦੀਵਾਲੀ ਸਾਧ ਕੀ ਅੱਠੇ ਪਹਿਰ ਬਸੰਤ' ਭਾਵ ਰੱਬ ਦੇ ਪਿਆਰਿਆਂ ਅੰਦਰ ਸਦਾ ਹੀ ਚਾਨਣਾ ਹੁੰਦਾ ਹੈ, ਰੋਸ਼ਨੀ ਹੁੰਦੀ ਹੈ ਉਹ ਗੁਰਬਾਣੀ ਦੀ ਰੋਸ਼ਨੀ ਵਿਚ ਜੀਵਨ ਬਤੀਤ ਕਰਦੇ ਹਨ -

*ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥*
*ਅੰਗ - ੬੭*

ਸਤਿ ਤੇ ਅਸਤਿ ਦੀ ਸੋਝੀ ਹੁੰਦੀ ਹੈ। ਉਹ ਆਪ ਰੋਸ਼ਨੀ ਵਿਚ ਜਿਉਂਦੇ ਹਨ ਅਤੇ ਦੂਜਿਆਂ ਲਈ ਵੀ light house (ਚਾਨਣ ਮੁਨਾਰਾ) ਬਣ ਕੇ ਰੂਹਾਨੀਅਤ ਦੇ ਰਸਤੇ ਤੇ ਤੋਰਦੇ ਹਨ। ਦੂਸਰਾ ਹੈ 'ਅੱਠੇ ਪਹਿਰ ਬਸੰਤ' ਦਾ ਭਾਵ ਖੇੜਾ। ਉਨ੍ਹਾਂ ਅੰਦਰ ਨਾਮ ਦੀ ਰੌਂ ਰੁਮਕਦੀ ਹੈ। ਉਹ ਰੱਬੀ ਪਿਆਰ ਵਿਚ ਜਿਉਂਦੇ ਹਨ -

*ਨਾਨਕ ਭਗਤਾ ਸਦਾ ਵਿਗਾਸੁ॥* *ਅੰਗ - ੨*

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*
*ਅੰਗ - ੯੧੭*

ਉਹ ਉਸ ਅਗੰਮੀ ਆਨੰਦ ਵਿਚ ਸਰਸ਼ਾਰ ਹੁੰਦੇ ਹਨ ਜੋ ਗੁਰੂ ਦੀ ਭਗਤੀ ਅਤੇ ਸ਼ਕਤੀ ਵਿਚੋਂ ਮਿਲਦਾ ਹੈ ਉਸ ਖੇੜੇ ਦੇ ਅੰਦਰ ਭਾਵੇਂ ਸਿਰਾਂ 'ਤੇ ਆਰੇ ਚੱਲਣ, ਭਾਵੇਂ ਸਵਾ-ਸਵਾ ਲੱਖ ਨਾਲ ਇਕ ਲੜੇ, ਰੰਬੀਆਂ ਨਾਲ ਖੋਪਰੀਆਂ ਲਹਿ ਜਾਣ, ਭਾਵੇਂ ਬੰਦ-ਬੰਦ ਕੱਟੇ ਜਾਣ, ਰੂੰ ਵਿਚ ਬੰਨ੍ਹ ਕੇ ਸਾੜੇ ਜਾਣ, ਦੇਗ ਵਿਚ ਉਬਾਲੇ ਜਾਣ, ਚਰਖੜੀਆਂ ਤੇ ਚੜ੍ਹਣ, ਤੂੰਬਾ-ਤੂੰਬਾ ਕਰ ਦਿਤੇ ਜਾਣ ਤਾਂ ਵੀ ਉਨ੍ਹਾਂ ਦੇ ਅੰਦਰੋਂ ਆਵਾਜ਼ ਆਉਂਦੀ ਹੈ ਕਿ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥* *ਅੰਗ - ੧੩੬੫*

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥*

*ਅੰਗ - ੧੩੬੭*

ਕਿਉਂਕਿ ਉਨ੍ਹਾਂ ਨੇ ਜਿਉਂਦੇ ਜੀਅ ਨਾਮ ਬਾਣੀ ਨਾਲ ਜੁੜ ਕੇ ਦੇਹ ਅਧਿਆਸ ਖਤਮ ਕਰ ਲਿਆ ਹੁੰਦਾ ਹੈ। ਤਾਹੀਂਉ ਹਰ ਗੁਰਸਿਖ ਸਵੇਰੇ ਸ਼ਾਮੀ ਨਿਤਨੇਮ ਉਪਰੰਤ ਅਰਦਾਸ ਵਿਚ ਜੁੜਦਾ ਹੋਇਆ ਤਰਲਾ ਲੈਂਦਾ ਹੈ ਕਿ ਸੱਚੇ ਪਾਤਸ਼ਾਹ! 'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ।' ਸੋ ਉਹ ਹਨ ਰੱਬ ਦੇ ਪਿਆਰੇ, ਸੰਤ

ਮਹਾਂਪੁਰਸ਼, ਗੁਰਸਿੱਖ, ਗੁਰਮਖ, ਸਾਧੂ, ਮਹਾਤਮਾ; ਜਿਨ੍ਹਾਂ ਨੂੰ ਮਿਲ ਕੇ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ - ੫੨੦*

ਰੱਬੀ ਪਿਆਰ ਦੀ ਰੌ ਰੁਮਕਣ ਲਗ ਜਾਂਦੀ ਹੈ। ਜਨਮਾਂ-ਜਨਮਾਂ ਦੀ ਲੱਗੀ ਮਨ ਦੀ ਮੈਲ ਦੂਰ ਹੋ ਜਾਂਦੀ ਹੈ। ਉਹ ਸਾਧੂ-ਸੰਤ-ਮਹਾਤਮਾ ਇਸ ਨੂੰ ਸਮਰੱਥ ਗੁਰੂ ਨਾਲ ਜੋੜ ਕੇ ਆਪੇ ਦੀ ਸੋਝੀ ਬਖਸ਼ ਦਿੰਦੇ ਹਨ ਕਿ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ - ੪੪੧*

ਸੋ ਇਸ ਕਾਰਜ ਲਈ ਰਤਵਾੜਾ ਸਾਹਿਬ ਦੇ ਪਿਆਰੇ ਮਹਾਂਪੁਰਸ਼ ਸੰਤ ਮਹਾਰਾਜ ਅਤੇ ਸਤਿਕਾਰਯੋਗ ਮਾਤਾ ਜੀ ਸਾਰਾ ਜੀਵਨ ਗਤੀਸ਼ੀਲ ਅਤੇ ਤਤਪਰ ਰਹੇ। ਹੁਣ ਵੀ ਉਨ੍ਹਾਂ ਵਲੋਂ ਮਿਲੀਆਂ ਅਸੀਸਾਂ ਸਦਕਾ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਟਰੱਸਟ ਮੈਂਬਰ ਅਤੇ ਸੇਵਾਦਾਰ ਸੰਗਤਾਂ ਦੀ ਸੇਵਾ ਵਿਚ ਜੁਟੇ ਹੋਏ ਹਨ। ਪਰਉਪਕਾਰੀ ਕਾਰਜਾਂ ਦੀ ਗਤੀਸ਼ੀਲਤਾ ਵਿਚ ਦਿਨ ਰਾਤ ਧਾਰਮਿਕ ਦੀਵਾਨਾਂ ਦੇ ਰੂਪ ਵਿਚ, ਫਰੀ ਹਸਪਤਾਲ ਰਾਹੀਂ, ਫਰੀ ਸਿਲਾਈ ਕਢਾਈ ਸੈਂਟਰ ਰਾਹੀਂ, ਸਕੂਲਾਂ ਕਾਲਜਾਂ, ਬਿਰਧ ਆਸ਼ਰਮ ਰਾਹੀਂ ਅਤੇ ਹੋਰ ਅਨੇਕਾਂ ਲੋੜਵੰਦਾਂ ਦੀ ਸਹਾਇਤਾ ਰਾਹੀਂ ਸਮੂੰਹ ਟਰੱਸਟ ਸੰਗਤਾਂ ਦੀ ਸੇਵਾ ਵਿਚ ਜੁਟਿਆ ਹੋਇਆ ਹੈ। ਵਿਸ਼ੇਸ਼ ਤੌਰ 'ਤੇ ਆਤਮ ਮਾਰਗ ਹਰ ਮਹੀਨੇ ਆਪ ਜੀ ਦੇ ਜੀਵਨ ਅੰਦਰ ਨਵੀਂ ਰੌ, ਨਵਾਂ ਖੇੜਾ ਅਤੇ ਨਵੀਆਂ ਕਿਰਨਾਂ ਦੇਣ ਲਈ ਆਪ ਜੀ ਦੇ ਹਸਤ ਕਮਲਾਂ ਵਿਚ ਪਹੁੰਚਦਾ ਹੈ ਤਾਂ ਜੋ ਹਰ ਪਾਠਕ ਦਾ ਜੀਵਨ ਵੀ ਖੁਸ਼ੀਆਂ ਖੇੜਿਆਂ ਨਾਲ ਸਰਸ਼ਾਰ ਹੋ ਜਾਵੇ। ਆਤਮ ਮਾਰਗ 'ਤੇ ਚਲਦਿਆਂ ਸੱਚ ਦੇ ਪਾਂਧੀ ਬਣ ਸਕੀਏ ਜਿਸ ਦਾ ਜ਼ਿਕਰ ਗੁਰਬਾਣੀ ਵਿਚ ਇਸ ਤਰ੍ਹਾਂ ਹੈ -

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*

*ਅੰਗ - ੧੩੬*

ਲੋਕ ਅਤੇ ਪਰਲੋਕ ਦੇ ਸੁਖਾਂ ਦੇ ਭਾਗੀਦਾਰ ਬਣੀਏ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੮੩*

ਇਹੋ ਹੀ ਆਤਮ ਮਾਰਗ 'ਤੇ ਚੱਲਣ ਵਾਲਿਆਂ ਦੀ ਮੰਜ਼ਿਲ ਹੈ। ਆਤਮ-ਮਾਰਗ ਵਿਚ ਹਰ ਮਹੀਨੇ, ਗੁਰਮਤਿ ਦੇ ਗੂੜ੍ਹ ਸਿਧਾਂਤਾਂ ਤੇ ਅਧਾਰਿਤ ਸੌਖੀ ਸ਼ੈਲੀ ਵਿਚ ਵੱਖ-ਵੱਖ ਲੇਖਾਂ ਰਾਹੀਂ ਸਮੱਗਰੀ ਪ੍ਰਸਾਰਿਤ ਕੀਤੀ ਜਾਂਦੀ ਹੈ ਤਾਂ ਜੋ ਹਰ ਪੜ੍ਹਨ ਵਾਲੇ ਪਾਠਕ ਨੂੰ ਰੱਬੀ ਪਿਆਰ ਅਤੇ ਵੈਰਾਗ ਦੀ ਛੋਹ ਪ੍ਰਾਪਤ ਹੋ ਸਕੇ। ਇਸ ਵਾਰੀ ਵੀ ਸੰਤ ਮਹਾਰਾਜ ਵਲੋਂ 'ਬਾਰਹਮਾਹ' ਦੇ ਸੁਖੈਨ ਅਰਥਾਂ ਤੋਂ ਸ਼ੁਰੂ ਹੋ ਕੇ ਅਨੇਕਾਂ ਰੂਹਾਨੀ ਗਿਆਨ ਨਾਲ ਭਰਪੂਰ ਲੇਖ ਦਿਤੇ ਜਾ ਰਹੇ ਹਨ। ਕਈ ਪ੍ਰਸੰਗ ਲਗਾਤਾਰ ਲੜੀ ਵਾਰ ਛਪ ਰਹੇ ਹਨ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਭਾਈ ਡੱਲੇ ਵਾਲੇ ਲੇਖ ਵਿਚ ਸੰਤ ਮਹਾਰਾਜ ਆਪਣੇ ਪ੍ਰਵਚਨਾਂ ਵਿਚ ਫੁਰਮਾ ਰਹੇ ਹਨ ਕਿ ਪ੍ਰਮੇਸ਼ਰ ਦੇ ਹੁਕਮ ਵਿਚ ਸਾਰਾ ਕੁਝ ਵਾਪਰਦਾ ਹੈ ਪਰ ਗੁਰਸਿੱਖ ਕੋਲ ਇਕ 'ਅਰਦਾਸ' ਦੀ ਵੀਟੋ ਪਾਵਰ ਹੈ ਜਿਸ ਦੇ ਵਰਤਣ ਨਾਲ ਪ੍ਰਮੇਸ਼ਰ ਵਲੋਂ ਮਾੜੇ ਕਰਮ ਕੱਟ ਕੇ ਸੂਲੀ ਤੋਂ ਸੂਲ ਵਿਚ ਬਦਲ ਦਿਤਾ ਜਾਂਦਾ ਹੈ। ਰੱਬ ਦੇ ਪਿਆਰਿਆਂ, ਸੰਤਾਂ ਮਹਾਂਪੁਰਸ਼ਾਂ ਦੀ ਗੱਲ ਜੋ ਵੀ ਉਹ ਕਰ ਦੇਣ ਪ੍ਰਮੇਸ਼ਰ ਵਾਹਿਗੁਰੂ ਜੀ ਮੰਨਦੇ ਹਨ।

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ਅੰਗ - ੧੨੫੩*

*ਦਾਸ ਅਨਿੰਨ ਮੇਰੋ ਨਿਜ ਰੂਪ ॥ ਅੰਗ - ੧੨੫੩*

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥ ਅੰਗ - ੭੪੮*

ਇਸ ਲੇਖ ਵਿਚ ਆਏ ਇਤਿਹਾਸਕ ਪ੍ਰਸੰਗਾਂ ਦੇ ਬਚਨਾਂ ਨੂੰ ਪੜ੍ਹ ਕੇ ਹਿਰਦੇ ਵਿਚ ਗੁਰੂ ਪ੍ਰਤੀ ਸੱਚੇ ਪਿਆਰ ਦੀ ਸੋਝੀ ਮਿਲਦੀ ਹੈ ਕਿ ਕਿਵੇਂ ਮਰਜੀਵੜੇ ਸਿੱਖਾਂ ਨੇ ਸਿੱਖੀ ਨੂੰ ਕਮਾਇਆ ਤੇ ਕੱਚਿਆਂ ਨੇ ਕਿਵੇਂ ਸਮੇਂ-ਸਮੇਂ 'ਤੇ ਸਾਥ ਛੱਡਿਆ। ਗੁਰੂ ਤੋਂ ਬੇਮੁਖ ਹੋ ਕੇ ਭਟਕ-ਭਟਕ ਕੇ ਖਤਮ ਹੋਏ। ਪਰ ਸੱਚਾ ਪਿਆਰ ਕਰਨ ਵਾਲਿਆਂ ਨੇ ਦੁਨੀਆਂ, ਘਰ-ਬਾਰ ਦੀ ਪ੍ਰਵਾਹ ਕੀਤੇ ਬਿਨਾਂ ਸਰਬੰਸ ਦਾਨੀ ਗੁਰੂ ਮਹਾਰਾਜ ਦਾ ਸਾਥ ਦਿਤਾ ਅਤੇ ਰੱਜ-ਰੱਜ ਕੇ ਉਨ੍ਹਾਂ ਤੋਂ ਬਖਸ਼ਿਸ਼ਾਂ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥਾਂ ਦੀ ਲੜੀ ਵਿਚ ਅਤੀ ਸਤਿਕਾਰਯੋਗ ਸਿੱਖ ਕੌਮ ਦੇ ਪ੍ਰਸਿੱਧ ਵਿਦਵਾਨ ਸੰਤ ਹਰੀ ਸਿੰਘ ਜੀ ਰੰਧਾਵੇ ਵਾਲਿਆਂ ਵਲੋਂ 'ਜਪੁਜੀ ਸਾਹਿਬ' ਦੇ ਅਰਥ ਚਲ ਰਹੇ ਹਨ ਜੋ ਕਿ ਸਾਡੇ ਗਿਆਨ ਵਿਚ ਵਾਧਾ ਕਰਨ ਦੇ ਸਮਰੱਥ ਹਨ। ਇਸੇ ਤਰ੍ਹਾਂ ਡਾ. ਸਵਾਮੀ ਰਾਮ ਜੀ ਦਾ ਲੇਖ ਅਨੁਵਾਦਿਤ ਡਾ. ਤੇਜਿੰਦਰ ਮਲਹੋਤਰਾ ਵਲੋਂ 'ਉਤਸ਼ਾਹ ਭਰਪੂਰ ਸਹਿਜ ਮਾਰਗ' ਵਿਚ ਸਰੀਰਕ ਅਤੇ ਮਾਨਸਿਕ ਰੋਗਾਂ ਦਾ ਇਲਾਜ ਸੂਰਜ ਦੀ ਰੋਸ਼ਨੀ ਅਤੇ ਨਿੱਘ ਤੋਂ ਕਿਵੇਂ ਹੋ ਹੁੰਦਾ ਹੈ। ਇਸ 'ਸੂਰਜੀ ਸਿਧਾਂਤ' ਚਿਕਤਿਸਾ ਪ੍ਰਣਾਲੀ ਦਾ ਵੇਰਵਾ ਦਿਤਾ ਗਿਆ ਹੈ ਜਿਸ ਤੋਂ ਆਮ ਮਨੁੱਖ ਅਣਜਾਣ ਹੈ ਕਿ ਸੂਰਜ ਦੀ ਧੁੱਪ ਅਤੇ ਰੋਸ਼ਨੀ ਵਿਚ ਕਿੰਨੀ ਸ਼ਕਤੀ ਹੈ ਜੋ ਸਾਡੇ ਸਰੀਰ ਅਤੇ ਸਮੁੱਚੀ ਬਨਸਪਤੀ ਲਈ ਬਹੁਤ ਹੀ ਫਾਇਦੇਵੰਦ ਹੈ। ਬੱਚਿਆਂ ਦੇ ਭਵਿੱਖ ਨੂੰ ਉਜਵਲ ਬਣਾਉਣ, ਮਿਆਰੀ ਸਿੱਖਿਆ ਦੇਣ ਲਈ ਮਹਾਂਪੁਰਸ਼ਾਂ ਵਲੋਂ ਰਤਵਾੜਾ ਸਾਹਿਬ ਵਿਖੇ ਦੋ ਸਕੂਲ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚ ਅਗਲੇ ਸੈਸ਼ਨ ਲਈ ਦਾਖਲਾ ਸ਼ੁਰੂ ਹੋ ਚੁੱਕਿਆ ਹੈ। ਇਸ ਵਾਰੀ ਸੰਖੇਪ ਵਿਚ ਸਕੂਲਾਂ ਦੀਆਂ ਪ੍ਰਾਪਤੀਆਂ, ਬੱਚਿਆਂ ਵਲੋਂ ਧਾਰਮਿਕ ਖੇਡਾਂ ਅਤੇ ਹੋਰ ਵੱਖ-ਵੱਖ ਖੇਤਰਾਂ ਵਿਚ ਮਾਰੀਆਂ ਮੱਲਾਂ ਦਾ ਸੰਖੇਪ ਵੇਰਵਾ ਆਪ ਜੀ ਦੀ ਜਾਣਕਾਰੀ ਲਈ ਦਿਤਾ ਜਾ ਰਿਹਾ ਹੈ। ਆਪਣੀ ਵਿਰਾਸਤ ਦੇ ਫਖਰ ਨੂੰ ਯਾਦਾਸ਼ਤ ਵਿਚ ਸੁਰਜੀਤ ਰੱਖਣਾ ਹਰ ਗੁਰਸਿੱਖ ਦਾ ਫਰਜ਼ ਹੈ। ਸੋ ਫਰਵਰੀ ਮਹੀਨੇ ਵਿਚ ਆਉਣ ਵਾਲੇ ਇਤਿਹਾਸਿਕ ਦਿਹਾੜਿਆ ਦੇ

*(ਬਾਕੀ ਪੰਨਾ 53 'ਤੇ)*

# ਫਲਗੁਣਿ ਅਨੰਦ ਉਪਾਰਜਨਾ

**(ਫਲਗੁਣਿ ਮਹੀਨੇ ਦੀ ਸੰਗਰਾਂਦ : 13 ਫਰਵਰੀ, ਦਿਨ ਸ਼ੁਕਰਵਾਰ)**

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*
*ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*
*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥*
*ਅੰਗ - 136*

ਵਾਹਿਗੁਰੂ ਜੀ ਨੇ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ। ਸ਼ਬਦ ਤੋਂ ਪਸਾਰਾ ਹੋਇਆ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥ ਅੰਗ - 3*

ਜੋ ਕੁਝ ਵੀ ਅਸੀਂ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਾਂ ਉਹ ਸਾਰਾ ਪਸਾਰਾ ਗੁਰਮਤਿ ਅਨੁਸਾਰ ਇਕ ਸ਼ਬਦ ਤੋਂ ਵਜੂਦ ਵਿਚ ਆਇਆ-

*ਏਕ ਕਵਾਵੈ ਤੇ ਸਭਿ ਹੋਆ॥*
*ਕਰਣੈਹਾਰਾ ਬੂਝਹੁ ਰੇ॥ ਅੰਗ - 1003*

ਹੁਕਮ ਦੀ ਕ੍ਰਿਆ ਤੋਂ ਆਕਾਰ ਬਣ ਗਏ, ਅਨੇਕ ਜੀਵ ਜੰਤੂ, ਜੂਨਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨੀ ਸਭ ਤੋਂ ਉਤਮ ਹੈ। ਜਿਉਂ-ਜਿਉਂ ਮਨੁੱਖ ਚੇਤਨਾ ਵਿਚ ਵਧਦਾ ਗਿਆ, ਸੂਝ ਵਧਦੀ ਗਈ। ਇਹ ਸਾਰੀਆਂ ਜੂਨਾਂ ਇਕ ਗੋਲ ਚੱਕਰ ਦੀ ਸ਼ਕਲ ਵਿਚ ਚੱਕਰ ਤੇ ਚੜ੍ਹੀਆਂ ਘੁੰਮਣ ਲੱਗੀਆਂ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ ਤਿਉਂ-ਤਿਉਂ ਇਹ ਪੂਰਨ ਚੇਤਨਾ ਦੇ ਗੇੜੇ ਉਸ ਚੱਕਰ ਤੇ ਚੜ੍ਹੀਆਂ, ਆਹਿਸਤਾ-ਆਹਿਸਤਾ ਘੁੰਮਦੀਆਂ ਅੱਗੇ ਵਧਦੀਆਂ ਗਈਆਂ ਅਤੇ ਕ੍ਰਮਵਾਰ ਮਨੁੱਖ ਸ਼੍ਰੇਣੀ ਵਿਚ ਦਾਖਲ ਹੁੰਦੀਆਂ ਰਹੀਆਂ-

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176*

ਮਨੁੱਖ ਦੀ ਦੇਹ ਕ੍ਰੋੜਾਂ ਸਾਲਾਂ ਦਾ ਇੰਤਜ਼ਾਰ ਕਰਨ ਪਿਛੋਂ ਪ੍ਰਾਪਤ ਹੋਈ। ਇਸ ਦਾ ਮੁੱਖ ਮੰਤਵ ਗੁਰੂ ਮਹਾਰਾਜ ਜੀ ਨੇ ਬਹੁਤ ਸਪਸ਼ਟ ਕਰਕੇ ਦੱਸਿਆ ਹੈ। ਉਹ ਇਹ ਹੈ ਕਿ ਇਸ ਸਰੀਰ ਦੇ ਅੰਦਰ ਵਾਹਿਗੁਰੂ ਜੀ ਆਪ ਵਸਦੇ ਹਨ। ਸਮਰੱਥ ਸਤਿਗੁਰੂ ਅਤੇ ਪੂਰਨ ਮਹਾਂਪੁਰਸ਼ਾਂ ਨੂੰ ਮਿਲ ਕੇ ਵਾਹਿਗੁਰੂ ਜੀ ਦੇ ਦਰ ਤੱਕ ਪਹੁੰਚਣਾ ਹੈ ਪਰ ਹੋਇਆ ਕੀ, ਇਹ ਮਨੁੱਖ ਮਾਇਆ ਦੇ ਛਲ ਵਿਚ ਆ ਗਿਆ ਅਤੇ ਉਸਦੀਆਂ ਪ੍ਰਬਲ ਸ਼ਕਤੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ ਵਰਗੇ ਵਿਸ਼ਿਆਂ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਵਰਗੇ ਠੱਗਾਂ ਦੇ ਧੱਕੇ ਚੜ੍ਹ ਗਿਆ; ਆਸਾ, ਅੰਦੇਸਾ ਦੇ ਜਾਲ ਵਿਚ ਫਸ ਗਿਆ। ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਵਿਚ ਜਲਣ ਲੱਗਿਆ, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ ਦੀਆਂ ਪ੍ਰਬਲ ਸ਼ਕਤੀਆਂ ਦੇ ਅਸਰ ਵਿਚ ਫਸਿਆ ਆਪਣੇ ਜੀਵਨ ਦਾ ਸਮਾਂ ਵਿਅਰਥ ਗੁਆ ਲਿਆ। ਇਸ ਜੀਵ ਅੰਦਰ ਹਉਮੈ ਤੱਤ ਉਭਰ ਕੇ ਪੂਰੇ ਜੋਬਨ ਨਾਲ ਇਸਦੀ ਸੋਝੀ ਨੂੰ ਦੂਸ਼ਿਤ ਕਰਦਾ ਰਿਹਾ, ਇਸ ਜੀਵ ਨੇ ਕਰਮ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਸੋਝੀ ਵਿਚ ਧਾਰਨ ਕਰ ਲਿਆ ਕਿ ਇਹ ਸਾਰੇ ਕੰਮ ਮੈਂ ਕੀਤੇ ਹਨ। 'ਮੈਂ' ਦੇ ਭਾਵ ਨਾਲ ਕਰਮਾਂ ਦਾ ਚੱਕਰ ਇਸ ਦੇ ਦੁਆਲੇ ਚਿੰਬੜ ਗਿਆ ਅਤੇ ਇਹ ਕਰਮ ਜਾਲ ਵਿਚ ਫਸ ਗਿਆ। ਇਸ ਕਿਰਤ ਕਰਮ ਨੇ ਪ੍ਰਭੂ ਜੋਤ ਨੂੰ ਭੁਲਾ ਦਿਤਾ ਅਤੇ ਮੁੜ ਕੇ ਇਹ ਪਤਨ ਵਲ ਨੂੰ ਉਸੇ ਕਾਲ ਚੱਕਰ ਤੇ ਘੁੰਮਣ ਲਗਿਆ। ਹੌਲੀ-ਹੌਲੀ ਫੇਰ ਮਾਨਸ ਦੇਹ ਪ੍ਰਾਪਤ ਕਰਨ ਦੇ chance (ਅਵਸਰ) ਦੇ ਨੇੜੇ ਆਉਣ ਲੱਗਿਆ ਪਰ ਫੇਰ ਮਨੁੱਖ ਬਣ ਕੇ ਉਸੇ ਦ੍ਵੈਤ ਚੱਕਰ ਵਿਚ ਗ੍ਰਸਤ ਹੋ ਗਿਆ। ਇਹ ਸਾਡੀ ਦਸ਼ਾ ਹੈ ਜਿਸ ਵਿਚ ਪ੍ਰਵਿਰਤ ਹੋਏ-ਹੋਏ ਅਸੀਂ ਬਾਨੀ ਦੀ ਸਤਿ

ਅਵਾਜ਼ ਨੂੰ ਅੰਦਰ ਸੁਣ ਨਹੀਂ ਰਹੇ ਜੋ ਬਾਰ-ਬਾਰ ਇਹ ਕਹਿ ਰਹੀ ਹੈ-

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅੰਗ - 12***

ਬਾਣੀ ਦੱਸ ਰਹੀ ਹੈ ਕਿ ਤੇਰੀ ਵਾਰੀ ਆ ਗਈ, ਤੂੰ ਸਾਵਧਾਨ ਹੋ। ਜਿਹੜੇ ਕੰਮਾਂ ਵਿਚ ਤੂੰ ਰੁਝਿਆ ਹੈਂ ਇਹ ਤੇਰੀ ਮਦਦ ਕਰਨ ਲਈ ਨਾਲ ਨਹੀਂ ਜਾਣੇ। ਤੈਨੂੰ ਅਸੀਂ ਬਹੁਤ ਹੀ ਪਿਆਰ ਨਾਲ ਸਲਾਹ ਦਿੰਦੇ ਹਾਂ, ਉਹਨੂੰ ਸੁਣ -

***ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥ ੧ ॥***
***ਅਉਧ ਘਟੈ ਦਿਨਸੁ ਰੈਨਾਰੇ ॥***
***ਮਨ ਗੁਰ ਮਿਲਿ ਕਾਜ ਸਵਾਰੇ ॥ ੧ ॥ ਰਹਾਉ ॥***
***ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥***
***ਜਿਸਹਿ ਜਗਾਇ ਪੀਆਵੈ ਇਹੁ ਰਸੁ***
***ਅਕਥ ਕਥਾ ਤਿਨਿ ਜਾਨੀ ॥ ੨ ॥***
***ਜਾ ਕਉ ਆਏ ਸੋਈ ਬਿਹਾਝਹੁ***
***ਹਰਿ ਗੁਰ ਤੇ ਮਨਹਿ ਬਸੇਰਾ ॥***
***ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ***
***ਬਹੁਰਿ ਨ ਹੋਇਗੋ ਫੇਰਾ ॥***
***ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥***
***ਨਾਨਕੁ ਦਾਸੁ ਇਹੈ ਸੁਖੁ ਮਾਗੈ***
***ਮੋਕਉ ਕਰਿ ਸੰਤਨ ਕੀ ਧੂਰੇ ॥ ੪ ॥ ੩ ॥***
***(ਸੋਹਿਲਾ ਜੀ ਦੀ ਬਾਣੀ)***

ਅਤੇ ਜਿਨ੍ਹਾਂ ਕੰਮਾਂ ਵਿਚ ਅਸੀਂ ਰੁਝੇ ਹਾਂ ਉਨ੍ਹਾਂ ਦੀ ਅਸਾਰਤਾ ਦਰਸਾਉਂਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਇਹ ਮਹਿਲ ਮਾੜੀਆਂ ਜਿਨ੍ਹਾਂ ਵਿਚ ਤੂੰ ਖਚਿਤ ਹੋਇਆ-ਹੋਇਆ ਹੈਂ, ਇਹ ਕੁਝ ਵੀ ਨਹੀਂ, ਕੇਵਲ ਮਿਟੀ ਦੀਆਂ ਢੇਰੀਆਂ ਹਨ। ਮਾਇਆ ਕਮਾਉਣ ਦੇ ਚੱਕਰ ਵਿਚ ਪਿਆ ਹੋਇਆ ਤੂੰ ਗਫਲਤ ਕਰ ਰਿਹਾ ਹੈਂ ਤੇ ਤੇਰਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਇਹ ਸਮਾਂ ਬਾਰ-ਬਾਰ ਨਹੀਂ ਆਉਣਾ -

***ਕਬੀਰ ਮਾਨਸ ਜਨਮੁ ਦੁਲੰਭੁ ਹੈ***
***ਹੋਇ ਨ ਬਾਰੈ ਬਾਰ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ***
***ਬਹੁਰਿ ਨ ਲਾਗਹਿ ਡਾਰ॥ ਅੰਗ - 1366***

ਇਸ ਤਰ੍ਹਾਂ ਦੀਆਂ ਘੁਮੇਟਣੀਆਂ ਖਾਂਦੇ ਨੂੰ ਜੁਗਾਂ ਦੇ ਜੁਗ ਬਤੀਤ ਹੋ ਗਏ। ਕ੍ਰੋੜਾਂ ਸਾਲ ਲੰਘ ਗਏ। ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ॥ ਅੰਗ - 631***

***ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥***
***ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥***
***ਅੰਗ - 1380***

***ਤੁਰੇ ਪਲਾਣੇ ਪਉਣ ਵੇਗ***
***ਹਰ ਰੰਗੀ ਹਰਮ ਸਵਾਰਿਆ॥***
***ਕੋਠੇ ਮੰਡਪ ਮਾੜੀਆ***
***ਲਾਇ ਬੈਠੇ ਕਰਿ ਪਾਸਾਰਿਆ॥***
***ਚੀਜ ਕਰਨਿ ਮਨਿ ਭਾਵਦੇ***
***ਹਰਿ ਬੁਝਨਿ ਨਾਹੀ ਹਾਰਿਆ॥***
***ਕਰਿ ਫੁਰਮਾਇਸਿ ਖਾਇਆ***
***ਵੇਖਿ ਮਹਲਤਿ ਮਰਣੁ ਵਿਸਾਰਿਆ॥***
***ਜਰੁ ਆਈ ਜੋਬਨਿ ਹਾਰਿਆ॥ ਅੰਗ - 472***

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੈਨੂੰ ਬਹੁਤ ਮੁਸ਼ਕਲਾਂ ਦੇ ਨਾਲ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ। ਇਹ ਕੇਵਲ ਪ੍ਰਭੂ ਨੂੰ ਮਿਲਣ ਵਾਸਤੇ ਹੈ। ਤੂੰ ਬਹੁਤ ਦੁਖਾਂ ਦੇ ਵਿਚ ਪਿਆ ਹੋਇਆ ਮਾਇਆ ਦੀ ਪਕੜ ਵਿਚ ਆ ਕੇ ਘੁੰਮ ਰਿਹਾ ਹੈਂ। ਐ ਜੀਵ! ਤੂੰ ਉਨ੍ਹਾਂ ਪੁਰਸ਼ਾਂ ਦੀ ਸੰਗਤ ਵਿਚ ਜਾਹ, ਜਿਨ੍ਹਾਂ ਨੇ ਵਾਹਿਗੁਰੂ ਜੀ ਨਾਲ ਮਿਲਾਪ ਕਰ ਲਿਆ ਹੈ ਜਿਨ੍ਹਾਂ ਨੂੰ ਇਕ ਸੁਆਸ ਭੀ ਪ੍ਰਭੂ ਨਹੀਂ ਵਿਸਰਦਾ, ਉਹ ਤੱਤ ਬੇਤੇ ਸੰਤ, ਗੁਰੂ ਤੈਨੂੰ ਪ੍ਰਭੂ ਦੇ ਨਾਲ ਮਿਲਾ ਦੇਣਗੇ -

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12***

ਸੋ ਗੁਰੂ ਮਹਾਰਾਜ ਜੀ ਮਾਝ ਰਾਗ ਦੇ ਬਾਰਾਮਾਹ ਵਿਚ ਹੋਰ ਸਪਸ਼ਟ ਕਰਦਿਆਂ ਹੋਇਆਂ ਫੁਰਮਾਨ ਕਰਦੇ ਹਨ -

***ਕਿਰਤਿ ਕਰਮ ਕੇ ਵੀਛੁੜੇ***
***ਕਰਿ ਕਿਰਪਾ ਮੇਲਹੁ ਰਾਮ॥***
***ਚਾਰਿ ਕੁੰਟ ਦਹ ਦਿਸ ਭ੍ਰਮੇ***
***ਥਕਿ ਆਏ ਪ੍ਰਭ ਕੀ ਸਾਮ॥ ਅੰਗ - 133***

ਸੰਤਾਂ ਨੂੰ ਮਿਲ ਕੇ ਨਾਮ ਦੀ ਸੋਝੀ ਆਉਂਦੀ ਹੈ -

***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥***
***ਅੰਗ - 133***

ਉਹ ਫੁਰਮਾਉਂਦੇ ਹਨ ਕਿ ਇਕ ਖਿਨ ਮਾਤਰ ਵੀ ਵਾਹਿਗੁਰੂ ਤੋਂ ਬਿਨਾਂ ਜਿਉਣਾ ਬਿਰਥਾ ਹੋਇਆ ਕਰਦਾ ਹੈ। ਜਿਹੜਾ ਇਸ ਪ੍ਰਭੂ ਨੂੰ ਨਹੀਂ ਮਿਲਦਾ ਉਸਨੂੰ ਕਿੰਨੇ ਕੁ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਗਦਾ ਕਿਉਂਕਿ ਸਾਰੇ ਕਲੇਸ਼, ਸਾਰੇ ਵਿਘਨ ਇਸ ਜੀਵ ਦੇ ਗਲ ਪੈ ਜਾਂਦੇ ਹਨ। ਅਵਿਦਿਆ, ਅਸਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼ ਵਰਗੇ ਕਲੇਸ਼ਾਂ ਵਿਚ ਪਿਆ ਜੀਵ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥***
***ਅੰਗ - 133***

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥ ਅੰਗ - 522***

ਬਾਰਾਮਾਹ ਇਸ ਜੀਵ ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ ਅਤੇ ਸੰਗਤ ਵਿਚ ਮਿਲ ਕੇ ਵਿਚਾਰ ਕਰਦਾ ਹੈ

ਕਿ ਅੱਜ ਸਾਲ ਦਾ ਇਕ ਚੱਕਰ ਪੂਰਾ ਕਰਕੇ ਆਖਰੀ ਪੜਾਅ ਤੇ ਪਹੁੰਚ ਚੁਕਿਆ ਹੈ। ਮਾਘ ਦੇ ਮਹੀਨੇ ਵਿਚ ਸੰਤਾਂ ਦੀ ਸੰਗਤ ਅਤੇ ਉਨ੍ਹਾਂ ਦੀ ਧੂੜੀ ਦਾ ਮਹਾਤਮ ਦਸਿਆ ਗਿਆ ਸੀ ਜਿਸ ਦੇ ਫਲਸਰੂਪ ਇਸ ਜੀਵ ਨੇ ਜੀਵਨ ਢਾਲਿਆ ਤੇ ਹੁਣ ਫਲਗੁਣ ਦੇ ਮਹੀਨੇ ਇਸ ਦੀ ਕ੍ਰੋੜਾਂ ਅਰਬਾਂ ਸਾਲਾਂ ਦੀ ਲੱਗੀ ਹੋਈ ਲੋਚਾ ਪੂਰੀ ਕਰ ਦਿਤੀ। ਵਾਹਿਗੁਰੂ ਜੀ ਪ੍ਰਗਟ ਹੋ ਗਏ, ਸੰਤਾਂ ਨੇ ਪੂਰੀ ਸਹਾਇਤਾ ਕੀਤੀ। ਇਸ ਤੋਂ ਪਹਿਲਾਂ ਵਾਹਿਗੁਰੂ ਜੀ ਰਹਿੰਦੇ ਕਿਥੇ ਸਨ? ਗੁਰਬਾਣੀ ਦੇ ਅੰਦਰ ਬਹੁਤ ਹੀ ਵਿਸਥਾਰ ਨਾਲ ਖੋਲ੍ਹ ਕੇ ਦੱਸਿਆ ਗਿਆ ਹੈ ਕਿ ਇਸ ਸਰੀਰ ਦੀ ਮਹੱਤਤਾ ਇਸੇ ਕਰਕੇ ਹੈ ਕਿ ਵਾਹਿਗੁਰੂ ਜੀ ਨੇ ਆਪਣਾ ਆਸਣ ਇਸ ਸਰੀਰ ਵਿਚ ਸਥਾਪਿਤ ਕੀਤਾ ਹੋਇਆ ਹੈ ਅਤੇ ਆਪਣੇ ਤੱਕ ਪਹੁੰਚਣ ਦਾ ਰਸਤਾ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ ਹੋਇਆ ਹੈ। ਉਹ ਸੰਸਾਰ ਦੇ ਭਲੇ ਲਈ ਘਾਲ ਕਮਾਈਆਂ ਕਰਕੇ ਜਗਿਆਸੂਆਂ ਨੂੰ ਦਸਦੇ ਰਹਿੰਦੇ ਹਨ ਕਿ ਇਸ ਸਰੀਰ ਦੇ ਨੌਂ ਦਰਵਾਜ਼ਿਆਂ ਵਿਚੋਂ ਕੋਈ ਵੀ ਦਰਵਾਜ਼ਾ ਵਾਹਿਗੁਰੂ ਜੀ ਵਲ ਨਹੀਂ ਖੁਲ੍ਹਦਾ। ਇਹ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹਨ। ਅੱਖੀਆਂ ਦੇਖ ਕੇ ਰਜਦੀਆਂ ਨਹੀਂ, ਕੰਨ ਗੀਤ ਅਤੇ ਨਾਦ ਸੁਣ-ਸੁਣ ਕੇ ਪਰਚੇ ਰਹਿੰਦੇ ਹਨ, ਜੀਭ ਅਨੇਕ ਕਿਸਮ ਦੇ ਸਵਾਦਾਂ ਵਿਚ ਪਰਚੀ ਰਹਿੰਦੀ ਹੈ। ਬਹੁਤ ਕਿਸਮ ਦੇ ਕੁ-ਰਸ ਮਾਣ ਕੇ ਨਿਤਾਣੀ ਬਣਦੀ ਜਾਂਦੀ ਹੈ, ਨੱਕ ਅਨੇਕ ਕਿਸਮ ਦੀਆਂ ਸੁਗੰਧੀਆਂ ਵਿਚ ਪਰਚਦਾ ਹੈ ਤੇ ਹੋਰ ਇੰਦ੍ਰੇ ਵਿਸ਼ੇ ਭੋਗਾਂ ਵਿਚ ਪਰਚੇ ਰਹਿੰਦੇ ਹਨ। ਇਹ ਸਾਰੇ ਵਾਹਿਗੁਰੂ ਜੀ ਨੂੰ ਮਿਲਾਉਣ ਵਾਸਤੇ ਜਦੋਂ ਤੱਕ ਸੋਧੇ ਨਾ ਜਾਣ, ਸਹਾਇਤਾ ਕਰਨ ਦੀ ਥਾਂ ਇਸ ਜੀਵ ਨੂੰ ਬੁਰੀ ਤਰ੍ਹਾਂ ਫਸਾ ਦਿੰਦੇ ਹਨ ਪਰ ਜਦੋਂ ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਜਾਵੇ ਤੇ ਇਸ ਜੀਵ ਨੂੰ ਸਮਰੱਥ ਗੁਰੂ ਦਾ ਮੰਤ੍ਰ ਪ੍ਰਾਪਤ ਹੋ ਜਾਵੇ ਤਾਂ ਇਹੀ ਇੰਦ੍ਰੇ ਸਹਾਇਤਾ ਕਰਦੇ ਹਨ। ਰਸਨਾ ਨਾਮ ਜਪਦੀ ਹੈ, ਸਰਵਣ ਹਰੀ ਦਾ ਜਸ ਸੁਣਦੇ ਹਨ ਜਿਸ ਦਾ ਫਲ ਕਈ ਕ੍ਰੋੜਾਂ ਜੱਗਾਂ ਤੋਂ ਵੱਧ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - 546***

ਨੇਤਰ ਪ੍ਰਭੂ ਪਿਆਰਿਆਂ ਦੇ ਦਰਸ਼ਨ ਕਰਕੇ, ਚਰਨ ਸਤਿਸੰਗ ਤੇ ਜਾਣ ਕਰਕੇ, ਹੱਥ ਸੇਵਾ ਕਰਕੇ, ਹਿਰਦਾ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਵਸਣ ਕਰਕੇ, ਮੱਥਾ ਸੰਤਾਂ ਦੀ ਧੂੜੀ ਨਾਲ ਛੁਹਾ ਕੇ ਪਵਿੱਤਰ ਹੋ ਜਾਂਦਾ ਹੈ -

***ਚਰਨਹ ਗੋਬਿੰਦ ਮਾਰਗੁ ਸੁਹਾਵਾ॥***
***ਆਨ ਮਾਰਗ ਜੇਤਾ ਕਿਛੁ ਧਾਈਐ***
***ਤੇਤੋ ਹੀ ਦੁਖੁ ਹਾਵਾ॥***
***ਨੇਤ੍ਰ ਪੁਨੀਤ ਭਏ ਦਰਸੁ ਪੇਖੇ***
***ਹਸਤ ਪੁਨੀਤ ਟਹਲਾਵਾ॥***
***ਰਿਦਾ ਪੁਨੀਤ ਰਿਦੈ ਹਰਿ ਬਸਿਓ***
***ਮਸਤ ਪੁਨੀਤ ਸੰਤ ਧੂਰਾਵਾ॥***
***ਸਰਬ ਨਿਧਾਨ ਨਾਮਿ ਹਰਿ ਹਰਿ ਕੈ***
***ਜਿਸੁ ਕਰਮਿ ਲਿਖਿਆ ਤਿਨਿ ਪਾਵਾ॥***
***ਜਨ ਨਾਨਕ ਕਉ ਗੁਰੁ ਪੂਰਾ ਭੇਟਿਓ***
***ਸੁਖਿ ਸਹਜੇ ਅਨਦ ਬਿਹਾਵਾ॥ ਅੰਗ - 1212***

ਗੁਰੂ ਮਹਾਰਾਜ ਜੀ ਵਾਹਿਗੁਰੂ ਜੀ ਦੇ ਟਿਕਾਣੇ ਬਾਰੇ ਫੁਰਮਾਨ ਕਰਦੇ ਹਨ -

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ॥***
***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ॥ ਅੰਗ - 1033***

ਇਕ ਹੋਰ ਥਾਂ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ -

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ॥ ਅੰਗ - 954***

ਸੋ ਇਸ ਸਰੀਰ ਦੇ ਵਿਚ ਉਪਮਾ ਰਹਿਤ ਵਾਹਿਗੁਰੂ ਜੀ ਦਾ ਨਿਵਾਸ ਅਸਥਾਨ ਵਾਹਿਗੁਰੂ ਜੀ ਦਾ ਵਾਸਾ ਹੈ। ਪਰ ਇਹ ਜੀਵ ਮਾਇਆ ਵਿਚ ਖਚਿਤ ਹੋਇਆ-ਹੋਇਆ ਅੰਦਰਲੇ ਰਾਹ ਦੀ ਪਛਾਣ ਨਹੀਂ ਕਰਦਾ ਅਤੇ ਨਾ ਹੀ ਇਹਦੇ ਅੰਦਰ ਰੁਚੀ ਪੈਦਾ ਹੁੰਦੀ ਹੈ ਕਿ ਮੈਂ ਵਾਹਿਗੁਰੂ ਜੀ ਦੇ ਦਰਸ਼ਨ ਪਾਵਾਂ। ਇਹ ਜੀਵ ਨਾਮ ਰੂਪੀ ਮੋਤੀ ਚੁਗਣ ਦੀ ਥਾਂ ਮਰੇ ਹੋਏ ਵਿਸ਼ਿਆਂ ਰੂਪੀ ਡੰਗਰਾਂ ਦਾ ਮਾਸ ਚੂੰਡ-ਚੂੰਡ ਖਾਂਦਾ ਹੈ ਅਤੇ ਆਪਣਾ ਜਨਮ ਬਿਰਥਾ ਗੁਆਉਂਦਾ ਹੈ। ਜਦੋਂ ਬਾਰਾਮਾਹ ਵਿਚ ਦੱਸੇ ਹੋਏ ਉਪਦੇਸ਼ ਇਸ ਜੀਵ ਨੇ ਕਮਾ ਲਏ ਤਾਂ ਉਸਨੂੰ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ। ਉਸਨੂੰ ਉਹ ਗੁਪਤ ਰਸਤਾ ਮਿਲ ਜਾਂਦਾ ਹੈ ਜੋ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ। ਇਸ ਮਹੀਨੇ ਦੇ ਵਿਚ ਪ੍ਰਗਟ ਕਰਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਫਲਗੁਣਿ ਅਨੰਦ ਉਪਾਰਜਨਾ***
***ਹਰਿ ਸਜਣ ਪ੍ਰਗਟੇ ਆਇ॥ ਅੰਗ - 136***

ਵਾਹਿਗੁਰੂ ਜੀ ਦੇ ਮਿਲਾਪ ਦਾ ਕਿੰਨਾ ਅਨੰਦ ਆਇਆ ਇਹ ਕਹਿਣ ਸੁਣਨ ਤੋਂ ਬਾਹਰ ਹੈ। ਜਿਸ ਥਾਂ ਵਾਹਿਗੁਰੂ ਜੀ ਇਸ ਸਰੀਰ ਵਿਚ ਰਹਿੰਦੇ ਹਨ ਉਸੇ ਬਾਰੇ ਭਾਈ ਗੁਰਦਾਸ ਜੀ ਪ੍ਰਗਟ ਕਰਦੇ ਹੋਏ ਦਸਦੇ ਹਨ ਕਿ ਜੋ ਇਸ ਸਰੀਰ ਦੇ ਵਿਚ ਦਸਵੇਂ ਦੁਆਰ ਦਾ ਟਿਕਾਣਾ ਹੈ ਉਸਨੂੰ ਵਰਨਣ ਕਰਨਾ ਅਤਿ ਕਠਿਨ ਹੈ ਕਿਉਂਕਿ ਉਸਦੇ ਬਰਾਬਰ ਦਾ ਕੋਈ ਹੋਰ ਟਿਕਾਣਾ ਹੈ ਹੀ ਨਹੀਂ।

ਦਸਮ ਦੁਆਰ ਉਹ ਸ੍ਰੋਤ ਹੈ, ਉਹ ਸਥਾਨ ਹੈ ਜਿਥੋਂ ਮਨ

ਤੇ ਇੰਦ੍ਰੀਆਂ ਦੀਆਂ ਬਿਰਤੀਆਂ ਤਾਕਤ ਲੈ ਕੇ ਬਾਹਰਮੁਖ ਦੌੜਦੀਆਂ ਹਨ ਅਤੇ ਬਾਹਰ ਆਪਣੇ-ਆਪਣੇ ਪਦਾਰਥ ਤੱਕ ਗੰਮਤਾ ਪਾ ਕੇ ਪਿਛਾਹਾਂ ਆਪਣੇ ਅੰਦਰ ਉਕਤ ਕੇਂਦਰ ਵਲ ਮੁੜ ਲਗਾਤਾਰ ਬਾਹਰਲੀ ਅੰਦਰਲੀ ਕਾਰਵਾਈ ਵਿਚ ਵਰਤਿਆ ਕਰਦੀਆਂ ਹਨ। ਓਥੋਂ ਸਤ੍ਹਾ ਮਿਲਦੀ ਹੈ ਅਤੇ ਇਹ ਜੀਵ ਉਹ ਸਤ੍ਹਾ ਪਾ ਕੇ ਆਪਣੇ ਸੁਭਾਅ ਮੁਤਾਬਿਕ ਕਰਮ ਕਰਦਾ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥ ਅੰਗ - 277***

ਸੋ ਸਾਰੀਆਂ ਬਿਰਤੀਆਂ ਬਾਹਰਲੀ ਖਬਰ ਅੰਦਰ ਭੇਜਦੀਆਂ ਰਹਿੰਦੀਆਂ ਹਨ। ਜਦੋਂ ਜੀਵ ਘਾਲ ਕਮਾਈ ਕਰਕੇ ਦਸਮ ਦੁਆਰ ਵਿਚ ਸੁਰਤ ਨਾਲ ਪਹੁੰਚਦਾ ਹੈ ਤਾਂ ਇਸ ਅਸਥਾਨ ਤੇ ਜੋਤੀ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਉਨਮਨੀ ਜੋਤ ਕਿਹਾ ਗਿਆ ਹੈ। ਪਰਪੱਕ ਅਭਿਆਸ ਕਾਰਨ ਇਹ ਜੋਤੀ ਸਾਖਸ਼ਾਤਕਾਰ ਹੋ ਜਾਇਆ ਕਰਦੀ ਹੈ ਅਤੇ ਅੰਦਰ ਅਨਹਤ ਨਾਦ ਦੀ ਸਹਿਜ ਧੁਨ ਦੇ ਰੂਪ ਵਿਚ ਨਾਮ ਦੀ ਤਾਰ ਬੱਝ ਜਾਇਆ ਕਰਦੀ ਹੈ ਜਿਸਨੂੰ ਅਨਹਦ ਧੁਨੀ ਕਿਹਾ ਜਾਂਦਾ ਹੈ। ਇਸ ਧੁਨ ਵਿਚ ਸੁਰਤ ਇਕ ਸਾਰ ਜੁਟਦੀ ਹੈ ਅਤੇ ਇਸ ਜੀਵ ਦੀ ਸੁਰਤ ਅਦਭੁੱਤ ਰਸ ਨੂੰ ਅਨੁਭਵ ਕਰਿਆ ਕਰਦੀ ਹੈ। ਜਿਸ ਦੀ ਤੇਲ ਧਾਰਾ ਵਤ ਪ੍ਰਵਾਹਿਤ ਅਵਸਥਾ ਨੂੰ, ਅਪਾਰ ਨਿਝਰ ਧਾਰ, ਕਹਿ ਕੇ ਕਥਨ ਕੀਤਾ ਗਿਆ ਹੈ। ਇਹ ਜੀਵ ਇਸ ਅੰਮ੍ਰਿਤ ਵਾਲੇ ਜੋਤੀ ਸਰੂਪ ਅਕਾਲ ਪੁਰਖ ਵਿਚ ਸਮਾਅ ਜਾਇਆ ਕਰਦਾ ਹੈ। ਆਪੇ ਤੋਂ ਪਾਰ ਹੋ ਕੇ ਇਹ ਛੋਟਾ ਆਪਾ ਵੱਡੇ ਆਪੇ ਵਿਚ ਲੀਨ ਹੋ ਜਾਇਆ ਕਰਦਾ ਹੈ। ਆਪ ਜੀ ਨੇ ਸਪਸ਼ਟ ਕਰਦਿਆਂ ਫੁਰਮਾਨ ਕੀਤਾ ਹੈ -

***ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੋਂ***
***ਗੁਰ ਮੁਖਿ ਪਾਵੈ ਸੁ ਤਉ ਅਨਤ ਨ ਧਾਵਈ॥***
***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ***
***ਦਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ॥***
***ਅਨਹਦ ਨਾਦ ਸਮਸਰ ਨਾਦ ਬਾਦ ਕਉਨ***
***ਸ੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ ਲਾਵਈ॥***
***ਨਿਝਰ ਅਪਾਰ ਧਾਰ ਤੁੱਲ ਨ ਅੰਮ੍ਰਿਤਰਸ***
***ਅਪਿਉ ਪੀਆਵੈ ਜਾਂਹਿ ਤਾਹੀ ਮੈ ਸਮਾਵਈ॥***
***ਪੰਨਾ - 36 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਜਦੋਂ ਇਸ ਅਸਥਾਨ ਤੇ ਸੁਰਤੀ ਪਹੁੰਚਦੀ ਹੈ ਤਾਂ ਬ੍ਰਹਮ ਸ਼ਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਦਰਸ਼ਨ ਦੇਖਦੇ ਹੀ ਨਾ ਸੁਧ ਰਹਿੰਦੀ ਹੈ ਕਿਉਂਕਿ ਐਸਾ ਝਲਕਾਰਾ ਵਜਦਾ ਹੈ ਅਤੇ ਅੰਦਰ ਐਨਾਂ ਰਸ ਤਾਰੀ ਹੋ ਜਾਂਦਾ ਹੈ ਅਤੇ ਇਕ ਅਕਹਿ ਰਸ ਅਕਹਿ ਅਨੰਦ ਇਸ ਜੀਵ ਨੂੰ ਅਨੁਭਵ ਹੁੰਦਾ ਹੈ ਕਿ ਕੁਝ ਵੀ ਯਾਦ ਨਹੀਂ ਰਹਿੰਦਾ। ਕੋਈ ਸੰਸਕਾਰ ਸੁਰਤ ਵਿਚ ਨਹੀਂ ਆਉਂਦਾ, ਬੁੱਧ ਬੁੱਝਣ ਵਾਲੀ ਸ਼ਕਤੀ ਐਥੇ ਗੁੰਮ ਹੋ ਜਾਇਆ ਕਰਦੀ ਹੈ। ਬੁਧੀ ਦੇ ਵਿਚੋਂ, ਥਹੁ ਲਾ ਲੈਣ ਦਾ ਬਲ ਅਲੋਪ ਹੋ ਜਾਇਆ ਕਰਦਾ ਹੈ। ਸੁਰਤ ਨੂੰ ਸੋਝੀ ਨਾ ਰਹੀ ਅਤੇ ਸੋਚ ਵਿਚਾਰ ਵਿਚ ਧਿਆਨ ਕਰਨ ਦੀ ਹਿੰਮਤ ਨਾ ਰਹੀ, ਗਿਆਨ ਵਿਚ ਗਿਆਨ ਨਾ ਰਿਹਾ, ਜੋ ਕੁਝ ਹੁਣ ਤਾਈਂ ਜਾਣਿਆ ਸੀ ਉਹ ਸਾਰੇ ਦਾ ਸਾਰਾ ਗਿਆਨ ਉਠ ਗਿਆ ਅਤੇ ਗੱਲ ਦੀ ਤਹਿ ਵਿਚ ਪਹੁੰਚਣ ਅਥਵਾ ਪ੍ਰਵਿਰਤ ਹੋਣ ਵਾਲੀ ਜੋ ਸ਼ਕਤੀ ਸੀ ਉਸਦੀ ਗਤਿ ਨਾ ਰਹੀ। ਧੀਰਜ ਦਾ ਧੀਰਜ, ਹੰਗਤਾ ਦਾ ਹੰਗਤਾਪੁਣ (ਅਹੰਭਾਵ) ਚਲਾ ਗਿਆ, ਕੇਵਲ ਪਿਆਰ ਰਹਿ ਗਿਆ ਅਤੇ ਪ੍ਰਤਿਸ਼ਟਾ (ਮਨੁੱਖੀ ਗੌਰਵਤਾ ਦੀ ਮਨੌਤ) ਲਤ ਪਤ, ਲੜਖੜਾ, ਖੁਆਰ ਹੋ ਗਈ। ਇਕ ਅਦਭੁੱਤ ਰਸ ਵਿਚ ਲੀਨ ਹੋ ਗਿਆ। ਅਚੰਭੇ ਤੋਂ ਵੀ ਅਚੰਭਾ ਸਰੂਪ, ਅਸਚਰਜ ਹੈਰਾਨੀ ਵਿਚ ਪਾਉਣ ਵਾਲੀ ਦਸ਼ਾ ਤੋਂ ਵੀ ਅਤਿਅੰਤ ਕਰਕੇ ਚਮਤਕਾਰ ਵਾਲੀ ਦਸ਼ਾ ਵਿਚ ਲੀਨ ਹੋ ਗਈ। ਇਹ ਅਭੇਦ ਅਵਸਥਾ ਦਾ ਜੋ ਅਨੰਦ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਵਾਹਿਗੁਰੂ ਜੀ ਦਾ ਮਿਲਾਪ ਹੋਇਆ ਉਹ ਦਸਮ ਦੁਆਰ ਵਿਚ ਹੀ ਪ੍ਰਗਟ ਹੋ ਗਏ, ਤਾਂ ਮਹਾਨ ਅਨੰਦ ਦੀ ਪ੍ਰਾਪਤੀ ਹੋਈ। ਇਹ ਮਹਾਨ ਕ੍ਰਿਪਾ ਗੁਰੂ ਰੂਪ ਸੰਤਾਂ ਨੇ ਕੀਤੀ। ਹੁਣ ਅਨੁਭਵ ਦੀ ਸੇਜ ਉਤੇ ਰੌਣਕਾਂ ਲਗ ਗਈਆਂ। ਅਨੇਕ ਕਿਸਮ ਦੇ ਪ੍ਰਕਾਸ਼, ਅਨੇਕ ਕਿਸਮ ਦੀਆਂ ਸੰਗੀਤਕ ਲਹਿਰਾਂ ਦੇ ਵਾਜੇ ਵਜ ਰਹੇ ਹਨ ਅਤੇ ਸਾਰੇ ਦੁਖਾਂ ਦਾ ਖਾਤਮਾ ਹੋ ਗਿਆ ਹੈ। ਭਾਈ ਗੁਰਦਾਸ ਜੀ ਇਸ ਅਵਸਥਾ ਦਾ ਵਰਨਣ ਕਰਦੇ ਹੋਏ ਫੁਰਮਾਨ ਕਰਦੇ ਹਨ -

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ***
***ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ॥***
***ਸੁਰਤਿ ਮੈਂ ਨ ਸੁਰਤਿ ਅਉ***
***ਧਯਾਨ ਮੈਂ ਨ ਧਯਾਨ ਰਹਯੋ***
***ਗਯਾਨ ਮੈ ਨ ਗਯਾਨ ਰਹਯੋ ਗਤਿ ਮੈਂ ਨ ਗਤਿ ਹੈ॥***
***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ***
***ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ ਬਿਸਮੈ ਬਿਸਮ***
***ਅਸਚਰਜੈ ਅਸਚਰਜ ਅਤਿ ਅਤਿ ਹੈ।।***
***ਪੰਨਾ - 34 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਹੁਣ ਹਿਰਦੇ ਰੂਪ ਸੇਜ ਸੁਹਾਵੀ ਹੋ ਗਈ, ਦੁਖਾਂ ਦਾ ਖਾਤਮਾ ਹੋ ਗਿਆ। ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਪ੍ਰਭੂ ਦੇ ਮਿਲਾਪ ਦੀ ਇਛਿਆ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਗਈ ਕਿਉਂਕਿ ਸਮਰੱਥ ਗੁਰੂ ਨੇ ਉਹ ਘਰ ਦਿਖਾ ਦਿਤਾ, ਜਿਥੇ ਮੇਰੇ ਪ੍ਰਭੂ ਦਾ ਸਦੀਵ ਹੀ ਵਾਸਾ ਹੈ। ਸਮਰੱਥ ਗੁਰੂ ਦੀ ਇਹੀ ਨਿਸ਼ਾਨੀ ਹੋਇਆ ਕਰਦੀ ਹੈ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ।।***

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - 1291*

ਹੁਣ ਸਾਰੀਆਂ ਸੰਗਣਾਂ-ਸਾਥਣਾਂ ਜੀਵ ਰੂਪ ਇਸਤ੍ਰੀ ਨਾਲ ਮਿਲ ਕੇ ਵਾਦੀ-ਏ-ਨੂਰ ਵਿਚ ਮੰਗਲ ਗਾ ਰਹੀਆਂ ਹਨ। ਸਾਰੀਆਂ ਸੁਰਤੀਆਂ-ਬਿਰਤੀਆਂ, ਕਰਮ ਇੰਦ੍ਰੀਆਂ ਮਿਲ ਕੇ ਇਸ ਨਿਜ ਘਰੁ ਦੇ ਗੁਣ ਗਾ ਰਹੀਆਂ ਹਨ -

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - 1291*

ਇਹ ਜੀਵ ਆਤਮਾ ਹੈਰਾਨ ਹੋ ਗਈ ਕਿ ਵਾਹਿਗੁਰੂ ਜੀ ਵਰਗਾ ਤਾਂ ਹੋਰ ਕੋਈ ਹੈ ਹੀ ਨਹੀਂ ਜਿਨ੍ਹਾਂ ਨੇ ਮੇਰਾ ਹਲਤ ਵੀ ਸਵਾਰ ਦਿਤਾ ਅਤੇ ਦਰਗਾਹ ਵਿਚ ਨਿਹਚਲ ਥਾਂ ਬਖਸ਼ ਦਿਤੀ। ਹੁਣ ਸੰਸਾਰ ਦੇ ਭਿਆਨਕ ਸਾਗਰ ਵਿਚ ਗੋਤੇ ਖਾਣ ਲਈ ਜੰਮਣ ਮਰਨ ਦਾ ਚੱਕਰ ਹੀ ਬੰਦ ਕਰ ਦਿਤਾ। ਜਿਹਬਾ ਮੇਰੀ ਇਕ ਹੈ, ਤੇਰੇ ਗੁਣਾਂ ਦਾ ਸ਼ੁਮਾਰ ਨਹੀਂ, ਮੈਂ ਕਿਵੇਂ ਤੇਰੇ ਗੁਣ ਗਾਵਾਂ। ਵਾਹਿਗੁਰੂ ਜੀ ਨੂੰ ਨਿਤ ਹੀ ਸਲਾਹੁਣਾ ਉਚਿਤ ਹੈ ਭਾਵੇਂ ਉਸਨੂੰ ਇਕ ਤਿਲ ਜਿੰਨੀ ਵੀ ਤਮ੍ਹਾ ਨਹੀਂ ਹੈ, ਉਸਦੇ ਗੁਣ ਗਾਉਣ ਨਾਲ ਜੀਵ ਦਾ ਹੀ ਭਲਾ ਹੈ -

*ਮਿਲਿ ਸਹੀਆ ਮੰਗਲੁ ਗਾਵਹੀ*
*ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ*
*ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ*
*ਨਿਹਚਲ ਦਿਤੀਅਨੁ ਜਾਇ॥।*
*ਸੰਸਾਰ ਸਾਗਰ ਤੇ ਰਖਿਅਨੁ*
*ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ*
*ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ*
*ਜਿਸ ਨੋ ਤਿਲੁ ਨ ਤਮਾਇ॥ ਅੰਗ - 136*

ਨਾਮ ਦੀ ਮਹਿਮਾ ਦਸਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਜਿਸ-ਜਿਸ ਨੇ ਵੀ ਨਾਮ ਆਪਣੇ ਧਿਆਨ ਵਿਚ ਵਸਾ ਲਿਆ ਹੈ ਉਸ ਦੇ ਦੋਹਾਂ ਜਹਾਨਾਂ ਦੇ ਕਾਰਜ ਵਾਹਿਗੁਰੂ ਜੀ ਆਪ ਪੂਰਾ ਕਰਦੇ ਹਨ। ਪੂਰਾ ਗੁਰੂ ਅਰਾਧਣ ਨਾਲ ਦਰਗਾਹ ਵਿਚ ਖਰੇ ਸਮਝ ਕੇ ਆਦਰ ਮਿਲਦਾ ਹੈ, ਸਾਰੇ ਸੁਖਾਂ ਦਾ ਖਜ਼ਾਨਾ ਵਾਹਿਗੁਰੂ ਜੀ ਦੀ ਯਾਦ ਵਿਚ ਸੰਮਿਲਤ ਹੈ ਅਤੇ ਉਨ੍ਹਾਂ ਦੀ ਯਾਦ ਹਿਰਦੇ ਵਿਚ ਵਸਾਉਣ ਨਾਲ ਮਹਾਂ ਭਿਆਨਕ ਭਵਜਲ ਤਰ ਜਾਈਦਾ ਹੈ। ਭਗਤੀ ਕਰਕੇ, ਹਰੀ ਦੇ ਗੁਣ ਗਾ ਕੇ, ਸਰਵਣ, ਸਿਮਰਨ, ਅਰਦਾਸ ਕਰਕੇ ਸਾਨੂੰ ਪ੍ਰੇਮਾ ਭਗਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਮਾਇਆ ਮੁੜ ਕੇ ਆਪਣੀ ਅੱਗ ਵਿਚ ਜਾਲ ਨਹੀਂ ਸਕਦੀ। ਇਹ ਜੋ ਮਾਇਆ ਜਾਲ ਹੈ ਇਸ ਦਾ ਮਿਥਿਆਪੁਣ ਪ੍ਰਗਟ ਹੋ ਕੇ ਸਦੀਵੀ ਇਕੋ ਵਾਹਿਗੁਰੂ ਜੀ ਹੀ ਹਰ ਥਾਂ ਦੇ ਉਤੇ ਦ੍ਰਿਸ਼ਟੀਗੋਚਰੇ ਹੁੰਦਾ ਹੈ। ਸੋ ਜਿਨ੍ਹਾਂ ਨੇ ਇਸ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲਿਆ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਉਪਰ ਵਾਹਿਗੁਰੂ ਜੀ ਦੀ ਨਦਰ ਹੋ ਜਾਇਆ ਕਰਦੀ ਹੈ ਉਸ ਦੇ ਵਾਸਤੇ ਮਾਹ, ਦਿਵਸ, ਮਹੂਰਤ, ਵਿਘਨਕਾਰੀ ਨਹੀਂ ਹੁੰਦੇ, ਉਨ੍ਹਾਂ ਨੂੰ ਚੰਗੇ ਮੰਦੇ ਦਿਨ ਗਿਣਨ ਦੀ, ਜਾਚਣ ਦੀ ਕੋਈ ਲੋੜ ਨਹੀਂ ਹੁੰਦੀ। ਉਨ੍ਹਾਂ ਵਾਸਤੇ ਸਾਰੇ ਹੀ ਦਿਨ ਸ਼ੁਭ ਹੋਇਆ ਕਰਦੇ ਹਨ। ਜਿੰਨੇ ਵੀ ਵਿਘਨ ਹੁੰਦੇ ਹਨ ਉਹ ਸਾਰੇ ਦੇ ਸਾਰੇ ਉਨ੍ਹਾਂ ਨੂੰ ਲਗਦੇ ਹਨ ਜਿਨ੍ਹਾਂ ਨੇ ਪ੍ਰਭੂ ਪਿਆਰੇ ਨੂੰ ਭੁਲਾ ਕੇ ਜ਼ਿੰਦਗੀ ਦੇ ਅੰਧਕਾਰ ਵਿਚ ਧੱਕਾ ਖਾਧਾ ਹੈ। ਅਖੀਰ ਵਿਚ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਚ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਅਸੀਂ ਭੁਲੇ ਹੋਏ ਜੀਵ ਹਾਂ, ਤੁਸੀਂ ਸਾਡੇ ਉਤੇ ਕ੍ਰਿਪਾ ਕਰਕੇ ਸਾਨੂੰ ਪੂਰਨ ਤੱਤ ਬੇਤੇ ਸਮਰੱਥ ਗੁਰੂ ਦਾ ਮਿਲਾਪ ਬਖਸ਼ੋ, ਆਪਣੇ ਪਿਆਰਿਆਂ ਦੇ ਦਰਸ਼ਨ ਬਖਸ਼ੋ, ਅਸੀਂ ਮਾਇਕ ਸੋਝੀ ਦੀ ਥਾਂ ਆਪ ਦੇ ਨਾਮ ਵਿਚ ਲੀਨ ਹੋ ਜਾਈਏ ਅਤੇ ਅਸਾਡਾ ਜੋ ਮੁਖ ਮੰਤਵ ਪ੍ਰਭੂ ਪ੍ਰਾਪਤੀ ਦਾ ਹੈ ਉਹ ਪੂਰਾ ਹੋ ਜਾਵੇ -

*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*
*ਅੰਗ - 136*

ਸਮੁੱਚੇ ਬਾਰਹਮਾਹ ਵਿਚ ਆਈ ਗੁਰਬਾਣੀ ਇਸ ਕਿਰਤ ਕਰਮ ਕਰਕੇ ਵਿਛੜੇ ਜੀਵ ਨੂੰ ਜੋ ਕ੍ਰੋੜਾਂ ਸਾਲਾਂ ਤੋਂ ਚਉਰਾਸੀ ਦੇ ਚੱਕਰ ਖਾਂਦਾ ਅਤਿ ਦੁਖੀ ਹੋ ਰਿਹਾ ਸੀ, ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ। ਚੇਤ ਦੇ ਮਹੀਨੇ ਰਾਹੀਂ ਪ੍ਰਗਟ ਹੁੰਦਾ ਹੈ ਕਿ ਗੋਬਿੰਦ ਦੇ ਅਰਾਧਣ ਨਾਲ ਘਣਾ ਅਨੰਦ ਮਿਲਦਾ ਹੈ। ਇਹ ਅਨੰਦ ਸੰਤਾਂ ਨੂੰ ਮਿਲ ਕੇ ਪ੍ਰਾਪਤ ਹੁੰਦਾ ਹੈ। ਸੰਸਾਰ ਵਿਚ ਆਏ ਉਹ ਸਫਲ ਹਨ ਜਿਹੜੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ ਪ੍ਰਭੂ ਮਿਲਾਪ ਤੋਂ ਬਿਨਾਂ ਮਾਨਸ ਜਨਮ ਬਿਰਥਾ ਹੈ। ਉਹ ਪ੍ਰਭੂ ਜਲਾਂ-ਥਲਾਂ, ਪਰਬਤਾਂ, ਵਣਾਂ ਵਿਚ ਇਕ ਰਸ ਪ੍ਰੀਪੂਰਨ ਹੈ। ਕਿੰਨਾਂ ਦੁਖ ਹੈ ਜੇ ਉਸ ਪ੍ਰਭੂ ਨੂੰ ਨਹੀਂ ਮਿਲਦੇ। ਭਾਗਾਂ ਵਾਲੇ ਹਨ ਜਿਨ੍ਹਾਂ ਨੇ ਪ੍ਰਭੂ ਪ੍ਰਾਪਤੀ ਕਰ ਲਈ ਹੈ। ਇਹ ਜਾਣ ਕੇ ਜੀਵ ਅੰਦਰ ਲੋਚਾ ਪੈਦਾ ਹੁੰਦੀ ਹੈ ਕਿ ਮੈਨੂੰ ਭੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਵੇ। ਇਸੇ ਤਰ੍ਹਾਂ ਹਰ ਮਹੀਨੇ ਵਿਚ ਜਾਚ ਦਸਦੇ, ਸੰਤ ਮਹਿਮਾਂ, ਨਾਮ ਮਹਿਮਾਂ ਦਸਦੇ ਫਲਗੁਣ ਦੇ ਮਹੀਨੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਮਹੱਤਤਾ ਦੱਸੀ ਗਈ ਹੈ।

********

# ਸੰਤ ਬਚਨ

## (ਭਾਗ ਚੌਥਾ)

## (ਪ੍ਰਸ਼ਨਾਂ ਦੇ ਉੱਤਰ - ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ ਜਨਵਰੀ ਅੰਕ ਪੰਨਾ - 10)*

ਸੋ ਇਹ ਮਗਰਮੱਛ ਵੀ ਕਿੰਨਾ ਖਤਰਨਾਕ ਹੈ। ਇਸੇ ਤਰ੍ਹਾਂ ਨਾਲ ਹੰਕਾਰ ਰੂਪੀ ਮਗਰਮੱਛ ਬਹੁਤ ਭਿਆਨਕ ਹੈ। ਆਦਮੀ ਦਾ ਹੰਕਾਰ ਉਸ ਨੂੰ ਜਨਮ ਮਰਨ ਦੇ ਬੰਧਨਾਂ ਵਿਚ ਫਸਾ ਦਿੰਦਾ ਹੈ। ਜਦੋਂ ਤੱਕ ਆਦਮੀ ਦੇ ਮਨ ਵਿਚ ਅਭਿਮਾਨ ਦੀ ਅੰਸ ਹੈ ਇਹ ਕਰਮਾਂ ਦੇ ਜਾਲ ਵਿਚ ਫਸਿਆ ਹੋਇਆ ਜੰਮਦਾ ਤੇ ਮਰਦਾ ਰਹਿੰਦਾ ਹੈ, ਇਸ ਨੂੰ ਗਿਆਨ ਹੋਣਾ ਅਣਹੋਣੀ ਬਾਤ ਹੈ। ਮਿੱਤਰਾਂ ਨੂੰ ਇਹ ਦੁਸ਼ਮਣ ਬਣਾ ਲੈਂਦਾ ਹੈ ਅਤੇ ਮਾਇਆ ਪ੍ਰਾਪਤੀ ਲਈ ਜਾਲ ਵਿਛਾ ਦਿੰਦਾ ਹੈ। ਜੰਮਣ ਮਰਨ ਦਾ ਦੁੱਖ ਇਸ ਦੇ ਗਲ ਪਿਆ ਰਹਿੰਦਾ ਹੈ। ਇਹ ਮਹਾਂ ਵਿਕਟ ਅਸਾਧ ਰੋਗ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥*
*ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ*
*ਅਨਿਕ ਮਾਯਾ ਬਿਸ੍ਤੀਰਨਹ॥*
*ਆਵੰਤ ਜਾਵੰਤ ਥਕੰਤ ਜੀਆ*
*ਦੁਖ ਸੁਖ ਬਹੁ ਭੋਗਣਹ॥*
*ਭ੍ਰਮ ਭਯਾਨ ਉਦਿਆਨ ਰਮਣੰ*
*ਮਹਾ ਬਿਕਟ ਅਸਾਧ ਰੋਗਣਹ॥*
*ਬੈਦ੍ਯੰ ਪਾਰਬ੍ਰਹਮ ਪਰਮੇ੍ਸਰ ਆਰਾਧਿ*
*ਨਾਨਕ ਹਰਿ ਹਰਿ ਹਰੇ॥ ਅੰਗ - 1358*

ਹੰਕਾਰੀ ਪੁਰਸ਼ ਦੇ ਮਨ ਵਿਚ ਨਾ ਹੀ ਗੁਰੂ ਪ੍ਰਤੀ ਸ਼ਰਧਾ ਹੁੰਦੀ ਹੈ ਅਤੇ ਨਾ ਹੀ ਪ੍ਰਮੇਸ਼ਰ ਵਿਚ ਵਿਸ਼ਵਾਸ਼ ਹੁੰਦਾ ਹੈ। ਉਸ ਦਾ ਹਿਰਦਾ ਉਚੇ ਟਿੱਬੇ ਵਰਗਾ ਹੁੰਦਾ ਹੈ, ਉਹ ਸਤਿਸੰਗ ਕਰਦਾ ਹੋਇਆ ਫੇਰ ਵੀ ਖਾਲੀ ਰਹਿੰਦਾ ਹੈ। ਉਸ ਦੇ ਤੀਰਥ, ਵਰਤ, ਦਾਨ ਕੀਤੇ ਹੋਏ ਨਿਹਫਲ ਚਲੇ ਜਾਂਦੇ ਹਨ। ਨਾ ਹੀ ਉਸ ਨੂੰ ਕਿਸੇ ਮਹਾਂਪੁਰਸ਼ ਦੀ ਸੰਗਤ ਦਾ ਲਾਭ ਹੁੰਦਾ ਹੈ, ਨਾ ਹੀ ਉਸ ਦੇ ਉਪਦੇਸ਼ਾਂ ਦਾ ਕੋਈ ਅਸਰ ਹੁੰਦਾ ਹੈ। ਇਹ ਅਭਿਮਾਨ ਦੇ ਅੰਦਰ ਡੁੱਬ ਜਾਇਆ ਕਰਦਾ ਹੈ। ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਫਰੀਦਾ ਗਰਬੁ ਜਿਨਾ ਵਡਿਆਈਆ*
*ਧਨਿ ਜੋਬਨਿ ਆਗਾਹ॥ ਖਾਲੀ ਚਲੇ*
*ਧਣੀ ਸਿਉ ਟਿਬੇ ਜਿਉ ਮੀਹਾਹੁ॥ ਅੰਗ - 1383*
*ਤੀਰਥ ਬਰਤ ਅਰੁ ਦਾਨ ਕਰਿ ਮਨ*
*ਮੈ ਧਰੈ ਗੁਮਾਨੁ॥ ਨਾਨਕ ਨਿਹਫਲ ਜਾਤ*
*ਤਿਹ ਜਿਉ ਕੁੰਚਰ ਇਸਨਾਨੁ॥ ਅੰਗ - 1428*
*ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥*
*ਅੰਗ - 1365*

ਕ੍ਰੋੜਾਂ ਨੇਕ ਕਰਮ ਕਰਕੇ ਜੇ ਉਸ ਜੀਵ ਦਾ ਅਭਿਮਾਨ ਨਹੀਂ ਹਟਿਆ ਤਾਂ ਮਹਾਰਾਜ ਜੀ ਦੇ ਸਿਧਾਂਤ ਮੁਤਾਬਿਕ ਕੇਵਲ ਇਕ ਥਕੇਵਾਂ ਹੀ ਹੋਇਆ ਕਰਦਾ ਹੈ। ਤਪੱਸਿਆ ਕਰਕੇ ਜੇ ਮਨ ਵਿਚ ਅਭਿਮਾਨ ਹੈ ਕਿ ਮੈਂ ਐਸੇ ਸਾਧਨ ਕਰਦਾ ਹਾਂ ਤਾਂ ਜੰਮਣ ਮਰਨਾ ਉਸਦੇ ਗਲੋਂ ਕਦੇ ਵੀ ਨਹੀਂ ਲਹਿੰਦਾ-

*ਕੋਟਿ ਕਰਮ ਕਰੈ ਹਉ ਧਾਰੇ॥*
*ਸ੍ਰਮੁ ਪਾਵੈ ਸਗਲੇ ਬਿਰਥਾਰੇ॥*
*ਅਨਿਕ ਤਪਸਿਆ ਕਰੇ ਅਹੰਕਾਰ॥*
*ਨਰਕ ਸੁਰਗ ਫਿਰਿ ਫਿਰਿ ਅਵਤਾਰ॥ਅੰਗ - 278*

ਵਾਹਿਗੁਰੂ ਜੀ ਨੂੰ ਅਭਿਮਾਨ ਨਹੀਂ ਭਾਉਂਦਾ। ਅਸਾਂ ਲੋਕਾਂ ਦਾ ਸਮਾਜ ਵਿਚ ਸਤਿਕਾਰ ਪ੍ਰਭੂ ਦੀ ਕ੍ਰਿਪਾ ਕਰਕੇ ਹੈ। ਜੇ ਆਪਣੇ ਗੁਣਾਂ, ਆਪਣੇ ਬਲ, ਚਤੁਰਾਈ ਦਾ ਮਾਣ ਆ ਜਾਵੇ ਤਾਂ ਆਦਮੀ ਗਿਰ ਜਾਇਆ ਕਰਦਾ ਹੈ। ਗੁਰ ਇਤਿਹਾਸ ਅਤੇ ਰੂਹਾਨੀ ਇਤਿਹਾਸ ਵਿਚ ਕਥਾਵਾਂ ਹਨ ਕਿ ਅਹੰਕਾਰ ਨੇ ਕਿਵੇਂ ਕੁਲਾਂ ਗਾਲ ਦਿਤੀਆਂ। ਵਾਹਿਗੁਰੂ ਜੀ ਨੂੰ ਅਭਿਮਾਨ ਬਿਲਕੁਲ ਨਹੀਂ ਭਾਉਂਦਾ। ਜੋ ਵੀ ਅਭਿਮਾਨ ਕਰਦਾ ਹੈ ਉਸ ਨੂੰ ਗਿਰਨਾ ਹੀ ਪੈਂਦਾ ਹੈ -

*ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ॥*
*ਅੰਗ - 317*

ਸੰਸਾਰ ਦੇ ਇਤਿਹਾਸ ਵਿਚ ਬਹੁਤ ਐਸੀਆਂ ਉਦਾਹਰਣਾਂ ਹਨ ਜਿਨ੍ਹਾਂ ਤੋਂ ਪਤਾ ਲਗ ਜਾਂਦਾ ਹੈ ਕਿ ਜੋ ਆਮ ਜਨਤਾ ਕਹਿੰਦੀ ਹੈ ਕਿ 'ਹੰਕਾਰਿਆ ਸੋ ਮਾਰਿਆ' ਉਹ ਠੀਕ ਹੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੀ ਬਹੁਤ ਸਾਰੇ ਉਦਾਹਰਣ ਆਉਂਦੇ ਹਨ ਜਿਵੇਂ ਕਿ ਜਦੋਂ ਬ੍ਰਹਮਾ ਨੇ ਅਭਿਮਾਨ ਕੀਤਾ ਕਿ ਸੰਸਾਰ ਵਿਚ ਮੈਂ ਹੀ ਹਾਂ ਅਤੇ ਸਾਰਾ ਸੰਸਾਰ ਮੇਰੇ ਤੋਂ ਹੀ ਹੋਂਦ ਵਿਚ ਆਇਆ ਹੈ ਤਾਂ ਉਸ ਬਾਰੇ ਲਿਖਿਆ ਮਿਲਦਾ ਹੈ ਕਿ ਉਹ 36 ਯੁੱਗ ਇਕ ਕਮਲ ਦੇ ਫੁੱਲ ਦੀ ਨਾਲ ਵਿਚ ਘੁੰਮਦਾ ਰਿਹਾ ਅਤੇ ਉਸ ਦਾ ਅੰਤ ਨਾ ਪਾ ਸਕਿਆ। ਅਖੀਰ ਜਦੋਂ ਥੱਕ ਗਿਆ ਤਾਂ ਇਸ ਨੂੰ ਅਕਾਸ਼ ਬਾਣੀ ਹੋਈ ਕਿ ਸੰਸਾਰ ਦਾ ਰਚੈਤਾ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਹੈ। ਤਾਂ ਇਸ ਨੇ ਅਰਦਾਸ ਕੀਤੀ ਕਿ ਹੇ ਪ੍ਰਭੂ! ਮੈਨੂੰ ਇਸ ਬਿਪਤਾ ਵਿਚੋਂ ਕੱਢ। ਉਸ ਸਮੇਂ ਉਸ ਦਾ ਛੁਟਕਾਰਾ ਹੋਇਆ।

ਇਸੇ ਤਰ੍ਹਾਂ ਨਾਲ ਬਲ ਰਾਜਾ ਜੋ ਪ੍ਰਹਿਲਾਦ ਭਗਤ ਦਾ ਪੋਤਰਾ ਸੀ ਉਹ ਬਹੁਤ ਹੀ ਅਭਿਮਾਨ ਧਾਰ ਕੇ ਯੱਗ ਕਰਨ ਲੱਗ ਗਿਆ। ਉਸ ਨੂੰ ਆਪਣੀ ਪ੍ਰਭਤਾ ਦਾ ਬਹੁਤ ਅਭਿਮਾਨ ਸੀ ਇਥੋਂ ਤੱਕ ਕਿ ਆਪਣੇ ਗੁਰੂ ਦੇ ਬਚਨ ਨੂੰ ਵੀ ਨਾ ਮੰਨਿਆ। ਵਾਹਿਗੁਰੂ ਜੀ ਇਕ ਬੌਨੇ ਦਾ ਰੂਪ ਧਾਰ ਕੇ ਆ ਗਏ। ਉਸ ਰੂਪ ਵਿਚ ਆਪ ਨੇ ਵੇਦਾਂ ਦੀਆਂ ਬਹੁਤ ਹੀ ਸੁੰਦਰ ਰਿਚਾਂ ਗਾਈਆਂ ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਕਿਹਾ ਕਿ ਐ ਬਾਵਨ ਮੁਨੀ! ਮੰਗ ਜੋ ਕੁਛ ਮੰਗਦਾ ਹੈਂ ਮੈਂ ਤੈਨੂੰ ਦੇਣ ਨੂੰ ਤਿਆਰ ਹਾਂ, ਮੇਰੇ ਕੋਲ ਮਾਇਆ ਦਾ ਘਾਟਾ ਨਹੀਂ ਹੈ। ਉਸ ਨੇ ਕਿਹਾ ਕਿ ਹੇ

ਰਾਜਨ! ਮੈਂ ਕੀ ਮੰਗਣਾ ਹੈ, ਮੈਨੂੰ ਤਾਂ ਸਿਰਫ ਢਾਈ ਕਰਮਾਂ ਧਰਤੀ ਚਾਹੀਦੀ ਹੈ। ਤੇਰੇ ਦਰਵਾਜ਼ੇ ਅੱਗੇ ਬੈਠ ਕੇ ਭਜਨ ਬੰਦਗੀ ਕਰਦੇ ਰਹਾਂਗੇ। ਇਹ ਗੱਲ ਸੁਣ ਕੇ ਰਾਜਾ ਦਾਨ ਕਰਨ ਨੂੰ ਤਿਆਰ ਹੋ ਗਿਆ। ਉਸ ਦੇ ਗੁਰੂ ਸ਼ੁੱਕਰ ਨੇ ਪਹਿਚਾਣ ਲਿਆ ਕਿ ਇਹ ਕੋਈ ਛਲ ਰਚਿਆ ਜਾ ਰਿਹਾ ਹੈ ਕਿਉਂਕਿ ਇਸ ਦੇ ਮਨ ਵਿਚ ਅਭਿਮਾਨ ਹੈ - ਆਪਣੀ ਕਰਤੂਤ ਦਾ। ਜਦੋਂ ਰਾਜਾ ਬਲ ਚੂਲੀ ਛੱਡਣ ਲੱਗਿਆ ਤਾਂ ਇਸ ਨੇ ਸੂਖਸ਼ਮ ਰੂਪ ਧਾਰ ਕੇ ਗੰਗਾ ਸਾਗਰ ਦਾ ਪਾਣੀ ਗਿਰਨ ਦਾ ਰਸਤਾ ਬੰਦ ਕਰ ਦਿਤਾ। ਇਸ ਰਾਜੇ ਨੇ ਉਸ ਵਿਚ ਇਕ ਡੱਕਾ ਪਾ ਕੇ ਰੁਕਾਵਟ ਦੂਰ ਕਰਨ ਦਾ ਜਤਨ ਕੀਤਾ। ਤਾਂ ਐਸਾ ਕਹਿੰਦੇ ਹਨ ਕਿ ਉਸ ਦੀ ਅੱਖ ਵਿਚ ਲੱਗਿਆ ਅਤੇ ਸ਼ੁਕਰ ਕਾਣਾ ਹੋ ਗਿਆ। ਰਾਜਾ ਬਲ ਨੇ ਬਚਨ ਕਰ ਦਿਤਾ, ਚੂਲੀ ਛੱਡ ਦਿਤੀ ਤੇ ਬੜੇ ਅਭਿਮਾਨ ਨਾਲ ਕਿਹਾ ਕਿ ਬਾਵਨ ਰਿਸ਼ੀ ਜੀ! ਇਹ ਤੁਹਾਡੀ ਮੰਗ ਮੈਨੂੰ ਸ਼ਰਮਿੰਦਾ ਕਰਦੀ ਹੈ ਤੁਸੀਂ ਰਾਜੇ ਬਲ ਵਰਗੇ ਦਾਨੀ ਕੋਲ ਆਏ ਹੋਵੋਂ ਤੇ ਸਿਰਫ ਢਾਈ ਕਦਮਾਂ ਧਰਤੀ ਮੰਗੋਂ? ਉਹ ਕਹਿਣ ਲਗਿਆ, "ਸਾਨੂੰ ਢਾਈ ਕਦਮਾਂ ਹੀ ਬਹੁਤ ਹੈ।" ਕਹਿਣ ਲੱਗਿਆ, "ਤੁਸੀਂ ਆਪ ਮਿਣ ਲਵੋ, ਉਸ ਦਾ ਖਿਆਲ ਸੀ ਕਿ 4-5 ਫੁੱਟ ਜ਼ਮੀਨ ਮਿਣੀ ਜਾਵੇਗੀ ਪਰ ਹੈਰਾਨ ਹੋ ਗਿਆ ਕਿ ਜਦੋਂ ਪ੍ਰਭੂ ਨੇ ਆਪਣਾ ਵੈਰਾਟ ਰੂਪ ਧਾਰਨ ਕਰ ਲਿਆ ਅਤੇ ਦੋ ਕਦਮਾਂ ਵਿਚ ਸਾਰੀ ਧਰਤੀ ਮਿਣ ਲਈ ਤਾਂ ਪ੍ਰਭੂ ਨੇ ਕਿਹਾ ਕਿ ਹੁਣ ਸਾਨੂੰ ਅੱਧਾ ਕਦਮ ਹੋਰ ਚਾਹੀਦੀ ਹੈ। ਉਸ ਨੂੰ ਹੋਸ਼ ਆਈ ਕਿ ਮੈਂ ਪ੍ਰਭੂ ਦੀਆਂ ਦਾਤਾਂ ਪ੍ਰਾਪਤ ਕਰਕੇ ਕਿੰਨਾ ਅਭਿਮਾਨੀ ਹੋ ਗਿਆ ਸੀ। ਉਸ ਵੇਲੇ ਸੋਝੀ ਆਈ ਕਿ ਮੈਂ ਇਨ੍ਹਾਂ ਨੂੰ ਆਪਣਾ ਸਰੀਰ ਅਰਪਣ ਕਰ ਦੇਵਾਂ। ਪ੍ਰਭੂ ਨੇ ਸਰੀਰ ਤੇ ਚਰਨ ਰੱਖ ਕੇ ਪਾਤਾਲ ਵਿਚ ਅਟੱਲ ਰਾਜ ਬਖਸ਼ ਦਿਤਾ। ਬਾਣੀ ਵਿਚ ਆਉਂਦਾ ਹੈ-

***ਭਗਤ ਹੇਤਿ ਮਾਰਿਓ ਹਰਨਾਖਸੁ***
***ਨਰਸਿੰਘ ਰੂਪ ਹੋਇ ਦੇਹ ਧਰਿਓ॥***
***ਨਾਮਾ ਕਹੈ ਭਗਤਿ ਬਸਿ ਕੇਸਵ***
***ਅਜਹੂੰ ਬਲਿ ਕੇ ਦੁਆਰ ਖਰੋ॥ ਅੰਗ - 1105***

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥***
***ਬੇਦ ਕੀ ਬਿਪਤਿ ਪੜੀ ਪਛੁਤਾਨਿਆ॥***
***ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥***
***ਅੰਗ - 224***

ਬਲ ਰਾਜੇ ਬਾਰੇ ਆਪ ਉਪਰ ਕਥੀ ਘਟਨਾ ਦਾ ਹਵਾਲਾ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ -

***ਬਲਿ ਰਾਜਾ ਮਾਇਆ ਅਹੰਕਾਰੀ॥***
***ਜਗਨ ਕਰੈ ਬਹੁ ਭਾਰ ਅਫਾਰੀ॥***
***ਬਿਨੁ ਗੁਰ ਪੂਛੇ ਜਾਇ ਪਇਆਰੀ॥ ਅੰਗ - 224***

ਇਸੇ ਤਰ੍ਹਾਂ ਨਾਲ ਹਰਣਾਖਸ, ਰਾਵਣ, ਸਹਸਬਾਹੁ, ਮਧ ਕੀਟ, ਮਹਿਖਾਸਰ, ਜਰਾਸੰਧ, ਕਾਲਜਮੁਨ, ਰਕਤਬੀਜ, ਕਾਲਨੇਮ, ਦੁਰਜੋਧਨ ਵਰਗੇ ਅਭਿਮਾਨੀਆਂ ਬਾਰੇ ਬਹੁਤ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਅਭਿਮਾਨ ਦੇ ਵਸ ਹੋਏ ਹੋਏ ਮਾਰੇ ਗਏ ਅਤੇ ਅਨੇਕ ਦੁਖ ਪਾਏ।

***ਸੂਰੇ ਏਹਿ ਨ ਆਖੀਅਹਿ***
***ਅਹੰਕਾਰਿ ਮਰਹਿ ਦੁਖੁ ਪਾਵਹਿ॥***
***ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ॥***
***ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ***
***ਪਾਵਹਿ॥***
***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ॥।***
***ਅਹੰਕਾਰਿ ਮੁਏ ਸੇ ਵਿਗਤੀ ਗਏ***
***ਮਰਿ ਜਨਮਹਿ ਫਿਰਿ ਆਵਹਿ॥ ਅੰਗ - 1089***

ਅਭਿਮਾਨ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਕਿ ਵੱਡੇ-ਵੱਡੇ ਜੋਗੀ, ਸੰਨਿਆਸੀ, ਪੰਡਤ, ਗਿਆਨੀ, ਸੂਰਮੇ, ਦਾਨੀ, ਅਭਿਮਾਨ ਦੇ ਅਸਰ ਵਿਚ ਗਿਰ ਜਾਂਦੇ ਹਨ। ਉਨ੍ਹਾਂ ਦੇ ਮਨ ਵਿਚੋਂ ਅਭਿਮਾਨ ਵਾਲੀ ਬੁੱਧ ਦਾ ਨਾਸ਼ ਹੀ ਨਹੀਂ ਹੁੰਦਾ। ਫੁਰਮਾਨ ਹੈ -

***ਹਮ ਬਡ ਕਬਿ ਕੁਲੀਨ***
***ਹਮ ਪੰਡਿਤ ਹਮ ਜੋਗੀ ਸੰਨਿਆਸੀ॥***
***ਗਿਆਨੀ ਗੁਨੀ ਸੂਰ ਹਮ ਦਾਤੇ***
***ਇਹ ਬੁਧਿ ਕਬਹਿ ਨ ਨਾਸੀ॥ ਅੰਗ - 974***

ਅਭਿਮਾਨ ਕਰਨ ਵਾਲਿਆਂ ਨੂੰ ਧਰਮਰਾਜ ਦੀ ਦਰਗਾਹ ਵਿਚ ਜਾ ਕੇ ਖੁਆਰੀ ਹੁੰਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਧਨਵੰਤਾ ਹੋਇ ਕਰਿ ਗਰਬਾਵੈ॥***
***ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ॥***
***ਬਹੁ ਲਸਕਰ ਮਾਨੁਖ ਊਪਰਿ ਕਰੇ ਆਸ॥***
***ਪਲ ਭੀਤਰਿ ਤਾ ਕਾ ਹੋਇ ਬਿਨਾਸ॥***
***ਸਭ ਤੇ ਆਪ ਜਾਨੈ ਬਲਵੰਤ॥***
***ਖਿਨ ਮਹਿ ਹੋਇ ਜਾਇ ਭਸਮੰਤੁ॥***
***ਕਿਸੈ ਨ ਬਦੈ ਆਪਿ ਅਹੰਕਾਰੀ॥***
***ਧਰਮਰਾਇ ਤਿਸੁ ਕਰੇ ਖੁਆਰੀ॥ ਅੰਗ - 278***

ਆਪਣੇ ਗੁਣਾਂ ਦੇ ਅਭਿਮਾਨ ਵਿਚ ਬੁੱਧੀ ਐਨੀ ਦੂਸ਼ਿਤ ਹੋ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਬਹੁਤ ਵੱਡਾ ਮੰਨਣਾ ਸ਼ੁਰੂ ਕਰ ਦਿੰਦਾ ਹੈ। ਗਰੀਬ ਆਦਮੀ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ। ਜੇ ਉਹ ਆ ਕੇ ਸਲਾਮ, ਫਤਹਿ, ਨਮਸਕਾਰ ਆਦਿ ਸਤਿਕਾਰ ਵਜੋਂ ਬੋਲੇ ਤਾਂ ਇਹ ਸਮਝਦਾ ਹੈ ਕਿ ਇਹ ਬੰਦਾ ਮੇਰੇ ਸਾਹਮਣੇ ਕੁਝ ਵੀ ਨਹੀਂ ਹੈ ਅਤੇ ਅਭਿਮਾਨ ਵਿਚ ਮਤਿਆ ਹੋਇਆ ਸਿੱਧੇ ਮੂੰਹ ਗੱਲ ਵੀ ਨਹੀਂ ਕਰਦਾ। ਅਜਿਹੇ ਪੁਰਸ਼ ਨੂੰ ਕਦੇ ਵੀ ਗਿਆਨ ਨਹੀਂ ਹੋ ਸਕਦਾ ਅਤੇ ਉਸ ਨੂੰ ਦੋਜਕ ਵਿਚ ਜਾ ਕੇ ਸੜਨਾ ਪੈਂਦਾ ਹੈ -

***ਆਪਸ ਕਉ ਦੀਰਘੁ ਕਰਿ ਜਾਨੈ***
***ਅਉਰਨ ਕਉ ਲਗ ਮਾਤ॥***
***ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ॥***
***ਅੰਗ - 1105***

ਗੁਰੂ ਮਹਾਰਾਜ ਜੀ ਇਸ ਦੀਰਘ ਰੋਗ ਤੋਂ, ਜੋ ਹਉਮੈ ਦੀ ਉਪਜ ਹੈ, ਸੁਚੇਤ ਕਰਦੇ ਹੋਏ ਫੁਰਮਾਉਂਦੇ ਹਨ ਕਿ ਪਿਆਰਿਓ! ਦਾਤਾਂ ਸਾਰੀਆਂ ਵਾਹਿਗੁਰੂ ਜੀ ਦੀਆਂ ਹੁੰਦੀਆਂ ਹਨ। ਉਹੀ ਸੁੰਦਰ ਸਰੀਰ ਦਿੰਦਾ ਹੈ, ਓਹੀ ਸਰੀਰ ਵਿਚ ਅਤਿ ਦਾ ਬਲ ਦਿੰਦਾ ਹੈ, ਉਹੀ ਵਿਦਿਆ ਦਿੰਦਾ ਹੈ, ਉਹਦੀ ਕ੍ਰਿਪਾ ਨਾਲ ਹੀ ਸੋਹਣਾ

ਪਰਿਵਾਰ ਮਿਲਦਾ ਹੈ, ਓਹਦੀ ਕ੍ਰਿਪਾ ਨਾਲ ਹੀ ਸਮਾਜ ਵਿਚ ਸਾਡੀ ਵਡਿਆਈ ਹੁੰਦੀ ਹੈ। ਆਪਣੇ ਬਲ ਦਾ ਅਭਿਮਾਨ ਕਰਨਾ ਆਪਣੇ ਆਪ ਨੂੰ ਧਰਤੀ ਤੇ ਗਿਰਾਉਣ ਦਾ ਕਾਰਨ ਬਣਦਾ ਹੈ।

*ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥*
*ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥*
*ਅੰਗ - 956*

ਸੋ ਇਸ ਤਰ੍ਹਾਂ ਨਾਲ ਕਬੀਰ ਸਾਹਿਬ ਜੀ ਸਾਨੂੰ ਮਤ ਦਿੰਦੇ ਹੋਏ ਫੁਰਮਾਨ ਕਰਦੇ ਹਨ -

*ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ ॥*
*ਆਜੁ ਕਾਲਿ ਭੁਇ ਲੇਟਣਾ ਊਪਰ ਜਾਮੈ ਘਾਸੁ ॥*
*ਅੰਗ - 1366*
*ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥*
*ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ ॥*
*ਅੰਗ - 1366*

ਸੋ ਇਸ ਕਰਕੇ ਅਭਿਮਾਨ ਵਾਹਿਗੁਰੂ ਜੀ ਨੂੰ ਬਿਲਕੁਲ ਹੀ ਨਹੀਂ ਭਾਉਂਦਾ। ਅਭਿਮਾਨੀ ਪੁਰਸ਼ ਵਾਹਿਗੁਰੂ ਜੀ ਦੀ ਕ੍ਰਿਪਾ ਤੋਂ ਵਾਂਝਾ ਰਹਿੰਦਾ ਹੈ, ਅਭਿਮਾਨ ਕਰਕੇ ਉਸ ਦੇ ਅੰਦਰ ਅਨੇਕਾਂ ਰੋਗ ਉਤਪੰਨ ਹੋ ਜਾਇਆ ਕਰਦੇ ਹਨ ਕਿਉਂਕਿ ਇਸ ਦੀ ਲਿਵ ਵਾਹਿਗੁਰੂ ਜੀ ਨਾਲ ਬਿਲਕੁਲ ਹੀ ਨਹੀਂ ਲਗ ਸਕਦੀ। ਜੋ ਵਾਹਿਗੁਰੂ ਤੋਂ ਭੁੱਲਿਆ ਹੋਇਆ ਹੈ ਉਸ ਉਪਰ ਅਨੇਕਾਂ ਰੋਗ ਹੱਲਾ ਕਰਕੇ ਆ ਝਪਟਦੇ ਹਨ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਅੰਗ - 135*

ਇਸ ਦੇ ਨਾਲ ਹੀ ਜੀਵ ਨੂੰ ਭਵਜਲ ਸਾਗਰ ਤੋਂ ਪਾਰ ਹੋਣ ਤੋਂ ਰੁਕਾਵਟਾਂ ਪਾਉਂਦੇ ਹਨ। ਉਹ ਪੰਜ ਕਿਸਮ ਦੇ ਅਹੰਕਾਰ ਹਨ ਜਿਨ੍ਹਾਂ ਦੇ ਵਸ ਪਿਆ ਹੋਇਆ ਜੀਵ ਠੱਗਿਆ ਜਾਂਦਾ ਹੈ। ਫੁਰਮਾਨ ਹੈ -

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*
*ਅੰਗ - 1288*

ਸੰਤ ਮਹਾਰਾਜ ਜੀ ਨੇ ਇਸ ਲੰਮੇ ਵਿਚਾਰ ਨੂੰ ਸੰਕੋਚਦਿਆਂ ਫੁਰਮਾਇਆ ਕਿ ਆਪ ਅਭਿਮਾਨ ਬਾਰੇ ***'ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥'*** ਵਾਲਾ ਸ਼ਬਦ ਵਿਚਾਰ ਕੇ ਪੜ੍ਹ ਲਓ ਜੋ ਪਾਠਕਾਂ ਦੀ ਵਿਚਾਰ ਲਈ ਨਿਮਨ ਅੰਕਿਤ ਕੀਤਾ ਜਾਂਦਾ ਹੈ -

*ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥*
*ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥*
*ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥*
*ਐਸਾ ਗਰਬੁ ਬੁਰਾ ਸੰਸਾਰੈ ॥*
*ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥*
*ਬਲਿ ਰਾਜਾ ਮਾਇਆ ਅਹੰਕਾਰੀ ॥*
*ਜਗਨ ਕਰੈ ਬਹੁ ਭਾਰ ਅਫਾਰੀ ॥*
*ਬਿਨੁ ਗੁਰ ਪੂਛੇ ਜਾਇ ਪਇਆਰੀ ॥*
*ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥*
*ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥*
*ਆਪਿ ਭੁਲਾਇ ਆਪੇ ਮਤਿ ਦੇਵੈ ॥*
*ਦੁਰਮਤਿ ਹਰਣਾਖਸੁ ਦੁਰਾਚਾਰੀ ॥*
*ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥*
*ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥*
*ਭੂਲੋ ਰਾਵਣੁ ਮੁਗਧੁ ਅਚੇਤਿ ॥*
*ਲੂਟੀ ਲੰਕਾ ਸੀਸ ਸਮੇਤਿ ॥*
*ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥*
*ਸਹਸਬਾਹੁ ਮਧੁ ਕੀਟ ਮਹਿਖਾਸਾ ॥*
*ਹਰਣਾਖਸੁ ਲੇ ਨਖਹੁ ਬਿਧਾਸਾ ॥*
*ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥*
*ਜਰਾਸੰਧਿ ਕਾਲਜਮੁਨ ਸੰਘਾਰੇ ॥*
*ਰਕਤਬੀਜੁ ਕਾਲੁਨੇਮੁ ਬਿਦਾਰੇ ॥*
*ਦੈਤ ਸੰਘਾਰਿ ਸੰਤ ਨਿਸਤਾਰੇ ॥*
*ਆਪੇ ਸਤਿਗੁਰ ਸਬਦੁ ਬੀਚਾਰੇ ॥*
*ਦੂਜੈ ਭਾਇ ਦੈਤ ਸੰਘਾਰੇ ॥*
*ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥*
*ਬੂਡਾ ਦੁਰਜੋਧਨੁ ਪਤਿ ਖੋਈ ॥*
*ਰਾਮੁ ਨ ਜਾਨਿਆ ਕਰਤਾ ਸੋਈ ॥*
*ਜਨ ਕਉ ਦੂਖਿ ਪਚੈ ਦੁਖੁ ਹੋਈ ॥*
*ਜਨਮੇਜੈ ਗੁਰ ਸਬਦੁ ਨ ਜਾਨਿਆ ॥*
*ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥*
*ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥*
*ਕੰਸੁ ਕੇਸੁ ਚਾਂਡੂਰੁ ਨ ਹੋਈ ॥*
*ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥*
*ਬਿਨੁ ਜਗਦੀਸ ਨ ਰਾਖੈ ਕੋਈ ॥*
*ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥*
*ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥*
*ਨਾਨਕ ਨਾਮੁ ਮਿਲੈ ਗੁਣ ਗਾਇ ॥*
*ਅੰਗ - 224-25*

ਐਨੇ ਬਚਨ ਕਰਕੇ ਆਪ ਜੀ ਆਪਣੇ ਕਮਰੇ ਵਲ ਚਲੇ ਗਏ ਜਿਥੇ ਬਾਬੂ ਰਲਾ ਸਿੰਘ ਜੀ, ਜੋ ਉਨ੍ਹਾਂ ਦੇ ਗੜਵਾ ਬਰਦਾਰ ਸਨ, ਉਨ੍ਹਾਂ ਨੂੰ ਜਲ ਪਾਣੀ ਛਕਾਉਣ ਲਈ ਕਾਫੀ ਸਮੇਂ ਤੋਂ ਉਡੀਕਵਾਨ ਸਨ। ਅੱਜ ਮਹਾਰਾਜ ਜੀ ਦਾ ਅਸੀਂ ਵੱਧ ਸਮਾਂ ਲੈ ਲਿਆ। ਵਾਹਿਗੁਰੂ ਜੀ ਮਿਹਰ ਕਰਨ, ਉਨ੍ਹਾਂ ਦੇ ਬਚਨਾਂ ਦੇ ਪ੍ਰਕਾਸ਼ ਵਿਚੋਂ ਸਾਨੂੰ ਵੀ ਕੋਈ ਪ੍ਰਕਾਸ਼ ਦਾ ਕਿਣਕਾ ਮਿਲ ਸਕੇ। ਸਾਡੀ ਅਰਦਾਸ ਹੈ ਕਿ ਇਨ੍ਹਾਂ ਭਿਆਨਕ ਮਗਰਮੱਛ ਰੂਪੀ ਕਾਮ ਆਦਿਕਾਂ ਤੋਂ ਵਾਹਿਗੁਰੂ ਜੀ ਅਸਾਡੀ ਰਖਸ਼ਾ ਕਰਨ ਅਤੇ ਅਸਾਡਾ ਚਿੱਤ ਨਾਮ ਬਾਣੀ ਵਿਚ ਲੱਗ ਸਕੇ, ਨਹੀਂ ਤਾਂ ਪੂਰਾਂ ਦੇ ਪੂਰ ਇਨ੍ਹਾਂ ਮੱਗਰਮੱਛਾਂ ਨੇ ਖਾ ਕੇ ਨਾਸ਼ ਕਰ ਦਿਤੇ ਹਨ। ਸੰਸਾਰ ਭਵਜਲ ਵਿਚ ਦੁਖਾਂ-ਸੁਖਾਂ ਦਾ ਪਾਣੀ, ਆਸ਼ਾਵਾਂ ਤ੍ਰਿਸ਼ਨਾਂ ਦੀਆਂ ਅਥਾਹ ਲਹਿਰਾਂ ਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਭਿਆਨਕ ਮਗਰਮੱਛ ਜੀਵਾਂ ਨੂੰ ਸੰਸਾਰ ਸਾਗਰ ਵਿਚ ਗੋਤੇ ਖੁਆ ਰਹੇ ਹਨ। ਵਿਸਥਾਰ ਨਾਲ ਸੰਤ ਮਹਾਰਾਜ ਜੀ (ਰਾੜੇ ਸਾਹਿਬ ਵਾਲਿਆਂ) ਤੋਂ ਸੰਗਤ ਸਰਵਣ ਕਰ ਚੁੱਕੀ ਹੈ। ਇਸ ਤੋਂ ਅੱਗੇ ਦੀਆਂ ਰੁਕਾਵਟਾਂ ਦਾ ਵਰਣਨ ਅਗਲੇ ਅੰਕ ਵਿਚ ਦਰਜ ਕੀਤਾ ਜਾਵੇਗਾ।

********

# ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਡੱਲਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-19)*

ਕਹਿਣ ਲੱਗੇ, ਡੱਲਿਆ! ਜੇ ਕੋਈ ਰੱਬੀ ਹੁਕਮ ਦੇ ਨਾਲ compromise (ਸੰਮਤੀ) ਨਾ ਕਰਕੇ, ਆਪਣੇ ਜ਼ੋਰ ਨਾਲ ਕਹਿੰਦਾ ਹੈ ਕਿ ਮੈਂ ਨਹੀਂ ਇਹ ਗੱਲ ਹੋਣ ਦੇਣੀ, ਕਹਿੰਦੇ ਉਹ ਅੰਧ ਕਮਾਉਂਦਾ ਹੈ ਕਿਉਂਕਿ -

*ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥*
*ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥*
*ਨਾਨਕ ਹੁਕਮੁ ਕੋ ਗੁਰਮੁਖਿ ਬੁਝੈ*
*ਜਿਸ ਨੋ ਕਿਰਪਾ ਕਰੇ ਰਜਾਇ ॥* *ਅੰਗ - ੫੫੭*

ਰਾਜਾ ਜਨਮੇਜਾ ਅਰਜਨ ਦਾ ਪੜੋਤਾ ਸੀ। ਮਹਾਂਭਾਰਤ ਦੇ ਯੁੱਧ ਵਿਚ 7 ਘੱਟ 45 ਲੱਖ ਬੰਦਾ, 18 ਦਿਨਾਂ 'ਚ ਮਾਰਿਆ ਗਿਆ। ਐਡੀ ਵੱਡੀ ਦੁਖਾਂਤ ਘਟਨਾ ਦੁਨੀਆਂ 'ਚ ਹੋਈ ਨਹੀਂ, ਇਸੇ ਕਰਕੇ ਇਹਦਾ ਨਾਉਂ ਮਹਾਂਭਾਰਤ ਹੈ। ਜੇ world war second ਲੱਗੀ, (ਦੂਜਾ ਸੰਸਾਰ ਯੁੱਧ ਹੋਇਆ) ਬੰਦੇ ਤਾਂ ਕਰੋੜਾਂ ਮਰ ਗਏ ਉਹਦੇ 'ਚ। ਪਰ ਪੰਜ ਸਾਲ ਲੱਗੇ ਉਸਨੂੰ ਲਗਾਤਾਰ। ਇਹ ਸਿਰਫ 18 ਦਿਨ ਯੁੱਧ ਹੋਇਆ ਹੈ। 18 ਦਿਨਾਂ 'ਚ 45 ਲੱਖ ਬੰਦਾ ਮਾਰਿਆ ਗਿਆ, 7 ਬੰਦੇ ਬਚੇ ਸੀ। ਸਾਰਾ ਹਿੰਦੋਸਤਾਨ ਖੋਖਲਾ ਹੋ ਗਿਆ। ਬਹਾਦਰ ਸਾਰੇ ਹੀ ਮਾਰੇ ਗਏ। ਔਰਤਾਂ ਵਿਧਵਾ ਹੋ ਗਈਆਂ ਤੇ ਇਹ ਰਾਜਾ ਜਨਮੇਜਾ ਇਸੇ ਗੱਲ ਨੂੰ ਸੋਚਦਾ ਰਹਿੰਦਾ ਸੀ ਕਿ ਕਿੱਡੇ-ਕਿੱਡੇ ਸਿਆਣੇ ਬੰਦੇ ਸੀ ਯੁੱਧ ਕਰਾ ਕੇ ਸਾਰਾ ਹਿੰਦੋਸਤਾਨ ਹੀ ਖਤਮ ਕਰਾ ਦਿਤਾ। ਕ੍ਰਿਸ਼ਨ ਮਹਾਰਾਜ ਨੇ ਕਿਉਂ ਯੁੱਧ ਕਰਾਇਆ ਜਦ ਕਿ ਅਰਜਨ ਕਹਿੰਦਾ ਸੀ ਮੇਰੇ ਤੋਂ ਨਹੀਂ ਹੁੰਦਾ। ਫੇਰ ਕਰਾਉਣਾ ਨਹੀਂ ਸੀ ਚਾਹੀਦਾ। ਇਹ ਗੱਲਾਂ ਇਹਦੇ ਸੰਸੇ ਦੇ ਵਿਚ ਵਿਆਪਕ ਨੇ। ਅੰਦਰ ਬੈਠ ਗਈਆਂ, ਬਿਆਸ ਜੀ ਜਦੋਂ ਆਉਂਦੇ ਨੇ ਸਤਿਕਾਰ ਕੀਤਾ ਏਸ ਨੇ, ਨਾਲ ਕਿਹਾ ਕਿ ਮਹਾਰਾਜ! ਮੇਰੇ ਮਨ 'ਚ ਇਕ ਸੰਸਾ ਹੈ ਜ਼ਬਰਦਸਤ, ਤੁਸੀਂ ਵੀ ਸੀਗੇ, ਕ੍ਰਿਸ਼ਨ ਮਹਾਰਾਜ ਵੀ ਸੀਗੇ, ਭੀਸ਼ਮ ਪਿਤਾਮਾ ਸੀ, ਗੁਰੂ ਦਰੋਣਾਚਾਰੀਆ ਸੀ, ਬਿਦਰ ਵਰਗੇ ਨੀਤੀਵਾਨ ਸੀਗੇ। ਵੱਡੇ-ਵੱਡੇ ਪ੍ਰਾਕਰਮੀ ਰਾਜੇ ਸੀ। ਫੇਰ ਵੀ ਤੁਸੀਂ ਯੁੱਧ ਕਿਉਂ ਕਰਿਆ ਘਰ ਦਾ। ਸਾਰਾ ਸਰਵਨਾਸ਼ ਕਰ ਲਿਆ।

ਉਸ ਵੇਲੇ ਕਹਿਣ ਲੱਗੇ ਕਿ ਰਾਜਾ ਜਨਮੇਜਾ! ਜੋ ਕੁਛ ਹੋਣਾ ਹੁੰਦਾ ਹੈ, ਹੋ ਹੀ ਜਾਇਆ ਕਰਦਾ ਹੈ। ਕਹਿੰਦੇ, ਮਹਾਰਾਜ! ਅਕਲ ਤਾਂ ਇਹ ਗੱਲ ਕਹਿੰਦੀ ਨਹੀਂ। ਕਹਿੰਦੇ ਅਕਲ ਤਾਂ ਮਾਰੀ ਜਾਂਦੀ ਹੁੰਦੀ ਹੈ -

*ਵਿਨਾਸ ਕਾਲੰ ਬਿਪਰੀਤ ਬੁੱਧੀ ।*

ਜਦੋਂ ਕਿਸੇ ਦਾ ਨਾਸ਼ ਹੋਣਾ ਹੁੰਦਾ ਹੈ। ਚਾਹੇ ਕੌਮ ਦਾ, ਚਾਹੇ ਘਰ ਦਾ, ਚਾਹੇ ਦੇਸ਼ ਦਾ, ਉਸ ਵੇਲੇ ਬੁੱਧੀ ਉਲਟੀ ਹੋ ਜਾਂਦੀ ਹੈ। ਉਲਟਾ ਹੀ ਸੋਚਦੇ ਨੇ ਸਿੱਧਾ ਸੋਚਦੇ ਹੀ ਨਹੀਂ -

*ਹੋਣਹਾਰ ਹਿਰਦੇ ਬਸੀ ਗਈ ਸਰੀਰੋਂ ਬੁੱਧ।*

ਉਸ ਵੇਲੇ ਬੁੱਧੀ ਨਾਸ਼ ਹੋ ਜਾਂਦੀ ਹੈ ਬੰਦੇ ਦੀ। ਭਲਾ ਤੇ ਬੁਰਾ ਸੋਚ ਨਹੀਂ ਸਕਦਾ। ਸਤਿ ਤੇ ਅਸਤਿ ਦੇ ਵਿਚ ਨਿਰਣਾ ਨਹੀਂ ਕਰ ਸਕਦਾ। ਜੋ ਕੁਛ ਆ ਗਿਆ ਉਹਦੇ ਮਨ ਵਿਚ, ਉਹਨੇ ਕਰ ਕੇ ਰਹਿਣਾ ਹੈ। ਸੋ ਇਸ ਕਰਕੇ ਯੁੱਧ ਹੋਇਆ। ਹੋਣਾ ਹੀ ਠੀਕ ਹੈ। ਕਹਿੰਦੇ, ਇਹ ਤਾਂ ਗਲਤ ਹੈ। ਤੁਹਾਨੂੰ ਤਾਂ ਪਤਾ ਸੀ ਕਿ ਇਹ ਹੋਣਾ ਹੈ?

ਕਹਿੰਦੇ, ਹਾਂ ਸਾਨੂੰ ਪਤਾ ਸੀ।

ਕਹਿੰਦੇ ਕ੍ਰਿਸ਼ਨ ਮਹਾਰਾਜ ਨੂੰ?

ਕਹਿੰਦੇ, ਉਨ੍ਹਾਂ ਨੂੰ ਵੀ ਪਤਾ ਸੀ।

ਹੋਰ?

ਕਹਿੰਦੇ, ਭੀਸ਼ਮ ਪਿਤਾਮਾ ਨੂੰ ਵੀ ਪਤਾ ਸੀ, ਉਹ ਬਾਲ ਜਤੀ ਸੀ। ਕਹਿੰਦਾ, ਇਹ ਤਾਂ ਗੱਲ ਮਾੜੀ ਹੈ, ਪਤਾ ਹੋਵੇ ਤੇ ਆਦਮੀ ਖੂਹ ਵਿਚ ਗਿਰੇ? ਫੇਰ ਤਾਂ ਬਚ ਹੀ ਜਾਂਦਾ ਹੈ ਕਿ ਮੈਂ ਖੂਹ 'ਚ ਕਿਉਂ ਗਿਰਾਂ। ਜੇ ਮੈਨੂੰ ਪਤਾ ਹੋਵੇ, ਮੈਂ ਨਹੀਂ ਸੀ ਇਹ ਗੱਲ ਹੋਣ ਦੇਣੀ। ਸਾਰੇ ਪਿਛੋਂ ਕਹਿ ਦਿੰਦੇ ਨੇ ਕਿ ਭਾਣਾ ਜੀ, ਹੁਕਮ ਜੀ, ਫਲਾਣਾ ਜੀ। ਜੇ ਪਹਿਲਾਂ ਪਤਾ ਹੋਵੇ ਬੰਦਾ ਹੋਣ ਨਹੀਂ ਦਿੰਦਾ।

ਉਹ ਕਹਿਣ ਲੱਗੇ ਕਿ ਰਾਜਾ ਜਨਮੇਜਾ! ਲੈ ਤੈਨੂੰ ਦਸ ਦਿੰਦੇ ਹਾਂ ਕਿ ਤੇਰੇ ਨਾਲ ਕੀ ਭਾਣਾ ਵਰਤਣਾ ਹੈ। ਤੂੰ ਇਕ ਘੋੜੀ ਖਰੀਦਣੀ ਹੈ। ਉਹ ਖਰੀਦ ਕੇ ਦੱਖਣ ਦਿਸ਼ਾ ਨੂੰ ਜਾਣਾ ਹੈ। ਉਥੇ ਤੈਨੂੰ ਪਾਣੀ ਦੀ ਲੱਗਣੀ ਹੈ ਪਿਆਸ। ਇਕ ਲੜਕੀ ਨੇ ਤੈਨੂੰ ਪਾਣੀ ਪਿਲਾਉਣ ਵਾਸਤੇ ਝੌਂਪੜੀ 'ਚੋਂ ਨਿਕਲਣਾ ਹੈ। ਉਹਦੀ ਸੁੰਦਰਤਾ ਦੇਖ ਕੇ ਤੂੰ ਮੋਹਿਆ ਜਾਏਂਗਾ। ਤੇਰੀ ਸੁਰਤ ਮਾਰੀ ਜਾਏਗੀ ਤੇ ਤੈਨੂੰ ਭਲੇ ਤੇ ਬੁਰੇ ਦਾ ਧਿਆਨ ਖਤਮ ਹੋ ਜਾਏਗਾ। ਉਸ ਲੜਕੀ ਨੂੰ ਤੂੰ ਲੈ ਆਏਂਗਾ। ਕਿਉਂਕਿ ਉਹਦੀ ਜਾਤੀ ਦਾ ਪਤਾ ਨਹੀਂ ਹੈ ਇਸ ਕਰਕੇ ਸਾਰੀ ਪਰਜਾ ਖਿਲਾਫ ਹੋ ਜਾਏਗੀ। ਤੂੰ ਅਸ੍ਵਮੇਧ ਯੱਗ ਕਰੇਂਗਾ। ਕਿਸੇ ਵੀ ਬ੍ਰਾਹਮਣ ਨੇ ਤੇਰੇ ਯੱਗ ਵਿਚ ਸ਼ਾਮਲ ਨਹੀਂ ਹੋਣਾ। ਤੂੰ ਸਕੂਲਾਂ ਦੇ ਬੱਚੇ ਲਿਆਏਂਗਾ ਉਸ ਵੇਲੇ ਕੋਈ ਐਸੀ ਘਟਨਾ ਵਾਪਰੇਗੀ, ਤੂੰ ਕ੍ਰੋਧ ਵਿਚ ਆ ਕੇ ਉਨ੍ਹਾਂ ਦੇ ਸਿਰ ਵੱਢ ਦੇਵੇਂਗਾ। ਉਹਦਾ ਫਲ ਇਹ ਹੋਏਗਾ ਕਿ ਤੈਨੂੰ ਕੋਹੜ ਹੋ ਜਾਏਗਾ। ਤੂੰ ਦੁਖੀ ਹੋਏਂਗਾ। ਇਥੇ ਤੱਕ ਤਾਂ ਮੈਂ ਤੈਨੂੰ ਹੁਣ ਗੱਲ ਦਸਦਾ ਹਾਂ। ਜਦੋਂ ਇਹ ਗੱਲ ਵਾਪਰ ਗਈ ਫੇਰ ਮੈਨੂੰ ਯਾਦ ਕਰ ਲਈਂ। ਅਗਾਹਾਂ ਵਾਲੀ ਫੇਰ ਮੈਂ ਦੱਸਾਂਗਾ।

ਕਹਿੰਦਾ, ਹੋ ਹੀ ਨਹੀਂ ਸਕਦਾ। ਹੁਕਮ ਦੇ ਦਿਤਾ ਕਿ ਕੋਈ ਘੋੜਾ ਨਹੀਂ ਖਰੀਦਣਾ। ਚਾਰ ਸਾਲ ਲੰਘ ਗਏ। ਘੋੜੇ ਜਿਹੜੇ ਸੀ ਉਹ ਮਾੜੇ ਹੋ ਗਏ, ਬੁੱਢੇ ਹੋ ਗਏ। ਜਰਨੈਲਾਂ ਨੇ ਕਿਹਾ ਕਿ ਲੜਾਈ ਨਹੀਂ ਲੜੀ ਜਾਣੀ। ਨਵੇਂ ਘੋੜੇ ਖਰੀਦੋ। ਹੁਕਮ ਹੋ ਗਿਆ ਕਿ ਘੋੜੇ ਖਰੀਦ ਲਓ, ਘੋੜੀ ਨਹੀਂ ਖਰੀਦਣੀ। ਲੇਕਿਨ ਇਕ ਘੋੜੀ ਐਸੀ ਆ ਗਈ ਜਿਹਨੇ ਵੀ ਦੇਖੀ ਉਹ ਕਹਿਣ ਕਿ ਇਹ ਘੋੜੀ ਤਾਂ ਸਾਡੇ ਮਹਾਰਾਜ ਕੋਲ ਚਾਹੀਦੀ ਹੈ। ਰਾਜੇ ਜਨਮੇਜੇ ਨੂੰ ਮਨਾ ਲਿਆ ਕਿ ਘੋੜੀ ਲੈ ਲਓ, ਪਰ ਇਸ 'ਤੇ ਚੜ੍ਹਿਓ ਨਾ, ਘੋੜੀ ਅਸਤਬਲ 'ਚ ਖੜ੍ਹੀ ਰਹੇਗੀ। ਘੋੜੀ ਖਰੀਦ ਲਈ, ਰੋਜ਼ ਉਸ ਕੋਲ ਜਾਂਦਾ ਹੈ, ਘੋੜੀ ਮਾੜੀ ਹੋਣੀ ਸ਼ੁਰੂ ਹੋ ਗਈ।

ਅਖੀਰ ਇਹ ਹੋਇਆ ਕਿ ਮਹਾਰਾਜ! ਤੁਸੀਂ ਦੱਖਣ ਦਿਸ਼ਾ ਨਾ ਜਾਇਓ, ਬਾਕੀ ਤਾਂ ਸੈਰ-ਸਪਾਟੇ ਕਰੋ ਇਸ 'ਤੇ। ਕਰਦੇ-ਕਰਦੇ ਇਕ ਦਿਨ ਦਿਸ਼ਾ ਭਰਮ ਲਗ ਗਿਆ, ਦੱਖਣ ਦਿਸ਼ਾ 'ਚ ਚਲਾ ਗਿਆ। ਉਥੇ ਜਾ ਕੇ ਪਿਆਸ ਲੱਗ ਗਈ। ਉਸ ਲੜਕੀ ਨੇ ਪਾਣੀ ਪਿਲਾ ਦਿਤਾ, ਦੇਖਦੇ ਸਾਰ ਮੋਹਿਆ ਗਿਆ ਸਭ ਜਪ, ਤਪ, ਗਿਆਨ, ਧਿਆਨ ਸੁਆਹ ਬਣ ਗਏ। ਉਹਦੇ ਰੂਪ ਵਿਚ ਮੋਹਿਤ ਹੋ ਕੇ ਉਹਨੂੰ ਚੁੱਕ ਲਿਆਇਆ, ਜਾਤੀ-ਕੁਜਾਤੀ ਦਾ ਵੀ ਕੋਈ ਫਰਕ ਨਾ ਇਹਨੇ ਦੇਖਿਆ। ਮਹਿਲਾਂ 'ਚ ਲੈ ਆਇਆ। ਬੜਾ ਰੋਸ ਜਾਗ ਗਿਆ ਪ੍ਰਜਾ ਵਿਚ। ਉਹਨੂੰ ਦੂਰ ਕਰਨ ਵਾਸਤੇ ਅਸ੍ਵਮੇਧ ਯੱਗ ਰਚ ਦਿਤਾ ਇਹਨੇ। ਅਸ੍ਵਮੇਧ ਵਿਚ ਬ੍ਰਾਹਮਣ ਆਇਆ ਕੋਈ ਨਾ। ਬੱਚੇ ਲਿਆਇਆ ਇਹ ਪੜ੍ਹਨ ਵਾਲੇ ਬ੍ਰਾਹਮਣਾਂ ਦੇ 18-18 ਸਾਲ ਦੇ। ਜਿਸ ਵਕਤ ਯੱਗ ਕਰ ਰਿਹਾ ਹੈ। ਉਸ ਵੇਲੇ ਰਾਜਾ ਤੇ ਰਾਣੀ ਵਿਚ ਘੁੰਮ ਰਹੇ ਨੇ। ਥੋੜ੍ਹੀ ਦੇਰ ਬਾਅਦ ਰਾਣੀ ਅੰਦਰ ਚਲੀ ਜਾਂਦੀ ਹੈ। ਫੇਰ ਆ ਜਾਂਦੀ ਹੈ। ਇੱਕ ਬੱਚੇ ਦਾ ਧਿਆਨ ਗਿਆ ਕਿਉਂਕਿ ਚੰਚਲ ਬਿਰਤੀ ਹੁੰਦੀ ਹੈ। ਇਕ ਕਹਿਣ ਲੱਗਿਆ, ਰਾਣੀਆਂ ਬਦਲ-ਬਦਲ ਕੇ ਆਉਂਦੀਆਂ ਨੇ। ਉਹ ਕਹਿੰਦਾ, ਨਹੀਂ ਬਦਲ ਕੇ ਨਹੀਂ ਆਉਂਦੀਆਂ, ਇੱਕੋ ਰਾਣੀ ਕੱਪੜੇ ਬਦਲ-ਬਦਲ ਕੇ ਆਉਂਦੀ ਹੈ। ਕਹਿਣ ਲੱਗੇ, ਤੈਨੂੰ ਕਿਵੇਂ ਪਤਾ ਹੈ? ਕਹਿੰਦਾ, ਮੈਂ ਹੁਣ ਜਦੋਂ ਲੰਘੀ ਸੀ, ਨਹੁੰ 'ਤੇ ਰੱਖ ਕੇ ਮੈਂ ਚੌਲ ਮਾਰਿਆ ਸੀ, ਉਹਦੇ ਪੈਰ 'ਤੇ ਲੱਗਿਆ ਹੋਇਆ ਹੈ, ਜੇ ਤਾਂ ਲੱਗਿਆ ਹੋਇਆ ਹੈ ਫੇਰ ਤਾਂ ਓਹੀ ਹੈ। ਰਾਣੀ ਜਿਸ ਵਕਤ ਸਾੜੀ ਬਦਲ ਕੇ ਫੇਰ ਆਈ, ਦੂਰੋਂ ਹੀ ਬੱਚਿਆਂ ਨੇ ਦੇਖ ਲਿਆ ਕਿ ਚੌਲ ਲੱਗਿਆ ਹੋਇਆ ਤੇ ਉਹ ਸਾਰੇ ਹੱਸ ਪਏ। ਏਧਰੋਂ ਜ਼ੋਰ ਦੀ ਹਵਾ ਆਈ ਰਾਣੀ ਦਾ ਪੱਲਾ ਉੱਡ ਗਿਆ। ਏਧਰ ਰਾਜੇ ਦੇਖਿਆ ਕਿ ਰਾਣੀ ਦਾ ਪੱਲਾ ਉੱਡ ਗਿਆ ਤਾਂ ਇਹ ਹਸਦੇ ਨੇ। ਐਨਾ ਕ੍ਰੋਧਿਤ ਹੋਇਆ ਕਿ ਬੱਚੇ ਚੁੱਕ-ਚੁੱਕ ਕੇ ਕੜਾਹਿਆਂ 'ਚ ਸੁੱਟ ਦਿਤੇ, ਭੱਠਾਂ 'ਚ ਸੁੱਟ ਦਿਤੇ। ਸਾਰੇ ਮਾਰ ਦਿਤੇ। ਅਖੀਰ ਕੋਹੜ ਹੋ ਗਿਆ। ਮਹਾਰਾਜ ਕਹਿੰਦੇ -

*ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥*
*ਅੰਗ - ੧੩੪੪*

ਵਰਜ-ਵਰਜ ਕੇ ਦੱਸਿਆ ਕਿ ਜੇ ਆਹ ਕਰ ਲਿਆ, ਆਹ ਨਾ ਕਰੀ, ਇਹ ਕਰ ਲਿਆ ਤਾਂ ਹੁਣ ਇਹ ਨਾ ਕਰੀਂ। ਲੇਕਿਨ ਹੋਇਆ ਕੀ? -

*ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥*
*ਅੰਗ - ੧੩੪੪*

ਮੱਥੇ ਦਾ ਲੇਖ ਬਦਲਿਆ ਨਾ। ਉਸ ਵੇਲੇ ਬਿਆਸ ਜੀ ਨੂੰ ਯਾਦ ਕਰਿਆ, ਦੁਖੀ ਹੋ ਕੇ। ਕਹਿੰਦੇ, ਦੇਖ -

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ - ੨੭੪*

ਤੈਨੂੰ ਮੈਂ ਹਰੀ ਦੀ ਕਥਾ ਸੁਣਾਉਂਦਾ ਹਾਂ ਤੇ ਉਹਦੇ ਵਿਚ ਸਾਖੀਆਂ ਵੀ ਆਉਣਗੀਆਂ, ਹਰੀ ਦਾ ਬਲ ਵੀ ਆਏਗਾ ਤੇ ਤੂੰ ਨਾਂਹ ਨਾ ਕਹੀਂ ਕਿਤੇ। ਜਿੱਥੇ ਕਹੇਂਗਾ, ਉਥੇ ਹੀ ਤੇਰੇ ਕੋਹੜ ਰਹਿ ਜਾਏਗਾ।

ਕਹਿਣ ਲੱਗੇ, ਅਸੀਂ ਇਹ ਵੀ ਤੈਨੂੰ ਦਸ ਦਿੰਦੇ ਹਾਂ, ਜਦੋਂ ਅਸੀਂ ਤੈਨੂੰ ਇਹ ਪੁਰਬ ਸੁਣਾਵਾਂਗੇ ਕਿ ਭੀਮ ਨੇ ਹਾਥੀ ਮਾਰੇ ਮੰਤ੍ਰ ਬਲ ਨਾਲ ਚੁੱਕ-ਚੁੱਕ ਕੇ ਉਪਰ ਤੇ ਹੁਣ ਤੱਕ ਘੁੰਮਦੇ ਫਿਰਦੇ ਨੇ ਉਪਰਲੇ ਮੰਡਲ 'ਚ। ਤੂੰ ਮੰਨਣਾ ਨਹੀਂ ਤੇ ਉਸ ਕੋਹੜ ਦੇ ਨਾਲ ਤੂੰ ਮਰ ਜਾਏਂਗਾ। ਇੱਕੋ ਗੱਲ ਰਹਿ ਗਈ, ਹੁਣ ਅਸੀਂ ਤੈਨੂੰ ਨੇੜੇ ਆ ਕੇ ਦੱਸੀਏ ਜੇ ਪਹਿਲਾਂ ਦੱਸੀ ਤਾਂ ਤੂੰ ਭੁੱਲ ਜਾਏਂਗਾ। ਸਤਿ-ਸਤਿ ਕਰੀ ਗਿਆ। ਜਦੋਂ ਇਹ ਪ੍ਰਸੰਗ ਆਇਆ, ਨੱਕ ਚਾੜ੍ਹ ਲਿਆ। ਕਹਿੰਦਾ, ਆਦਮੀ 'ਚ ਤਾਂ ਐਨਾ ਬਲ ਹੀ ਨਹੀਂ ਕਿ outer space (ਖੁੱਲ੍ਹੇ ਆਕਾਸ਼) 'ਚ ਮਾਰੇ ਕੋਈ ਚੀਜ਼। ਉਸ ਵੇਲੇ ਨਾਂਹ ਕਹਿ ਦਿਤੀ, ਕਹਿੰਦਾ ਮਨ ਨਹੀਂ ਮੰਨਦਾ ਏਸ ਗੱਲ ਨੂੰ। ਉਸੇ ਵੇਲੇ ਵਿਆਸ ਰਿਸ਼ੀ ਨੇ ਆਪਣੇ ਯੋਗ ਬਲ ਦੇ ਨਾਲ ਸਾਰੇ ਹਾਥੀ ਥੱਲੇ ਲਾਹ ਲਏ, ਕਹਿੰਦੇ ਇਹ ਦੇਖ। ਕਹਿੰਦੇ, ਦੇਖ ਲੈ ਇਹ ਤੇਰਾ ਲਿਖਿਆ ਹੋਇਆ ਲੇਖ ਸੀ ਕਿ ਤੇਰੇ ਨੱਕ 'ਤੇ ਕੋਹੜ ਰਹਿ ਜਾਣਾ ਹੈ ਤੇ ਹੁਣ ਤੇਰੀ ਮੌਤ ਹੈ, ਉਸੇ ਨੱਕ ਦੇ ਕੋਹੜ ਨਾਲ ਰਾਜਾ ਜਨਮੇਜਾ ਮਰ ਗਿਆ।

ਸੋ ਮਹਾਰਾਜ ਕਹਿੰਦੇ, ਜਿਹੜਾ ਜਾਣਦਾ ਹੈ ਨਾ ਕਿ ਮੈਂ ਕਰ ਲਵਾਂਗਾ -

*ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥*
*ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥*
*ਨਾਨਕ ਹੁਕਮੁ ਕੋ ਗੁਰਮੁਖਿ ਬੁਝੈ*
*ਜਿਸ ਨੋ ਕਿਰਪਾ ਕਰੇ ਰਜਾਇ ॥* *ਅੰਗ - ੫੫੬*

ਉਸ ਵੇਲੇ ਦਸ਼ਮੇਸ਼ ਪਿਤਾ ਜੀ ਨੇ ਜਦੋਂ ਡੱਲੇ ਨਾਲ ਇਹ ਵਾਰਤਾ ਕੀਤੀ। ਕਹਿੰਦੇ, ਡੱਲਿਆ! ਕੀ ਕਹੀ ਜਾਂਦਾ ਹੈਂ ਬਾਰ-ਬਾਰ ਇਹ ਤਾਂ ਹੁਕਮ ਦੀ ਖੇਡ ਸੀ ਸਾਰੀ। ਹੁਕਮ ਵਰਤ ਗਿਆ।

ਤਾਂ ਇਹ ਸਵਾਲ ਪੈਦਾ ਹੋ ਗਿਆ ਕਿ ਜੇ ਹੁਕਮ ਹੈ ਫੇਰ ਅਸੀਂ ਸਤਿਸੰਗ 'ਚ ਕੀ ਕਰਨ ਆਉਂਦੇ ਹਾਂ। ਫੇਰ ਸਾਡੇ ਉਤੇ clamity (ਬਿਪਤਾ) ਆਉਂਦੀ ਹੈ, ਅਸੀਂ ਅਰਦਾਸ ਕਿਉਂ ਕਰਦੇ

ਹਾਂ, ਅਖੰਡਪਾਠ ਕਰਾਉਂਦੇ ਹਾਂ, ਹੋਰ ਬੜਾ ਕੁਛ ਕਰਦੇ ਹਾਂ। ਕੀ ਹੁਕਮ ਟਾਲਿਆ ਜਾ ਸਕਦਾ ਹੈ? ਇਹ ਜ਼ਬਰਦਸਤ ਸਵਾਲ ਹੈ ਸਾਡੇ ਸਾਮ੍ਹਣੇ। ਇਹ ਸਾਰੇ ਜਿੰਨੇ ਧਰਮ ਨੇ, ਏਸ ਅਟੱਲ ਹੁਕਮ ਦੇ ਨਾਲ ਜਿਹਦਾ ਸਮਝੌਤਾ ਨਹੀਂ ਹੋ ਸਕਦਾ, ਕਮਜ਼ੋਰ ਹੈ, ਉਹਦੇ ਕੋਲ ਇਕ ਚੀਜ਼ ਦੇ ਦਿਤੀ ਅਕਾਲਪੁਰਖ ਨੇ, ਉਹਦਾ ਨਾਉਂ ਹੈ ਅਰਦਾਸ, ਦੁਆ, prayer। ਇਸਲਾਮ ਵਾਲੇ ਦੁਆ ਕਹਿੰਦੇ ਨੇ।

ਜਦੋਂ ਬਾਬਰ ਹਾਰਨ ਲੱਗਿਆ ਪਾਣੀਪਤ ਦੇ ਮੈਦਾਨ 'ਚ, ਉਥੇ ਸ਼ਸਤਰ ਰੱਖ ਕੇ ਅਰਦਾਸ ਕੀਤੀ। ਕਹਿਣ ਲੱਗਿਆ, ਹੇ ਖੁਦਾਵੰਦ ਤਾਲਾ ਅੱਜ ਤੋਂ ਬਾਅਦ ਮੈਂ ਤੋਬਾ ਕਰਦਾ ਹਾਂ, ਸ਼ਰਾਬ ਨਹੀਂ ਪੀਵਾਂਗਾ ਤੇ ਜੇ ਮੈਨੂੰ ਰਾਜ ਪ੍ਰਾਪਤ ਹੋ ਗਿਆ, ਨਿਆਂ ਦਾ ਰਾਜ ਕਰਾਂਗਾ। ਮੈਨੂੰ ਰਾਜ ਦਿਵਾ ਦੇ, ਮੈਂ ਅੱਜ ਤੋਂ ਬਾਅਦ ਕੋਈ ਮਾੜਾ ਕੰਮ ਨਹੀਂ ਕਰਾਂਗਾ। ਦੁਆ ਕਬੂਲ ਹੋਈ, ਦੋ ਲੱਖ ਫੌਜ ਰਾਣਾ ਸਾਂਗਾ ਦੀ ਹਾਰ ਗਈ। 12000 ਬੰਦਾ ਸੀ ਸਿਰਫ ਇਹਦੇ ਕੋਲ। ਪੁੱਤਰ ਮਰ ਰਿਹਾ ਹੈ, ਮੰਜੇ ਦੇ ਦੁਆਲੇ ਇਹਨੇ ਪ੍ਰਕਰਮਾ ਕੱਢੀਆਂ ਹਮਾਯੂੰ ਦੇ। ਅਰਦਾਸ ਕੀਤੀ ਕਿ ਹੇ ਖੁਦਾਵੰਦ ਤਾਲਾ ਇਹਨੂੰ ਬਚਾ ਦੇ ਤੇ ਮੇਰੀ ਉਮਰ ਇਹਨੂੰ ਲਾ ਦੇ। ਉਹਦੀ ਉਮਰ ਲਗ ਜਾਂਦੀ ਹੈ ਤੇ ਬਾਬਰ ਮਰ ਜਾਂਦਾ ਹੈ।

ਭੁੱਚੋ ਮੰਡੀ ਦੇ ਵਿਚ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਇੱਕ ਖੱਤਰੀ ਦੇ ਘਰ ਗਏ ਹੋਏ ਨੇ। ਸਹਿਜਧਾਰੀ ਹੈ, ਪ੍ਰੇਮ ਕਰਨ ਵਾਲਾ ਸੀ ਸੰਗਤਾਂ ਨੂੰ। ਘਰਵਾਲੀ ਬਿਮਾਰ ਹੈ ਬਹੁਤ। ਕਹਿਣ ਲੱਗਿਆ, ਮਹਾਰਾਜ! ਤੁਸੀਂ ਕ੍ਰਿਪਾ ਕਰੋ ਇਸ 'ਤੇ। ਕਹਿੰਦੇ, ਸੇਠ ਜੀ! ਕ੍ਰਿਪਾ ਤਾਂ ਹੋ ਜਾਂਦੀ ਹੈ, ਤੁਸੀਂ ਵੀ ਕੁਰਬਾਨੀ ਕਰੋ, ਇਹ ਤਾਂ ਹੁਣ ਚੜ੍ਹਾਈ ਕਰਨ ਵਾਲੀ ਹੈ। ਕਹਿੰਦਾ, ਜੋ ਹੁਕਮ ਕਰੋ ਮੈਂ ਕੁਰਬਾਨੀ ਕਰਾਂਗਾ। ਕਹਿੰਦੇ, ਤੇਰੀ ਵੀਹ ਸਾਲ ਦੀ ਉਮਰ ਹੈ 10 ਸਾਲ ਇਹਨੂੰ ਦੇ-ਦੇ। ਦਸ ਤੂੰ ਰੱਖ ਲੈ ਇਕੱਠੇ ਹੀ ਜਾਇਓ ਫੇਰ। ਉਹ ਮੰਨ ਗਿਆ, ਅਰਦਾਸ ਕਰ ਦਿਤੀ ਮਹਾਂਪੁਰਸ਼ਾਂ ਨੇ। ਦਸ ਸਾਲ ਦੀ ਉਮਰ ਉਹਨੂੰ ਲਾ ਦਿਤੀ। ਦਸ ਸਾਲ ਤੋਂ ਬਾਅਦ ਦੋਵੇਂ ਇਕੱਠੇ ਹੀ ਚੜ੍ਹਾਈ ਕਰ ਗਏ। ਕਿਉਂਕਿ ਪ੍ਰਮੇਸ਼ਰ ਨੇ ਆਪਣਾ ਕਰਾਰਾ ਹੁਕਮ ਚਲਾ ਕੇ, ਇਕ veto power (ਬਦਲ ਦੇਣ ਦੀ ਸ਼ਕਤੀ) ਦੇ ਦਿਤੀ। ਉਸ veto power ਨੂੰ ਜਿਹੜੇ ਸ਼ਾਸਤਰ ਨੇ, ਵੇਦ ਨੇ ਉਹ ਜਾਣਦੇ ਨਹੀਂ ਹਨ, ਮਹਾਰਾਜ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਿਆ ਹੈ -

*ਧਾਰਨਾ - ਮਹਿਮਾ ਸੰਤਾਂ ਦੀ ਵੇਦ ਨਾ ਜਾਣਦੇ।*

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥* *ਅੰਗ- ੨੭੨*

ਸੋ ਉਨ੍ਹਾਂ ਕੋਲ veto power ਹੋਇਆ ਕਰਦੀ ਹੈ। ਜਿਹੜੇ ਅਭੇਦ ਅਵਸਥਾ ਦੇ ਮਹਾਤਮਾ ਹੁੰਦੇ ਨੇ। ਅਭੇਦ ਅਵਸਥਾ ਦਾ ਉਹ ਹੁੰਦਾ ਹੈ ਜਿਹੜਾ 24 ਘੰਟੇ ਵਾਹਿਗੁਰੂ ਦੇ ਵਿਚ ਰਹਿੰਦਾ ਹੈ। ਇਕ ਸਕਿੰਟ ਵੀ ਵਾਹਿਗੁਰੂ ਤੋਂ ਬਾਹਰ ਨਹੀਂ ਆਇਆ ਕਰਦਾ। ਲੀਨ ਰਹਿੰਦਾ ਹੈ ਹਰ ਵਕਤ ਉਹਦੇ ਵਿਚ। ਧਿਆਨ ਹੋਰ ਪਾਸੇ ਉਹਦਾ ਜਾਂਦਾ ਹੀ ਨਹੀਂ। ਉਨ੍ਹਾਂ ਦੇ ਵਾਸਤੇ ਉਨ੍ਹਾਂ ਨੂੰ ਅੰਨਿਨ ਭਗਤ ਕਿਹਾ ਹੈ।

*ਦਾਸ ਅੰਨਿਨ ਮੇਰੋ ਨਿਜ ਰੂਪ॥* *ਅੰਗ - ੧੨੫੨*

ਪ੍ਰਮੇਸ਼ਰ ਕਹਿੰਦੇ ਉਹ ਤਾਂ ਮੇਰਾ ਹੀ ਰੂਪ ਨੇ। ਉਨ੍ਹਾਂ ਕੋਲ authority (ਸ਼ਕਤੀ) ਕਿੰਨੀ ਹੈ -

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥* *ਅੰਗ - ੧੧੫੯*

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥* *ਅੰਗ - ੭੪੮*

ਰੰਗ ਵਿਚ, ਪਿਆਰ ਵਿਚ ਰੱਤਿਆਂ ਹੋਇਆਂ ਦੀ ਗੱਲ ਜੋ ਵੀ ਕਰ ਦੇਣ, ਪ੍ਰਮੇਸ਼ਰ ਮੰਨਦਾ ਹੈ -

*ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,*
*ਭਗਤਾਂ ਦੀ ਬੰਨ੍ਹੀ ਨਾ ਛੁਟਦੀ।*
*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥* *ਅੰਗ - ੧੨੫੩*

ਸੋ ਹੁਕਮ ਦੇ ਵਿਚ ਜੋ ਚੱਲ ਰਿਹਾ ਹੈ, ਜੇ ਕੋਈ ਪਰਿਵਰਤਨ ਕਰਨ ਦੀ ਸ਼ਕਤੀ ਰਖਦਾ ਹੈ ਤਾਂ ਉਹਦੇ ਪਿਆਰੇ ਕਰ ਸਕਦੇ ਨੇ। ਹੋਰ ਨਹੀਂ ਕੋਈ ਕਰ ਸਕਦਾ। ਇਹ ਭਰਮ ਪਿਆ ਹੋਇਆ ਹੈ ਮੰਡੀ ਸਕੇਤ ਦੇ ਰਾਜੇ ਨੂੰ, ਜਦੋਂ ਉਸ ਨੇ ਗੁਰੂ ਪੰਜਵੇਂ ਪਾਤਸ਼ਾਹ ਦੇ ਦਰਬਾਰ 'ਚ ਆ ਕੇ 60 ਹਜ਼ਾਰ ਰੁਪਿਆ ਮੱਥਾ ਟੇਕਣ ਤੋਂ ਬਾਅਦ ਖੜ੍ਹਾ ਹੋਇਆ ਤੇ ਤੁਕ ਸੁਣੀ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥*
*ਅੰਗ - ੯੩੭*

ਸ਼ੰਕਾ ਹੋ ਗਿਆ, ਗੁਰੂ ਮਹਾਰਾਜ ਦੇ ਕੋਲ ਆ ਕੇ ਸਵਾਲ ਕਰਿਆ। ਮਹਾਰਾਜ ਕਹਿੰਦੇ, ਕੱਲ੍ਹ ਨੂੰ ਜਵਾਬ ਦੇਵਾਂਗੇ। ਰਾਤ ਨੂੰ ਜਾ ਕੇ ਸੁਪਨਾ ਆਉਂਦਾ ਹੈ, ਗਰੀਬ ਦੇ ਘਰ, ਚੰਡਾਲਾਂ ਦੇ ਘਰ ਪੈਦਾ ਹੋ ਗਿਆ। 40 ਸਾਲ ਉਥੇ ਜੀਵਨ ਗੁਜ਼ਾਰਿਆ, ਸਾਂਝੀ ਰਲਿਆ। ਹੋਰ ਬੇਅੰਤ ਇਹੋ ਜਿਹੇ ਕੰਮ ਕੀਤੇ। ਕੁਝ ਬਾਲ-ਬੱਚੇ ਹੋ ਗਏ ਤੇ ਚੜ੍ਹਾਈ ਕਰ ਗਿਆ। ਕਬਰ 'ਚ ਦੱਬ ਦਿਤਾ ਤੇ ਜਾਗ ਆ ਗਈ। ਦੂਸਰੇ ਦਿਨ ਮਹਾਰਾਜ ਨੇ ਸਮਾਂ ਬਦਲ ਦਿਤਾ। ਪੰਜਾਹ ਸਾਲ ਅਗਲਾ ਸਮਾਂ ਦਿਖਾ ਦਿਤਾ। ਉਥੇ ਜਾ ਕੇ ਕੀ ਦੇਖਦਾ ਹੈ ਕਿ ਓਹੀ ਪਿੰਡ ਆ ਗਿਆ। ਘਰ ਨੂੰ ਤੁਰ ਗਿਆ ਤਾਂ ਆਪਣਾ ਘਰ ਪਛਾਣ ਲਿਆ। ਬੱਚੇ ਨੇ ਪਛਾਣ ਲਿਆ, ਦੌੜਿਆ ਜਾਂਦਾ ਹੈ, ਕਹਿੰਦਾ ਬੇਬੇ-ਬੇਬੇ! ਕਹਿੰਦਾ ਬਾਪੂ ਤਾਂ ਘੋੜੇ 'ਤੇ ਚੜ੍ਹਿਆ ਫਿਰਦਾ ਹੈ ਰਾਜਾ ਬਣਿਆ। ਸਾਰੇ ਬੱਚੇ ਇਕੱਠੇ ਹੋ ਗਏ, ਸਾਰਾ ਨਗਰ ਇਕੱਠਾ ਹੋ ਗਿਆ। ਕਹਿੰਦੇ, ਆਹ ਤੂੰ ਕਿੱਥੋਂ ਘੋੜਾ ਚੋਰੀ ਕਰ ਲਿਆ। ਉਹ ਕਹਿੰਦਾ ਮੈਂ ਰਾਜਾ ਹਾਂ ਸਕੇਤਮੰਡੀ ਦਾ। ਉਹ ਮੰਨਦੇ ਨਹੀਂ ਹਨ। ਗੁਰੂ ਸਾਹਿਬ ਪਹੁੰਚ ਜਾਂਦੇ ਨੇ। ਗੁਰੂ ਮਹਾਰਾਜ ਕਹਿੰਦੇ, ਦੇਖੋ

ਭਾਈ! ਇਕ ਸ਼ਕਲ ਦੇ ਦੋ ਬੰਦੇ ਹੋ ਜਾਂਦੇ ਨੇ। ਤੁਸੀਂ ਆਪਣੀ ਕਬਰ ਪੁੱਟੋ। ਜਦੋਂ ਕਬਰ ਪੁੱਟੀ ਤਾਂ ਹੂ-ਬ-ਹੂ ਉਹਦੇ ਵਰਗਾ ਹੀ। ਕਹਿੰਦੇ, ਭੁੱਲ ਹੋਈ ਮਹਾਰਾਜ।

ਮਹਾਰਾਜ ਵਾਪਸ ਆ ਜਾਂਦੇ ਨੇ ਕਹਿੰਦੇ, ਕਿਉਂ ਰਾਜਨ? ਕਹਿੰਦਾ, ਮਹਾਰਾਜ ਇਹ ਹੋਇਆ ਕੀ? ਕਹਿੰਦੇ, ਹੋਇਆ ਤੇਰੇ ਮਨ ਵਿਚ ਸੰਸਾ ਸੀ। ਨਮਸ਼ਕਾਰ ਕਰਨ ਦੇ ਨਾਲ ਮਾੜੇ ਲੇਖ ਬਦਲ ਜਾਇਆ ਕਰਦੇ ਹਨ। ਰਿਆਇਤ ਹੋ ਜਾਂਦੀ ਹੈ। ਹੁੰਦਾ ਤਾਂ ਹੈ ਸੂਲ ਚੁਭੇਗੀ, ਸੂਲੀ ਕੱਟੀ ਜਾਏਗੀ। ਥੋੜ੍ਹਾ ਦੁਖ ਆਏਗਾ, ਵੱਡਾ ਦੁਖ ਕੱਟਿਆ ਜਾਏਗਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਭਾਈ ਡੱਲੇ ਨੂੰ ਸਮਝਾਉਣ ਦਾ ਯਤਨ ਕੀਤਾ। ਸਮਝਦਾ ਹੈ, ਲੇਕਿਨ ਮਨ ਅੰਦਰ ਅਭਿਮਾਨ ਹੈ। ਫੇਰ ਕਹਿੰਦਾ, ਮਹਾਰਾਜ! ਤੁਸੀਂ ਮੈਨੂੰ ਤਾਂ ਯਾਦ ਕਰ ਲੈਣਾ ਸੀ। ਮਹਾਰਾਜ ਕਹਿੰਦੇ, ਡੱਲ੍ਹਿਆ! ਜੋ ਬੀਤੀ ਸੋ ਬੀਤੀ। ਜਿਹੜੀ ਹੋ ਗਈ, ਹੋ ਗਈ ਉਹਨੂੰ ਕਾਹਨੂੰ ਯਾਦ ਕਰੀਂ ਜਾਂਦਾ ਹੈਂ। ਕਹਿੰਦਾ, ਮਹਾਰਾਜ! ਮੇਰੇ ਜਵਾਨ ਦੇਖੋ ਕਿਹੋ ਜਿਹੇ ਨੇ।

ਮਹਾਰਾਜ ਕਹਿੰਦੇ, ਕੋਈ ਨਾ ਦੇਖ ਲਵਾਂਗੇ। ਐਨੇ ਨੂੰ ਕਿਸੇ ਨੇ ਰਾਈਫਲ ਆ ਕੇ ਮਹਾਰਾਜ ਨੂੰ ਭੇਟਾ ਕਰੀ। ਮਹਾਰਾਜ ਕਹਿੰਦੇ, ਨਿਸ਼ਾਨਾ ਚੈੱਕ ਕਰਨਾ ਹੈ ਡੱਲਿਆ ਕਿ ਕਿੱਡੀ ਕੁ ਦੂਰ ਜਾਂਦਾ ਹੈ। ਇੱਕ ਆਪਣਾ ਜਵਾਨ ਨੇੜੇ ਖੜ੍ਹਾ ਦੇ, ਇਕ ਪਰ੍ਹੇ ਖੜ੍ਹਾ ਦੇ, ਦੇਖੀਏ ਕਿ ਦੋਹਾਂ ਦੇ ਵਿਚੋਂ ਗੋਲੀ ਲੰਘਦੀ ਹੈ ਕਿ ਨਹੀਂ? ਸਭ ਨੀਵੀਆਂ ਪਾ ਗਏ, ਮੂੰਹ ਫਿੱਕੇ ਹੋ ਗਏ। ਡੱਲਾ ਵੀ, ਕੋਈ ਨਾ ਰਿਹਾ ਸਭ ਖਿਸਕ ਗਏ। ਐਨੇ ਨੂੰ ਮਹਾਰਾਜ ਕਹਿੰਦੇ ਕੋਈ ਸਿੱਖ ਹੈ? ਬੁਲਾ ਹਾਕ ਮਾਰ ਕੇ। ਇੱਕ ਨੂੰ ਹਾਕ ਮਾਰੀ, ਦੋ ਆ ਜਾਂਦੇ ਨੇ। ਮਹਾਰਾਜ ਕਹਿੰਦੇ, ਮੈਂ ਤਾਂ ਇੱਕ ਨੂੰ ਬੁਲਾਇਆ ਹੈ। ਇਕ ਕਹਿੰਦਾ ਕਿ ਪਾਤਸ਼ਾਹ ਪਹਿਲਾਂ ਮੈਂ ਆਇਆ ਹਾਂ, ਮੇਰਾ ਹੱਕ ਹੈ। ਕਹਿੰਦੇ, ਰਾਈਫਲ ਟੈਸਟ ਕਰਨੀ ਹੈ। ਪਹਿਲਾ ਕਹਿੰਦਾ, ਮਹਾਰਾਜ! ਮੇਰੇ 'ਤੇ ਕਰੋ, ਦੂਜਾ ਕਹਿੰਦਾ ਮੇਰੇ 'ਤੇ ਕਰੋ। ਦੋਵੇਂ ਖੜ੍ਹ ਗਏ, ਮਹਾਰਾਜ ਨੇ ਸਿਸ਼ਤ ਲਈ ਦਸਤਾਰ ਦੀ, ਦਸਤਾਰ ਦੇ ਨਾਲ ਛੋਂਹਦੀ ਹੋਈ ਗੋਲੀ ਨਿਕਲ ਗਈ। ਕਹਿੰਦੇ, ਡੱਲਿਆ! ਆਹ ਮਰਜੀਵੜੇ ਸਿੱਖ ਨੇ ਜਿਨ੍ਹਾਂ ਨੇ ਸਾਡਾ ਸਾਥ ਦਿਤਾ ਹੈ, ਜਿਹੜੇ ਮਾਇਆ ਦੇ ਵਿਚ ਨੇ ਉਹ ਸਾਥ ਨਹੀਂ ਦੇ ਸਕਿਆ ਕਰਦੇ। ਕੱਚੇ ਹਮੇਸ਼ਾ ਹੀ ਟੁੱਟਦੇ ਨੇ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*

*ਅੰਗ - ੧੧੦੨*

ਸੂਰਮੇ ਉਹ ਹੁੰਦੇ ਨੇ -

*ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥*

*ਅੰਗ - ੪੦੪*

ਜਿਹਨੇ ਪੰਜਾਂ ਚੋਰਾਂ ਨੂੰ ਮਾਰ ਲਿਆ। ਕਾਮ ਨੂੰ ਮਾਰ ਲਿਆ, ਲੋਭ ਨੂੰ ਮਾਰ ਲਿਆ, ਹੰਕਾਰ ਨੂੰ ਮਾਰ ਲਿਆ, ਮੋਹ ਨੂੰ ਮਾਰ ਲਿਆ, ਜਿਹੜਾ ਕੇਵਲ ਗੁਰੂ ਦੇ ਉਤੇ, ਮਹਾਂਪੁਰਸ਼ਾਂ ਦੇ ਉਤੇ ਭਰੋਸਾ ਰੱਖ ਕੇ ਉਨ੍ਹਾਂ ਦੇ ਨਾਲ ਚਲਦਾ ਹੈ, ਕਹਿੰਦੇ ਉਹ ਤਾਂ ਹੁੰਦਾ ਹੈ ਸੂਰਮਾ। ਬਾਕੀ ਤਾਂ ਗਿਰ ਜਾਂਦੇ ਨੇ ਸਾਰੇ -

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥*

*ਅੰਗ - ੬੭੯*

ਵੱਡੇ-ਵੱਡੇ ਮਹਾਤਮਾ ਹੋਏ ਨੇ, ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ। ਸਾਰੀ ਸਰਕਾਰ ਇਕ ਪਾਸੇ ਹੈ, ਉਹ ਇਕੱਲਾ ਇਕ ਸੂਰਮਾ ਇਕ ਪਾਸੇ ਹੈ। ਨਹੀਂ ਹਾਰ ਮੰਨਦਾ। ਫੜਿਆ ਗਿਆ, ਕਿੱਥੇ ਮਾਂਡਲੇ ਜਾ ਕੇ ਸਰੀਰ ਛੱਡਿਆ। ਬਾਬਾ ਮਹਾਰਾਜ ਸਿੰਘ ਜੀ ਇਕੱਲੇ ਨੇ, ਰਾੜਾ ਸਾਹਿਬ ਵਾਲੀ ਸੰਪਰਦਾ ਨਾਲ ਸਬੰਧ ਰੱਖਣ ਵਾਲੇ ਬਾਬਾ ਮਹਾਰਾਜ ਸਿੰਘ ਜੀ, ਬਾਬਾ ਬੀਰ ਸਿੰਘ ਜੀ ਤੋਂ ਬਾਅਦ ਹੋਏ। ਚੇਲਿਆਂ ਵਾਲੀ ਦੀ ਲੜਾਈ ਦੇ ਵਿਚ ਯੁੱਧ ਕੀਤਾ ਤੇ ਉਥੇ ਸਿੰਘ ਦਿਲ ਛੱਡ ਗਏ। ਸ਼ਸਤਰ ਰੱਖਣੇ ਸ਼ੁਰੂ ਹੋ ਗਏ, ਸ. ਸ਼ੇਰ ਸਿੰਘ ਅਟਾਰੀ ਵਾਲੇ ਨੇ ਕਿਹਾ ਸ਼ਸਤਰ ਰੱਖ ਲਓ। ਲਾਇਨਾਂ ਲਗ ਗਈਆਂ। ਸ਼ਸਤਰ ਕਮਾਂਡਰ ਇਨ ਚੀਫ ਜਿਹੜਾ ਸੀ ਉਹਦੇ ਪੈਰਾਂ 'ਚ ਬੂਟ ਪਾਏ ਨੇ, ਸ੍ਰੀ ਸਾਹਿਬ ਜੋ ਗੁਰੂ ਸਾਹਿਬ ਨੇ ਬਖਸ਼ੀ ਹੈ, ਉਹਨੇ ਬੂਟਾਂ 'ਚ ਰੱਖਣੀਆਂ ਸ਼ੁਰੂ ਕਰ ਦਿਤੀਆਂ। ਬਾਬਾ ਜੀ ਕਹਿੰਦੇ ਕਿ ਨਹੀਂ ਰੱਖਣੀ। ਇੱਕ ਘੋੜਾ ਚੰਗਾ ਫੁਰਤੀਲਾ ਨਜ਼ਰ ਆਇਆ, ਲਾਇਨ 'ਚੋਂ ਨਿਕਲ ਕੇ ਪਲਾਕੀ ਮਾਰ ਕੇ ਉਤੇ ਚੜ੍ਹ ਗਏ, ਜਦ ਨੂੰ ਅੰਗਰੇਜ਼ ਨੇ ਘੋੜੇ ਪਿੱਛੇ ਛੱਡੇ, ਇਕ ਕਰਨਲ ਰਾਮ ਸਿੰਘ, ਦੋ ਜਣੇ ਸੀ ਅੱਖਾਂ ਤੋਂ ਓਹਲੇ ਹੋ ਗਏ। ਮੁੜ ਕੇ ਡਾਹ ਹੀ ਨਹੀਂ ਦਿਤੀ। ਚਾਰ ਸਾਲ ਪੰਜਾਬ ਨੂੰ ਜਗਾਉਂਦੇ ਰਹੇ। 1852 'ਚ ਗ੍ਰਿਫਤਾਰੀ ਦੇ ਕੇ, 1856 'ਚ ਸਿੰਘਾਪੁਰ ਜਾ ਕੇ ਉਹਨਾਂ ਨੇ ਸਰੀਰ ਛੱਡਿਆ, ਮਾਫੀ ਨਹੀਂ ਮੰਗੀ, ਕੋਈ ਅਰਜ਼ੀ ਨਹੀਂ ਦਿਤੀ। ਸੂਰਮੇ ਸੀਗੇ।

ਇਸੇ ਤਰ੍ਹਾਂ ਦੇ ਨਾਲ ਬਾਬਾ ਬੀਰ ਸਿੰਘ ਜੀ ਸੂਰਮੇ ਸੀ। ਮਹਾਰਾਜ ਕਹਿੰਦੇ ਸੂਰਮੇ ਉਹ ਹੁੰਦੇ ਨੇ ਜਿਹੜੇ ਮਰਜੀਵੜੇ ਹੁੰਦੇ ਨੇ। ਬਾਕੀ ਨਹੀਂ ਹੋਇਆ ਕਰਦੇ -

*ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥*

*ਅੰਗ - ੧੦੮੯*

ਤੇਰੇ ਜਿਹੜੇ ਸੂਰਮੇ ਨੇ ਉਹ ਅਭਿਮਾਨ ਵਿਚ, ਹਉਮੈ ਵਿਚ ਤਾਂ ਲੜਨਗੇ, ਇਨ੍ਹਾਂ ਦੇ ਉਤੇ ਹਮਲਾ ਹੋ ਜਾਏ ਉਹਨੂੰ ਤਾਂ ਬਚਾਉਣਗੇ। ਸਾਂਝੇ ਕੰਮ ਵਾਸਤੇ ਨਹੀਂ ਇਹ ਲੜ ਸਕਦੇ। ਜਿਸ ਕੰਮ 'ਚੋਂ ਕੋਈ ਨਤੀਜਾ ਨਾ ਨਿਕਲੇ, ਹਿਤ ਨਾ ਹੋਵੇ, ਦੂਸਰਿਆਂ ਦੇ ਫਾਇਦੇ ਵਾਸਤੇ ਹੋਵੇ, ਡੱਲਿਆ! ਤੇਰੇ ਜਵਾਨਾਂ ਨੂੰ ਅਜੇ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਹੈ। ਇਹ ਆਪਣੇ ਲੁੱਟ-ਮਾਰ ਕਰਨ ਵਾਸਤੇ ਲੜ ਪੈਣਗੇ। ਹੰਕਾਰ 'ਚ ਆ ਕੇ ਲੜ ਪੈਣਗੇ ਲੇਕਿਨ ਉਹ ਯੁੱਧ ਨਹੀਂ ਕਰ ਸਕਦੇ ਜਿਹੜਾ ਨਿਸ਼ਕਾਮ ਹੁੰਦਾ ਹੈ -

*ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥*
*ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥*
*ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥*
*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*
*ਅਹੰਕਾਰਿ ਮੁਏ ਸੇ ਵਿਗਤੀ ਗਏ*
*ਮਰਿ ਜਨਮਹਿ ਫਿਰਿ ਆਵਹਿ ॥* *ਅੰਗ – ੧੦੮੯*

ਕਹਿੰਦੇ, ਜਿਹੜੇ ਅਭਿਮਾਨ ਦੇ ਨਾਲ ਮਰਦੇ ਨੇ ਉਹ ਸੂਰਮੇ ਨਹੀਂ ਹੁੰਦੇ, ਉਨ੍ਹਾਂ ਦੀ ਗਤੀ ਨਹੀਂ ਕੋਈ ਵੀ ਹੋਇਆ ਕਰਦੀ। ਉਹ ਮਰ ਕੇ ਫੇਰ ਜੰਮਦੇ ਨੇ, ਭੂਤ ਪ੍ਰੇਤ ਬਣ ਜਾਂਦੇ ਨੇ। ਸੋ ਇਸ ਤਰ੍ਹਾਂ ਸਮਝਾਇਆ, ਬੜੀ ਸੇਵਾ ਕਰਦਾ ਹੈ। ਮਹਾਰਾਜ ਬੜੇ ਪ੍ਰਸੰਨ ਹੋ ਗਏ।

ਸਰਹੰਦ ਤੋਂ ਚਿੱਠੀ ਆਉਂਦੀ ਹੈ ਕਿ ਡੱਲਿਆ! ਤੇਰੇ ਕੋਲ ਗੁਰੂ ਗੋਬਿੰਦ ਸਿੰਘ ਠਹਿਰੇ ਹੋਏ ਨੇ। ਦੱਸ ਅਸੀਂ ਆਈਏ ਤੇ ਤੂੰ ਸਾਨੂੰ ਉਨ੍ਹਾਂ ਨੂੰ ਗ੍ਰਿਫਤਾਰ ਕਰਾ ਦੇ। ਤੈਨੂੰ ਵੱਡੀ ਚੌਧਰ ਹੋਰ ਦਿਵਾ ਦੇਵਾਂਗੇ। ਜਵਾਬ ਦਿੰਦਾ ਹੈ ਕਿ ਜਿਵੇਂ ਤੁਹਾਡੇ ਪੀਰ ਹੁੰਦੇ ਨੇ, ਇਸ ਤਰ੍ਹਾਂ ਗੁਰੂ ਸਾਹਿਬ ਮੇਰੇ ਗੁਰੂ ਨੇ ਤੇ ਇਕ-ਇਕ ਬੰਦਾ ਉਨ੍ਹਾਂ ਲਈ ਕਟ ਕੇ ਮਰ ਜਾਏਗਾ। ਮਹਾਰਾਜ ਨੂੰ ਪਤਾ ਲਗਦਾ ਹੈ ਇਸ ਚਿੱਠੀ ਦਾ ਬੜੇ ਪ੍ਰਸੰਨ ਹੋਏ।

ਇਸ ਤਰ੍ਹਾਂ ਅੰਮ੍ਰਿਤ ਛਕਾ ਲਿਆ, ਡੱਲਾ ਸਿੰਘ ਬਣ ਗਿਆ ਤੇ ਜਦੋਂ ਵੀ ਬੇਨਤੀ ਕਰਦਾ ਹੈ ਤਾਂ ਇਹੀ ਕਰਦਾ ਹੈ ਕਿ ਮਹਾਰਾਜ! ਮੈਨੂੰ ਇਕ ਪੀੜ੍ਹੀ ਜੋਗਾ ਥਾਂ ਆਪਣੇ ਚਰਨਾਂ 'ਚ ਦੇ ਦਿਓ। ਮਹਾਰਾਜ ਕਹਿੰਦੇ, ਡੱਲਿਆ! ਅਸੀਂ ਤੇਰੇ 'ਤੇ ਪ੍ਰਸੰਨ ਹਾਂ, ਪੀੜ੍ਹੀ ਜੋਗਾ ਕਿਉਂ ਮੰਗਦਾ ਹੈ, ਤੂੰ ਤਾਂ ਮੁਰੱਬੇ ਮੰਗ। ਉਥੇ ਕੋਈ ਥਾਂ ਦਾ ਘਾਟਾ ਹੈ।

ਇਸੇ ਤਰ੍ਹਾਂ ਦੇ ਨਾਲ ਪਰਿਵਾਰ ਹੈ ਭਾਈ ਭਗਤੂ ਜੀ ਦਾ, ਭਾਈ ਗੌਰੇ ਤੇ ਭਾਈ ਜੀਵਨ ਦੇ ਪੁੱਤਰ, ਪੋਤਰੇ ਨੇ। ਉਨ੍ਹਾਂ ਉਤੇ ਗੁਰੂ ਮਹਾਰਾਜ ਦੀ ਬਹੁਤ ਮਿਹਰ ਹੈ, ਨਾਲ ਰਹਿੰਦੇ ਨੇ, ਹਰ ਵਕਤ ਸੇਵਾ ਕਰਦੇ ਨੇ। ਰਾਮ ਸਿੰਘ ਤੇ ਫਤਹਿ ਸਿੰਘ ਖਾਸ ਕਰਕੇ। ਮਹਾਰਾਜ ਜੀ ਦੀ ਹੱਦ ਤੋਂ ਜ਼ਿਆਦਾ ਉਨ੍ਹਾਂ ਉਤੇ ਪ੍ਰਸੰਨਤਾ ਹੈ। ਬਾਰ-ਬਾਰ ਮਹਾਰਾਜ ਦੇ ਕੌਤਕ ਦੇਖਦੇ ਨੇ। ਮੀਂਹ ਪੈਂਦਾ ਨਹੀਂ, ਡੱਲਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਬਾਰਿਸ਼ ਨਹੀਂ ਹੋਈ, ਫਸਲਾਂ ਖਰਾਬ ਹੋ ਰਹੀਆਂ ਹਨ। ਮਹਾਰਾਜ ਕਹਿਣ ਲੱਗੇ ਕਿ ਅਸਮਾਨੀ ਕੌਂਸਲ ਨੇ ਫੈਸਲਾ ਕਰ ਲਿਆ ਕਿ ਮੀਂਹ ਨਹੀਂ ਪਾਉਣਾ ਐਤਕੀਂ। ਕਹਿਣ ਲੱਗਿਆ, ਮਹਾਰਾਜ! ਫੇਰ ਅਸੀਂ ਕੀ ਕਰਾਂਗੇ, ਅਸੀਂ ਤਾਂ ਮਰ ਜਾਵਾਂਗੇ ਸਾਰੇ। ਜੇ ਮੋਠ, ਬਾਜਰੀ ਨਾ ਹੋਈ ਸਾਡੀ, ਮਾਰੂ ਖੇਤੀ ਹੈ। ਫੇਰ ਉਜਾੜਾ ਪੈ ਜਾਏਗਾ, ਇਥੇ ਸੇਵਾ ਕੌਣ ਕਰੇਗਾ। ਕ੍ਰਿਪਾ ਕਰੋ ਤੁਸੀਂ ਮੀਂਹ ਪੁਆ ਦਿਓ। ਕਹਿੰਦੇ, ਡੱਲਿਆ! ਇੰਦਰ ਨਰਾਜ਼ ਹੋਇਆ-ਹੋਇਆ ਹੈ। ਕਹਿੰਦਾ, ਮਹਾਰਾਜ! ਤੁਹਾਡੇ ਤੋਂ ਵੱਡਾ ਤਾਂ ਹੈ ਨਹੀਂ ਕੋਈ। ਕਹਿੰਦੇ, ਚੰਗਾ ਫੇਰ ਤੂੰ ਉਹਦੇ ਸੱਤ ਜੁੱਤੀਆਂ ਲਾ ਕਿ ਕਿਉਂ ਨਹੀਂ ਮੀਂਹ ਪਾਉਂਦਾ। ਡੱਲੇ ਤੋਂ ਸੱਤ ਜੁੱਤੀਆਂ ਮਰਵਾ ਦਿਤੀਆਂ। ਕਹਿੰਦੇ, ਉਤੇ ਨੂੰ ਮਾਰੀ ਜਾਹ ਜੁੱਤੀ। ਬੇਅੰਤ ਬਾਰਿਸ਼ ਹੋਈ। ਨਿਹਚਾ ਆ ਗਿਆ ਕਿ ਇਹ ਤਾਂ ਪੂਰਨ ਨੇ। ਕੇਵਲ ਯੋਧੇ ਨਹੀਂ ਹਨ, ਰੂਹਾਨੀ ਸ਼ਕਤੀਆਂ ਦੇ ਮਾਲਕ ਨੇ।

ਫੇਰ ਇੱਕ ਵਾਰੀ ਕਹਿਣ ਲੱਗਿਆ ਕਿ ਮਹਾਰਾਜ ਮੀਂਹ ਪੁਆ ਦਿਓ।

ਕਹਿੰਦੇ ਹਾਕ ਮਾਰ ਇੰਦਰ ਨੂੰ ਕਿ ਮੀਂਹ ਪੁਆ ਦੇ। ਫੇਰ ਪੁਆ ਲੈਂਦਾ ਹੈ ਮੀਂਹ। ਇਸੇ ਤਰ੍ਹਾਂ ਦੇ ਨਾਲ ਬਹੁਤ ਸ਼ਕਤੀਆਂ ਦੇਖਦਾ ਹੈ।

ਇੱਕ ਵਾਰੀ ਫੌਜ ਨੂੰ ਦੇਣ ਨੂੰ ਤਨਖਾਹ ਨਹੀਂ ਸੀ। ਮਹਾਰਾਜ ਕਹਿੰਦੇ, ਆ ਡੱਲਿਆ! ਤਨਖਾਹ ਦੇਈਏ। ਬਹੁਤ ਭੇਤੀ ਬਣਾ ਲਿਆ। ਹਰ ਵਕਤ ਗੁਰੂ ਮਹਾਰਾਜ ਨਾਲ ਰਹਿੰਦਾ ਹੈ। ਕਹਿੰਦਾ, ਮਹਾਰਾਜ! ਕੀ ਹੁਕਮ ਹੈ? ਕਹਿੰਦੇ ਆਹ ਜੰਡ ਦੇ ਥੱਲਿਓਂ ਥਾਉਂ ਪੁੱਟ, ਜੜ੍ਹਾਂ ਕੋਲੋਂ ਥਾਂ ਪੁੱਟਿਆ। ਕਹਿੰਦੇ, ਢਾਲਾਂ ਲਿਆ, ਭਰ ਦਿਤੇ। ਫੌਜ ਨੂੰ ਸਾਰੀ ਨੂੰ ਤਨਖਾਹ ਦੇ ਦਿਤੀ। ਕਹਿੰਦੇ, ਮਿੱਟੀ ਪਾ ਦੇ। ਮਿੱਟੀ ਪਾ ਕੇ ਜਦੋਂ ਫੇਰ ਦੇਖਿਆ, ਉਥੇ ਕੁਛ ਵੀ ਨਾ।

ਐਸੇ-ਐਸੇ ਅਨੇਕ ਕੌਤਕ ਉਸਨੇ ਗੁਰੂ ਮਹਾਰਾਜ ਦੇ ਦੇਖ ਕੇ, ਫੇਰ ਸੇਵਾ ਐਨੀ ਕਰਦਾ ਹੈ ਕਿ ਦਿਨ ਰਾਤ ਗੁਰੂ ਮਹਾਰਾਜ ਦੇ ਕੋਲ ਰਹਿੰਦਾ ਹੈ। ਜੇ ਪਹਿਰਾ ਦਿੰਦਾ ਹੈ ਤਾਂ ਪਹਿਰੇਦਾਰਾਂ ਨੂੰ ਨਹੀਂ ਲੱਗਣ ਦਿੰਦਾ, ਕਹਿੰਦਾ ਮੈਂ ਹੀ ਪਹਿਰਾ ਦੇਵਾਂਗਾ। ਚੌਵੀ-ਚੌਵੀ ਘੰਟੇ ਪਹਿਰਾ ਦਿੰਦਾ ਹੈ ਤੇ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਉਹਦੇ ਉਤੇ ਐਨੇ ਪ੍ਰਸੰਨ ਹੋਏ ਕਿ ਇਕ ਜੜਾਊ ਕੜਿਆਂ ਦੀ ਜੋੜੀ ਜੋ ਉਸ ਵੇਲੇ ਦੇ ਦੋ ਹਜ਼ਾਰ ਰੁਪਏ ਦੀ ਸੀ। ਜੇ ਕਿਸੇ ਨੇ ਅੱਜ ਦੀ ਕੀਮਤ ਕੱਢਣੀ ਹੈ, ਤਾਂ ਇੱਕ ਰੁਪਏ ਦੇ ਨੌਂ ਮਣ ਛੋਲੇ ਆਉਂਦੇ ਸੀ। ਉਨ੍ਹਾਂ ਨਾਲ ਬਣਾ ਕੇ ਕੱਢ ਲਿਓ। ਦਸ ਲੱਖ ਬਣ ਜਾਏ, ਵੀਹ ਲੱਖ ਬਣ ਜਾਏ, ਆਪੇ ਹੀ ਕੱਢ ਕੇ ਦੇਖ ਲਿਓ। ਖੁਸ਼ ਹੋ ਕੇ ਮਹਾਰਾਜ ਨੇ ਉਸ ਨੂੰ ਐਡੀ ਵੱਡੀ ਕੜਿਆਂ ਦੀ ਜੋੜੀ ਦਿਤੀ ਤੇ ਨਾਲ ਜੋ ਆਪਣਾ ਖੰਡਾ ਸੀ, ਮਹਾਰਾਜ ਨੇ ਆਪਣੇ ਗਾਤਰੇ 'ਚੋਂ ਲਾਹ ਕੇ ਉਸਨੂੰ ਦੇ ਦਿਤਾ। ਕਹਿੰਦੇ, ਲੈ ਡੱਲਿਆ! ਆਹ ਖੰਡਾ ਸਾਡੀ ਨਿਸ਼ਾਨੀ ਰੱਖਿਆ ਕਰ। ਬਰਕਤਾਂ ਦੇ ਦਿਤੀਆਂ। ਸਭ ਕੁਛ ਕਰਦੇ ਹੋਏ, ਅਜੇ ਸਿੱਖੀ ਦੀ ਸੋਝੀ ਨਹੀਂ ਸੀ ਪਈ। ਗੁਰਮਤਿ ਦੀ ਸੋਝੀ ਨਹੀਂ ਸੀ ਕਿਉਂਕਿ ਗੁਰਮਤਿ ਦੀ ਜਿਹੜੀ ਸੋਝੀ ਹੈ ਸਾਧਸੰਗਤ ਜੀ! ਉੱਚੀ ਹੈ। ਤਿੰਨ ਤਰ੍ਹਾਂ ਦੇ ਸਿੱਖ ਹੁੰਦੇ ਨੇ – ਸਿੱਖ, ਸਿਦਕੀ ਸਿੱਖ, ਮਰਜੀਵੜਾ ਸਿੱਖ। ਗੁਰੂ ਨੂੰ ਮਰਜੀਵੜਾ ਸਿੱਖ ਭਾਉਂਦਾ ਹੈ। ਇਸ ਤਰ੍ਹਾਂ ਨਾਲ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ –

*ਧਾਰਨਾ – ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

*ਭਾਈ ਗੁਰਦਾਸ ਜੀ, ਵਾਰ ੩/੧੮*

ਜੇ ਕੋਈ ਕਹਿੰਦਾ ਹੈ ਕਿ ਮੈਂ ਸਿੱਖ ਹਾਂ, ਮੈਂ ਮੁਰੀਦ ਹਾਂ। ਮੈਂ ਫਲਾਣੇ ਸੰਤਾਂ ਦਾ ਸੇਵਕ ਹਾਂ। ਉਹਦੀ ਤਾਂ ਸ਼ਰਤ

ਹੁੰਦੀ ਹੈ ਕਿ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ- ੧੧੦੨*

ਜਿੰਨਾਂ ਚਿਰ ਤੇਰੀ ਅਹੰ ਬਿਰਤੀ ਨਹੀਂ ਮਰਦੀ, ਕੁਛ ਨਹੀਂ ਬਣਿਆ ਕਰਦਾ। ਸੋ ਮੁਰਦਾ ਹੋਣਾ ਪੈਂਦਾ ਹੈ।

*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਜਿੰਨਾਂ ਚਿਰ ਤੱਕ ਮੈਂ ਕਾਇਮ ਹੈ, ਮਹਾਰਾਜ ਕਹਿੰਦੇ, ਤੇਰਾ ਕੁਛ ਵੀ ਨਹੀਂ ਬਣਨਾ, ਐਵੇਂ ਤੂੰ ਖੇਚਲ ਸਹਿੰਦਾ ਹੈਂ। ਕਿਉਂਕਿ ਤੂੰ ਅੱਡ ਹੈਂ, ਆਪਣੇ ਮਨ ਦੀ ਮੱਤ ਕਰਦੈਂ ਤੇ ਮੈਂ ਬਣਿਆ ਹੋਇਆ ਹੈਂ। ਇਹ ਤਾਂ ਛੱਡਣੀ ਪੈਂਦੀ ਹੈ-

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥* *ਅੰਗ - ੨੮੬*

ਕਾਰਜ ਰਾਸ, ਤਰੱਕੀ ਤਾਂ ਹੋਏਗੀ ਜੇ ਮਨ ਵੇਚ ਦਿਤਾ। ਜੇ ਆਪਣੇ ਕੋਲ ਮਨ ਦੀ ਮਤ ਧਾਰਨ ਕਰ ਰੱਖੀ ਹੈ ਫੇਰ ਗੁਰੂ ਕੋਲ ਆ, ਚਾਹੇ ਨਾ ਆ, ਕੁਛ ਨਹੀਂ ਬਣਦਾ ਕਿਉਂਕਿ ਬੰਦ ਹੋ ਗਿਆ, ਦਰਵਾਜ਼ਾ ਉਸ ਨੇ ਬੰਦ ਕਰ ਲਿਆ, ਬਖਸ਼ਿਸ਼ਾਂ ਜਿੱਥੋਂ ਆਉਂਦੀਆਂ ਨੇ।'ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।' ਹੱਦ ਤੋਂ ਜ਼ਿਆਦਾ ਸਬਰ ਵਾਲਾ। ਸ਼ਕਤੀਆਂ ਹੁੰਦੇ ਹੋਏ, ਫੇਰ ਵੀ ਨਾ ਦਿਖਾਉਣੀਆਂ।

ਭਾਈ ਦਇਆ ਸਿੰਘ ਜੀ ਨੂੰ ਗੁਰੂ ਮਹਾਰਾਜ ਨੇ ਦੂਜੀ ਵਾਰ ਔਰੰਗਜ਼ੇਬ ਕੋਲ ਭੇਜ ਦਿਤਾ ਕਿ ਆਹ ਚਿੱਠੀ ਜਿਹੜੀ ਅਸੀਂ ਦੀਨੇ ਕਾਂਗੜ ਤੋਂ ਲਿਖੀ ਹੈ। ਇਹ ਦੇ ਕੇ, ਇਹਦਾ ਜਵਾਬ ਲੈ ਕੇ ਆ। ਉਧਰਲੇ ਪਾਸੇ ਸੂਬੇ ਸਰਹੰਦ ਨੂੰ ਪਤਾ ਲੱਗ ਗਿਆ ਕਿ ਪਹਿਲੀ ਚਿੱਠੀ ਆਉਣ 'ਤੇ ਔਰੰਗਜ਼ੇਬ ਨੇ ਸਾਨੂੰ ਚਿੱਠੀਆਂ ਲਿਖ ਦਿਤੀਆਂ ਕਿ ਤੁਸੀਂ ਮਾੜਾ ਕੰਮ ਕਰਿਆ, ਗੁਰੂ ਗੋਬਿੰਦ ਸਿੰਘ ਨੂੰ ਤੁਸੀਂ ਦੁਖ ਦਿਤਾ। ਬਈ, ਫੇਰ ਪਤਾ ਲੱਗ ਗਿਆ ਕਿ ਦੀਨੀਓ ਚੱਲਿਆ ਹੈ। ਸੀ.ਆਈ.ਡੀ ਪਿੱਛੇ ਸੀ। ਨਵਾਬ ਨੂੰ ਜਾ ਕੇ ਦਸ ਦਿਤਾ। ਕਈ ਨਵਾਬ ਇਹਦੇ ਵਿਚ involve (ਸੰਮਿਲਤ) ਸੀ। ਜਿੰਨਿਆਂ ਨੇ ਸਹੁੰ ਤੋੜ ਕੇ ਹੱਲਾ ਕਰਿਆ ਸੀ, ਸਾਰੇ ਹੀ ਸੀਗੇ। ਉਨ੍ਹਾਂ ਦੇ ਉਥੇ ਸੈੱਲ ਬਣੇ ਹੋਏ ਸੀ। ਸਾਰਿਆਂ ਦੇ ਵਿਚ ਮੰਤਰ ਗਿਣ ਲਿਆ ਕਿ ਭਾਈ ਦਇਆ ਸਿੰਘ ਦੀ ਮੁਲਾਕਾਤ ਨਹੀਂ ਹੋਣ ਦੇਣੀ। 60 ਮੀਲ ਉਰ੍ਹੇ ਭਾਈ ਦਇਆ ਸਿੰਘ ਠਹਿਰੇ ਤੇ ਸੱਠ ਮੀਲ ਜਾਇਆ ਕਰਦੇ ਸੀ। ਫੇਰ ਜਾ ਕੇ ਸਮਾਂ ਨਾ ਮਿਲਣਾ। ਫੇਰ ਬਹਾਨਾ ਲੱਗ ਜਾਣਾ। ਫੇਰ ਆਪ ਨੇ ਠਹਿਰਣਾ, ਫੇਰ ਜਾਣਾ। ਜਦੋਂ ਨੌਂ ਮਹੀਨੇ ਲੰਘ ਗਏ, ਗੁਰੂ ਮਹਾਰਾਜ ਇੰਤਜ਼ਾਰ ਕਰਦੇ ਨੇ। ਉਸ ਵੇਲੇ ਕਾਸਦ ਦੇ ਹੱਥ ਚਿੱਠੀ ਭੇਜੀ ਕਿ ਪਾਤਸ਼ਾਹ ਤੁਸੀਂ ਸਭ ਕੁਛ ਜਾਣਦੇ ਓਂ, ਬੜੀ ਗੱਲ ਵਿਗੜ ਚੁੱਕੀ ਹੈ। ਹੁਣ ਮੇਰੇ ਵਸ ਤੋਂ ਬਾਹਰਲੀ ਗੱਲ ਹੈ, ਤੁਸੀਂ ਕ੍ਰਿਪਾ ਕਰੋ। ਉਸ ਵੇਲੇ ਮਹਾਰਾਜ ਜੀ ਨੇ ਜਦੋਂ ਔਰੰਗਜ਼ੇਬ ਸੌਂ ਗਿਆ, ਇਹਨੂੰ ਫੜ ਲਿਆ। ਬਹੁਤ ਘੂਰਿਆ ਤੇ ਕਿਹਾ ਕਿ ਅੱਜ ਤਾਂ ਤੈਨੂੰ ਅਸੀਂ ਛੱਡ ਦਿੰਦੇ ਹਾਂ, ਸਾਡਾ ਸਿੱਖ ਨੌਂ ਮਹੀਨੇ ਦਾ ਬੈਠਾ ਹੈ, ਨਾਉਂ ਭਾਈ ਦਇਆ ਸਿੰਘ ਹੈ। ਕੱਲ੍ਹ ਨੂੰ ਆਵਾਜ਼ ਮਾਰ ਕੇ ਉਸਨੂੰ ਪਾਸ ਬੁਲਾ, ਚਿੱਠੀ ਭੇਜੀ ਹੋਈ ਹੈ, ਤੇਰੇ ਅਹਿਲਕਾਰ ਤੇਰੇ ਤੱਕ ਪਹੁੰਚਣ ਨਹੀਂ ਦਿੰਦੇ। ਨਾਲ ਇਕ ਤੀਰ ਦੇ ਦਿਤਾ ਮਹਾਰਾਜ ਨੇ, ਕਹਿੰਦੇ, ਤੀਰ ਸਾਡੀ ਨਿਸ਼ਾਨੀ ਉਹਨੂੰ ਦੇ ਦੇਈਂ, ਉਹ ਮੰਗੇਗਾ ਤੇ ਤੂੰ ਦੇ ਦੇਈਂ। ਇਧਰ ਭਾਈ ਦਇਆ ਸਿੰਘ ਜੀ ਦੇ ਪਾਸ ਸਾਰੀ ਗੱਲ ਸਿਮਰਨ ਵੇਲੇ ਸਾਰਾ ਸੁਨੇਹਾ ਪਹੁੰਚ ਗਿਆ। ਭਾਈ ਦਇਆ ਸਿੰਘ ਜੀ ਨੂੰ ਬੁਲਾ ਲਿਆ ਗਿਆ, ਮਹਾਰਾਜ ਨੇ ਕਿਹਾ ਹੁਣ ਜਾ ਕੇ ਮੁਗਲਈ ਤਰੀਕੇ ਨਾਲ ਜਾ ਕੇ ਨਹੀਂ ਸਤਿਕਾਰ ਕਰਨਾ ਕਿ ਨੀਵੇਂ ਹੋ ਕੇ ਸੱਤ ਸਲਾਮਾਂ ਕਰੋ। ਫਤਹਿ ਬੁਲਾਉਣੀ ਹੈ, ਸ਼ਸਤਰ ਲੈ ਕੇ ਅੰਦਰ ਜਾਣਾ ਹੈ। ਸੋ ਅੰਦਰੋਂ ਸੁਨੇਹਾ ਆ ਗਿਆ ਕਿ ਭਾਈ ਦਇਆ ਸਿੰਘ ਨੂੰ ਭੇਜ ਦਿਓ। ਭਾਈ ਸਾਹਿਬ ਸਿੰਘ ਜੀ ਨਾਲ ਨੇ ਉਨ੍ਹਾਂ ਦੇ। ਉਥੇ ਦੇ ਗੁਰਸਿੱਖ ਸੀਗੇ। ਉਨ੍ਹਾਂ ਨੇ ਕਿਹਾ ਕਿ ਸ਼ਸਤਰ ਲੈ ਕੇ ਤੁਸੀਂ ਜਾ ਨਹੀਂ ਸਕਦੇ। ਉਹ ਕਹਿੰਦੇ, ਅਸੀਂ ਤਾਂ ਸ਼ਸਤਰਾਂ ਸਮੇਤ ਜਾਣਾ ਹੈ। ਔਰੰਗਜ਼ੇਬ ਕੋਲ ਗੱਲ ਪਹੁੰਚੀ, ਕਹਿੰਦਾ ਲੈ ਆਓ। ਕੁਛ ਨਹੀਂ ਮੈਨੂੰ ਕਹਿੰਦੇ। ਉਸੇ ਤਰ੍ਹਾਂ ਗਏ, ਜਾ ਕੇ ਫੇਰ ਸੱਤ ਸਲਾਮਾਂ ਨਹੀਂ ਕਰੀਆਂ। ਗੱਜ ਕੇ ਫਤਹਿ ਬੁਲਾਈ -

*ਵਾਹਿਗੁਰੂ ਜੀ ਕਾ ਖਾਲਸਾ,*
*ਵਾਹਿਗੁਰੂ ਜੀ ਕੀ ਫਤਹਿ।*

ਔਰੰਗਜ਼ੇਬ ਕਹਿੰਦਾ, ਗੁਰੂ ਨੇ ਬੜੀ ਕਾਹਲੀ ਕਰੀ ਹੈ। ਛੇਤੀ ਬਣਾ ਦਿਤਾ, Pre time Khalsa (ਸਮੇਂ ਤੋਂ ਪਹਿਲਾਂ ਖਾਲਸਾ) ਪੈਦਾ ਕਰ ਦਿਤਾ। ਅਜੇ ਨਹੀਂ ਸੀ ਚਾਹੀਦਾ।

ਜਵਾਬ ਦਿਤਾ ਕਿ ਬਾਦਸ਼ਾਹ! ਤੂੰ ਵੀ ਬਹੁਤ ਕਾਹਲੀ ਕਰੀ, ਦੋ ਧਰਮਾਂ ਤੋਂ ਇੱਕ ਬਣਾਉਣ ਦੀ। ਗੁਰੂ ਨੇ ਕਿਹਾ ਕਿ ਦੋ ਤੋਂ ਇੱਕ ਨਹੀਂ ਬਣਨਾ। ਦੋ ਤੋਂ ਤਿੰਨ ਬਣਨਗੇ। ਨਿਝੱਕ ਹੋ ਕੇ ਗੱਲਬਾਤ ਕਰੀ, ਬੜਾ ਅਸਰ ਪਿਆ ਉਸ ਦੇ ਉਤੇ। ਬਈ ਇਹ ਤਾਂ ਬੜੇ ਜਲਾਲ ਵਾਲੇ ਨੇ। ਕਹਿਣ ਲੱਗਿਆ, ਗੁਰੂ ਵਿਚ ਕੋਈ ਸ਼ਕਤੀਆਂ ਵੀ ਹੈਗੀਆਂ। ਕਹਿੰਦੇ, ਤੇਰੀ ਫੌਜ ਤਾਂ ਲੜ ਹੀ ਨਹੀਂ ਸੀ ਸਕਦੀ ਉਹਦੇ ਨਾਲ। ਇਹ ਤਾਂ ਉਨ੍ਹਾਂ ਦੀ ਇੱਕ ਖੇਡ ਸੀ, ਗੁਰੂ ਘਰ ਦੇ ਤਾਂ ਕੁੱਤਿਆਂ ਵਿਚ ਵੀ ਸ਼ਕਤੀ ਹੈ। ਜੇ ਗੁਰੂ ਕੁੱਤੇ ਵਲ ਦੇਖ ਲਵੇ, ਕੁੱਤਾ ਵੀ ਸ਼ਕਤੀਸ਼ਾਲ ਹੋ ਜਾਂਦਾ ਹੈ।

ਕਹਿੰਦਾ, ਤੇਰੇ ਵਿਚ ਵੀ ਸ਼ਕਤੀ ਹੈ?

ਕਹਿੰਦਾ, ਸਾਡੀ ਕਾਹਦੀ ਗੱਲ ਕਰਦਾ ਹੈਂ, ਕੁੱਤਿਆਂ ਵਿਚ ਵੀ ਸ਼ਕਤੀ ਹੈ।

ਔਰੰਗਜ਼ੇਬ ਨੇ ਕੁੱਤਾ ਮੰਗਾ ਲਿਆ। ਕਹਿੰਦਾ, ਫੇਰ ਇਹਦੀ ਸ਼ਕਤੀ ਦਿਖਾਓ ਤੁਸੀਂ ਸਾਨੂੰ। ਉਹ ਬਹੁਤ ਦੂਰ ਤੱਕ ਜਾਂਦਾ ਸੀ। ਰਾਮਰਾਇ ਜੀ ਤੋਂ 72 ਸ਼ਕਤੀਆਂ ਦੇਖ ਕੇ ਫੇਰ ਵੀ ਪਤੀਜਿਆ ਨਹੀਂ ਸੀ। ਉਸ ਵੇਲੇ ਭਾਈ ਦਇਆ ਸਿੰਘ ਜੀ ਨੇ ਕੁੱਤੇ ਵੱਲ ਦੇਖਿਆ। ਬਰਛੇ ਨਾਲ ਛੋਹਿਆ, ਕਹਿੰਦੇ, ਇਹਦੇ ਨਾਲ ਗੱਲ ਕਰ। ਔਰੰਗਜ਼ੇਬ ਨੇ ਪੁੱਛਿਆ

ਕਿ ਤੂੰ ਕੌਣ ਹੈਂ? ਕਹਿੰਦਾ, ਮੈਂ ਤੇਰਾ ਭਾਈ ਹਾਂ। ਕਹਿੰਦਾ, ਮੇਰਾ ਭਾਈ ਕਿਵੇਂ? ਕਹਿੰਦਾ, ਤੂੰ ਵੀ ਪਹਿਲਾਂ ਕੁੱਤਾ ਹੀ ਸੀਗਾ ਤੇ ਹੁਣ ਵੀ ਸਾਡੇ ਵਿਚ ਹੀ ਆਏਂਗਾ ਮਰਨ ਤੋਂ ਬਾਅਦ। ਤੇਰਾ ਅਸੀਂ ਇੰਤਜ਼ਾਰ ਕਰਦੇ ਹਾਂ, ਤੂੰ ਤਾਂ ਰਾਜਗੱਦੀ ਦੇ ਬੈਠਣ ਦੇ ਕਾਬਲ ਹੀ ਨਹੀਂ। ਰਾਜਾ ਤਾਂ ਉਹ ਬੈਠੇ ਜਿਹੜਾ ਲਾਇਕ ਹੋਵੇ, ਜਿਹਦੇ ਕੋਲ ਇਨਸਾਫ ਦੀ ਚੂਲੀ ਹੋ ਜਾਏ। ਉਹਦਾ ਧਰਮ ਇਨਸਾਫ ਹੋਇਆ ਕਰਦਾ ਹੈ -

*ਰਾਜੇ ਚੁਲੀ ਨਿਆਵ ਕੀ ........॥* *ਅੰਗ - ੧੨੪੨*

ਜਦੋਂ ਕਾਫੀ ਗੱਲਾਂ ਕਰੀਆਂ, ਸੁਣ ਨਹੀਂ ਸਕਦਾ। ਬਹੁਤ ਖਰੀਆਂ-ਖਰੀਆਂ ਕੁੱਤਾ ਸੁਣਾਈ ਜਾਂਦਾ ਹੈ। ਕਹਿੰਦਾ, ਬੱਸ ਕਰੋ। ਕਹਿੰਦੇ, ਸੁਣ ਲਈ ਫੇਰ ਕੁੱਤੇ ਦੀ ਗੱਲ।

ਐਨੀ ਸ਼ਕਤੀ ਦੇ ਮਾਲਕ ਹੁੰਦੇ ਹੋਏ ਸਾਬਰ ਸੀਗੇ, ਸ਼ਕਤੀ ਨਹੀਂ ਸੀ ਦਿਖਾਲਦੇ। ਗੁਰੂ ਦੇ ਹੁਕਮ 'ਚ ਦਿਖਾਲੀ। ਉਂਵ ਨਹੀਂ ਸੀ ਦਿਖਾਲੀ। ਉਂਵ ਤਾਂ ਇੱਕ-ਇੱਕ ਗੁਰਸਿੱਖ 'ਚ ਹੀ ਬੇਅੰਤ ਸ਼ਕਤੀ ਸੀ।

ਜੇ ਭਾਈ ਮਤੀ ਦਾਸ ਜੀ ਕਹਿੰਦੇ ਨੇ ਕਿ ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦੇਵਾਂ ਤੇ ਓਧਰ ਗੁਰੂ ਪੰਜਵੇਂ ਪਾਤਸ਼ਾਹ ਵੇਲੇ ਕਹਿੰਦੇ ਨੇ ਕਿ ਅਸੀਂ ਲਾਹੌਰ ਨੂੰ ਢਾਹ ਦੇਈਏ, ਉਲਟਾ ਕਰ ਦੇਈਏ। ਸ਼ਕਤੀਆਂ ਤਾਂ ਮਹਾਰਾਜ ਨੇ ਮਨ੍ਹਾ ਕਰ ਦਿਤੀਆਂ ਕਿ ਨਹੀਂ ਸਾਬਰ ਹੋ, ਤੁਸੀਂ ਸੇਵਕ ਹੋਂ -

*ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥*
*ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥*
*ਅੰਗ- ੨੮*

ਜਿਹੜਾ ਕਹਿੰਦਾ ਹੈ, ਮੈਂ ਸਿੱਖ ਹਾਂ, ਮੈਂ ਸੇਵਕ ਹਾਂ। ਉਹ ਕਹਿੰਦੇ, ਮਨ ਵੀ ਤਨ ਵੀ ਦੋਵੇਂ ਦੇ ਦੇਵੇ ਸਾਧੂਆਂ ਨੂੰ। ਗੁਰੂ ਨੂੰ ਦੇ ਦੇਵੇ। ਜੇ ਮਨ ਆਪਣੇ ਕੋਲ ਰੱਖਿਆ, ਫੇਰ ਮਨਮਤਿ ਕਰੇਗਾ; ਤਨ ਆਪਣੇ ਕੋਲ ਰੱਖਿਆ ਫੇਰ ਕੁਛ ਸਾਂਝ ਹੀ ਨਹੀਂ ਪਈ। ਇਹ ਦੋਨੋਂ ਦੇਣੇ ਪੈਂਦੇ ਨੇ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ - ੯੧੮*

ਕਹਿੰਦੇ ਸੋ ਸੇਵਕ ਉਹ ਹੋਇਆ ਕਰਦਾ ਹੈ -

*ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥*
*ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥*
*ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥*
*ਅੰਗ - ੨੮*

*ਆਗਿਆ ਮਹਿ ਭੂਖ ਸੋਈ ਕਰਿ ਸੂਖਾ*
*ਸੋਗ ਹਰਖ ਨਹੀ ਜਾਨਿਓ ॥* *ਅੰਗ - ੧੦੦੦*

ਭੁੱਖ ਆ ਗਈ ਫੇਰ ਨੱਠ ਜਾਓ ਜੀ। ਇਥੇ ਤਾਂ ਲੰਗਰ ਵਿਚ ਰੋਟੀਆਂ ਰੁੱਖੀਆਂ ਹੀ ਮਿਲਦੀਆਂ ਨੇ ਜੀ। ਕਹਿੰਦੇ ਇਹ ਕੋਈ ਸੇਵਕ ਹੁੰਦੇ ਹਨ? ਇਹ ਨਹੀਂ ਹੁੰਦਾ-

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥* *ਅੰਗ - ੫੧*

ਖਾਣ ਪੀਣ ਦੇ ਉਹ ਤਾਂ ਹੁੰਦੇ ਨੇ -

ਮਹਾਰਾਜ ਕਹਿੰਦੇ, ਜੇ ਭੁੱਖ ਆ ਗਈ ਤਾਂ ਵੀ ਖੁਸ਼ੀ, ਦੁਖ ਆ ਗਿਆ ਤਾਂ ਵੀ ਖੁਸ਼ੀ। ਭੁੱਖ ਨੂੰ, ਦੁੱਖ ਨੂੰ ਵੀ ਸੁੱਖ ਕਰਕੇ ਮੰਨੇ -

*ਆਗਿਆ ਮਹਿ ਭੂਖ ਸੋਈ ਕਰਿ ਸੂਖਾ*
*ਸੋਗ ਹਰਖ ਨਹੀ ਜਾਨਿਓ ॥*
*ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥*
*ਅੰਗ - ੧੦੦੦*

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਸਮਝਾਉਣਾ ਕੀਤਾ ਕਿ ਡੱਲਿਆ! ਸਿੱਖੀ ਬੜੀ ਦੂਰ ਹੈ। ਠੀਕ ਹੈ ਤੂੰ ਕੁਰਬਾਨੀ ਕਰਦਾ ਹੈਂ। ਇਕ ਵਾਰੀ ਪਤਾ ਲੱਗਿਆ, ਗੁਪਤਚਰ ਨੇ ਦੱਸਿਆ ਕਿ ਸੂਬਾ ਸਰਹੰਦ ਛਾਪਾ ਮਾਰਨਾ ਚਾਹੁੰਦਾ ਹੈ ਗੁਰੂ ਸਾਹਿਬ 'ਤੇ। ਡੱਲੇ ਨੂੰ ਲੱਗਿਆ ਪਤਾ, ਤਿੰਨ ਦਿਨ ਆਪਣੇ ਜਵਾਨ ਲੈ ਕੇ ਬਾਹਰ ਜਾ ਕੇ ਮੂਹਰੇ ਰਸਤੇ 'ਤੇ ਜਾ ਕੇ ਬੈਠਾ ਰਿਹਾ। ਗੁਰੂ ਮਹਾਰਾਜ ਬੜੇ ਪ੍ਰਸੰਨ ਹੋਏ। ਉਥੇ ਨੌਂ ਮਹੀਨੇ, ਨੌਂ ਦਿਨ, ਨੌਂ ਘੜੀਆਂ, ਨੌਂ ਪਹਿਰ, ਨੌਂ ਪਲ ਗੁਰੂ ਮਹਾਰਾਜ ਉਥੇ ਰਹੇ। ਉਸ ਵੇਲੇ ਗੱਲਾਂ ਵਾਲੇ ਬਹੁਤ ਆ ਗਏ। ਹਰੇਕ ਇੱਕ ਤੋਂ ਇੱਕ ਚੜ੍ਹਦਾ ਬਣਦਾ ਜਾਂਦਾ ਹੈ ਕਿ ਮੈਂ ਸਿੱਖ ਹਾਂ, ਦੂਜਾ ਕਹਿੰਦਾ ਮੈਂ ਸਿੱਖ ਹੈ। ਕਿਉਂਕਿ ਐਸਾ ਹੀ ਹਿਸਾਬ ਹੈ -

*ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ, ਚਾਕਰ ਕੋਈ-ਕੋਈ ਹੈ।*

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥* *ਅੰਗ - ੪੭੪*

ਗੁਰੂ ਸਾਹਿਬ ਨੂੰ ਕਹਿੰਦਾ ਹੈ ਕਿ ਮਹਾਰਾਜ! ਹੁਣ ਆਉਣ ਹੁਣ ਉਨ੍ਹਾਂ ਨੂੰ ਦੱਸਾਂਗੇ। ਹੁਣ ਪੁਰਜਾ-ਪੁਰਜਾ ਕਟ ਕੇ ਮਰ ਜਾਵਾਂਗੇ। ਕਿੱਡੇ-ਕਿੱਡੇ ਜਵਾਨ ਨੇ ਮਹਾਰਾਜ, ਹੁਣ ਨਹੀਂ ਅਸੀਂ ਫੌਜ ਨਿਵਾਉਣੀ। ਗੱਲਾਂ ਮਾਰਦੇ ਨੇ। ਗੱਲਾਂ ਨਾਲ ਵੱਡੇ ਤੋਂ ਵੱਡੇ ਬਣਦੇ ਤੁਰੇ ਜਾ ਰਹੇ ਨੇ। ਅਸਲੀ ਨਹੀਂ ਹਨ। ਜਿਹੜੇ ਅਸਲੀ ਹੁੰਦੇ ਨੇ ਉਨ੍ਹਾਂ ਦੀਆਂ ਨਿਸ਼ਾਨੀਆਂ ਹੋਰ ਹੋਇਆ ਕਰਦੀਆਂ ਹਨ। ਨਕਲੀ ਤਾਂ ਜਿਹੜੇ ਨੇ ਝੜ ਜਾਇਆ ਕਰਦੇ ਨੇ।

ਗੁਰੂ ਮਹਾਰਾਜ ਨੇ ਸਮੇਂ ਦੀ ਵਿਚਾਰ ਕਰਕੇ ਨੌਂ ਮਹੀਨੇ, ਨੌਂ ਦਿਨ, ਨੌਂ ਪਹਿਰ, ਨੌਂ ਘੜੀਆਂ, ਨੌਂ ਪਲ ਠਹਿਰ ਕੇ ਦਮਦਮੇ ਸਾਹਿਬ ਇੱਕ ਦਿਨ ਸੰਗਤ ਵਿਚ ਕਿਹਾ ਕਿ ਪ੍ਰੇਮੀਓਂ! ਅਸੀਂ ਹੁਣ ਦੱਖਣ ਨੂੰ ਜਾਣਾ ਹੈ। ਮੁੜਨਾ ਹੈ ਕਿ ਨਹੀਂ ਮੁੜਨਾ ਇਹ ਅਕਾਲ ਪੁਰਖ ਨੂੰ ਪਤਾ ਹੈ ਤੇ ਸਾਡੇ ਨਾਲ ਹੁਣ ਤੁਸੀਂ ਤਿਆਰੀ ਕਰ ਲਓ ਚੱਲਣ ਦੀ। ਜਿਹੜੇ ਦੁੱਧ ਪੀਣ ਵਾਲੇ ਮਜਨੂੰ ਸੀ ਸਾਰਿਆਂ ਦੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ ਕਿ ਹੈਂ ਹੁਣ ਸਾਨੂੰ ਦੱਖਣ 'ਚ ਲੈ ਜਾਣਗੇ ਜਿਥੋਂ ਮੁੜਨਾ ਹੀ ਨਹੀਂ। ਬਾਲ-ਬੱਚੇ ਕੀ ਕਰਨਗੇ ਸਾਡੇ। ਉਸ ਵੇਲੇ ਝੜਨੇ ਸ਼ੁਰੂ ਹੋ ਗਏ। ਰਾਤ ਨੂੰ ਪਹਿਲੀ ਰਾਤ ਹੀ ਜਿੰਨੇ ਡਰਪੋਕ ਸੀ ਸਾਰੇ ਨੱਸਣ ਲਗ ਗਏ। ਜਿਹੜੇ ਫੌਜ ਦੇ ਜਵਾਨ ਸੀ ਉਹ ਵੀ ਨੱਠਣੇ ਸ਼ੁਰੂ ਹੋ ਗਏ।

ਮਹਾਰਾਜ ਜੀ ਨੂੰ ਦੱਸਿਆ ਕਿ ਮਹਾਰਾਜ! ਸੈਂਕੜੇ ਹੀ ਬੰਦੇ ਭਗੌੜੇ ਹੋ ਗਏ ਰਾਤ। ਪੱਕੇ ਤਾਂ ਥੋੜ੍ਹੇ ਹੀ ਰਹਿ ਗਏ, ਜਿਹੜੇ ਪੱਕੇ ਹੁੰਦੇ ਨੇ ਉਨ੍ਹਾਂ ਦੀ ਨਿਸ਼ਾਨੀ ਹੋਇਆ ਕਰਦੀ ਹੈ -

*ਧਾਰਨਾ - ਮੁੱਖੜਾ ਨਾ ਮੋੜਦੇ, ਰੱਤੇ ਜੋ ਨਾਲ ਗੁਰਾਂ ਦੇ।*

*ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ ॥*

*ਅੰਗ - ੧੪੨੫*

ਕਹਿੰਦੇ ਮੁੱਖ ਨਹੀਂ ਮੋੜਿਆ ਕਰਦੇ, ਚਾਹੇ ਦੁਖ ਆ ਜਾਏ, ਚਾਹੇ ਸੁਖ ਆ ਜਾਏ। ਗੁਰੂ ਦੇ ਨਾਲ ਲਗ ਗਏ ਤੇ ਫੇਰ ਨਹੀਂ ਨੱਠਿਆ ਕਰਦੇ।

ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਨੇ ਕਸਵੱਟੀ ਲਾ ਦਿਤੀ। ਪਹਿਲਾਂ ਪੰਜ ਪਿਆਰੇ ਛਾਂਟਣ ਦੀ ਕਸਵੱਟੀ ਲਾਈ। ਅੱਜ ਦੱਖਣ ਨੂੰ ਤੁਰਨ ਦੀ ਕਸਵੱਟੀ ਲਗ ਗਈ। ਉਸ ਵੇਲੇ ਕੱਚੇ ਝੜਨੇ ਸ਼ੁਰੂ ਹੋ ਗਏ, ਜਿਵੇਂ ਹਨ੍ਹੇਰੀ ਆਈ 'ਤੇ ਬੇਰ ਝੜਦੇ ਨੇ ਜਾਂ ਅੰਬੀਆਂ ਝੜਦੀਆਂ ਨੇ, ਇਸ ਤਰ੍ਹਾਂ ਨਾਲ ਝੜਨ ਲੱਗ ਗਏ। ਛਿੱਦ ਪੈ ਗਈ। ਇਹ ਕਸਵੱਟੀ ਹੋਇਆ ਕਰਦੀ ਹੈ। ਮਰਜੀਵੜੇ ਤੋਂ ਬਗੈਰ ਕਸਵੱਟੀ 'ਚ ਨਹੀਂ ਪਾਸ ਹੋਇਆ ਕਰਦਾ -

*ਧਾਰਨਾ - ਜਦੋਂ ਲਗਦੀ ਹੈ ਰਾਮ ਕਸੌਟੀ,*
*ਪਾਸ ਹੁੰਦੇ ਮਰਜੀਵੜੇ।*
*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ ਅੰਗ - ੯੪੮*

ਕੱਚੇ ਝੜ ਜਾਂਦੇ ਨੇ -

*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ ॥*

*ਅੰਗ - ੧੪੨੫*

ਬਾਬਾ ਫਰੀਦ 'ਤੇ ਕਸਵੱਟੀ ਲਗ ਜਾਂਦੀ ਹੈ। ਬਾਰ੍ਹਾਂ ਸਾਲ ਤਪ ਕਰਿਆ, ਮਾਂ ਦੇ ਕੋਲ ਪਹੁੰਚਦੇ ਨੇ। ਰਸਤੇ 'ਚ ਇੱਕ ਲੜਕੀ ਮਿਲ ਜਾਂਦੀ ਹੈ ਪਾਣੀ ਕੱਢ-ਕੱਢ ਕੇ ਡੋਲ੍ਹੀ ਜਾਂਦੀ ਹੈ। ਫਰੀਦ ਨੇ ਰਸਤੇ ਵਿਚ ਜਾਂਦੇ-ਜਾਂਦੇ ਪੰਛੀ ਸ਼ੋਰ ਕਰਦੇ ਸੀ ਤਪ ਕਰਨ ਨਾਲ ਕ੍ਰੋਧ ਵਧਿਆ ਹੋਇਆ ਸੀ। ਮੂੰਹ 'ਚੋਂ ਕੱਢ ਦਿਤਾ ਉਤੇ ਨੂੰ ਦੇਖ ਕੇ - ਮਰ ਵੰਞਸੋ। ਸਾਰੇ ਹੀ ਪੰਛੀ ਮਰ ਗਏ। ਖਿਆਲ ਆਇਆ ਕਿ ਮੈਂ ਇਹ ਕਿਉਂ ਮਾਰ ਦਿਤੇ। ਕਹਿੰਦੇ, ਉਡ ਵੰਞਸੋ। ਸਾਰੇ ਹੀ ਉਡ ਗਏ। ਬੀਬੀ ਕੋਲ ਆ ਕੇ ਪਾਣੀ ਮੰਗਦਾ ਹੈ, ਬਾਰ-ਬਾਰ ਕਹਿੰਦਾ ਹੈ। ਬੀਬੀ ਕਹਿੰਦੀ ਬਾਬਾ, ਇਹ ਚਿੜੀਆਂ ਨਹੀਂ ਜਿਹੜੀਆਂ ਮਾਰ ਦਏਂਗਾ ਤੇ ਉਡਾ ਦਏਂਗਾ। ਹੈਰਾਨ ਹੋ ਗਿਆ ਕਿ ਆਹ 22 ਸਾਲ ਦੀ ਕੁੜੀ ਇਹਨੇ ਕਿਵੇਂ ਦੇਖ ਲਿਆ ਕਿ ਮੈਂ ਚਿੜੀਆਂ ਮਾਰਦਾ ਹਾਂ। ਉਥੇ ਤਾਂ ਕੋਈ ਬੰਦਾ ਹੀ ਨਹੀਂ ਸੀ। ਭੇਤ ਲੈਣ ਵਾਸਤੇ ਰੁਕ ਗਿਆ। ਲੜਕੀ ਪਾਣੀ ਜਿੰਨਾਂ ਡੋਲ੍ਹਣਾ ਸੀ ਡੋਲ੍ਹ ਹਟੀ। ਉਸ ਤੋਂ ਬਾਅਦ ਕਹਿੰਦੀ, ਆਓ ਦਰਵੇਸ਼! ਜਲ ਪੀਓ। ਕਹਿੰਦਾ, ਬੀਬੀ! ਤੂੰ ਮੈਨੂੰ ਪਹਿਲਾਂ ਪਾਣੀ ਕਿਉਂ ਨਹੀਂ ਸੀ ਪਿਲਾਇਆ? ਕਹਿੰਦੀ, ਤੈਨੂੰ ਨਹੀਂ ਪਤਾ? ਕਹਿੰਦਾ ਨਾ। ਕਹਿੰਦੀ, ਇਥੋਂ ਵੀਹ ਮੀਲ 'ਤੇ ਮੇਰੀ ਭੈਣ ਦਾ ਘਰ ਹੈ, ਉਹਨੂੰ ਅੱਗ ਲੱਗ ਗਈ ਸੀ। ਉਹ ਸਤਿਸੰਗ 'ਤੇ ਗਈ ਹੋਈ ਹੈ। ਮੈਨੂੰ ਖਿਆਲ ਆ ਗਿਆ ਕਿ ਬੁਝਾ ਦੇਵਾਂ। ਮੈਂ ਪਾਣੀ ਪਾ ਕੇ ਅੱਗ ਬੁਝਾਈ ਹੈ। ਹੈਰਾਨ ਹੋ ਗਿਆ ਕਿ ਮੈਨੂੰ ਤਾਂ ਇਸ ਗੱਲ ਦਾ ਪਤਾ ਨਹੀਂ, ਇਹ ਲੜਕੀ ਨੂੰ ਪਤਾ ਹੈ। ਕਹਿਣ ਲੱਗੀ ਕਿ ਸਭ ਮੈਨੂੰ ਪਤੀਵਰਤਾ ਧਰਮ 'ਚੋਂ ਮਿਲਿਆ ਹੈ।

ਵਾਪਸ ਚਲਿਆ ਜਾਂਦਾ ਹੈ ਮਾਂ ਨੂੰ ਮਿਲ ਕੇ। ਬਾਰ੍ਹਾਂ ਸਾਲ ਕਠਨ ਤਪਸਿਆ, ਕਦੇ ਖੂਹ ਵਿਚ ਲਟਕਦਾ ਹੈ। ਕਦੇ ਭੁੱਖਾ-ਤਿਹਾਇਆ ਰਹਿੰਦਾ ਹੈ। ਕਾਉਂ ਚੁੰਝਾਂ ਮਾਰਦੇ ਨੇ, ਸਰੀਰ ਸੁੱਕ ਗਿਆ। ਹੱਡੀਆਂ ਦੀ ਮੁੱਠੀ ਬਣ ਗਿਆ, ਪਰ ਪ੍ਰਮੇਸ਼ਰ ਨਾ ਮਿਲਿਆ। ਕਿਸੇ ਸਾਂਈ ਨੇ ਕਿਹਾ ਕਿ ਓ ਫਰੀਦਾ! ਕਾਹਨੂੰ ਟੱਕਰਾਂ ਮਾਰਦਾ ਹੈਂ ਰੱਬ ਤੇਰੇ ਅੰਦਰ ਹੈ। ਮੁਰਸ਼ਦ ਤੋਂ ਬਗੈਰ ਪ੍ਰਗਟ ਨਹੀਂ ਹੋਣਾ। ਅਜਮੇਰ ਸ਼ਰੀਫ ਜਾ ਕੇ ਮੁਰਸ਼ਦ ਧਾਰ ਕੇ, ਚੌਦਾਂ ਸਾਲ ਲਗਾਤਾਰ ਅਖੰਡ ਸੇਵਾ ਕਰਦਾ ਹੈ। ਇੱਕ ਦਿਨ ਵੀ ਐਸਾ ਨਹੀਂ ਸੀ ਕਿ ਮੁਰਸ਼ਦ ਨੂੰ ਕੋਈ ਗੱਲ ਕਹਿਣੀ ਪਵੇ ਕਿਉਂਕਿ ਸੰਤਾਂ ਦੀ ਸੇਵਾ ਬੜੀ ਔਖੀ ਹੁੰਦੀ ਹੈ। ਗੁਰੂਆਂ ਦੀ ਸੇਵਾ ਬੜੀ ਔਖੀ ਹੁੰਦੀ ਹੈ। ਪੀਰਾਂ ਫਕੀਰਾਂ ਦੀ ਸੇਵਾ ਬਹੁਤ ਔਖੀ ਹੈ ਜੇ ਤਾਂ ਕਰ ਜਾਵੇ ਤਾਂ ਲੰਘ ਗਿਆ ਤਾਂ ਸਭ ਕੁਛ ਲੈ ਗਿਆ, ਜੇ ਆਖਰੀ ਦਿਨ ਟੁੱਟ ਜਾਏ ਫੇਰ ਸਭ ਗਿਆ ਉਹਦਾ, ਸਭ ਖਤਮ ਹੋ ਜਾਂਦਾ ਹੈ -

*ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥*

*ਅੰਗ - ੧੪੨੨*

ਲੇਕਿਨ ਸੁੱਖ ਦੇਣ ਵਾਲੀ ਹੁੰਦੀ ਹੈ। ਬਾਬਾ ਫਰੀਦ ਮੁਰਸ਼ਦ ਦਾ ਇਸ਼ਨਾਨ ਕਰਾਇਆ ਕਰਦਾ ਸੀ। ਅੱਜ ਕਸਵੱਟੀ ਲਾ ਦਿਤੀ। ਐਨੇ ਜ਼ੋਰ ਦੀ ਮੀਂਹ ਪਿਆ, ਸਰਦੀ ਦਾ ਮਹੀਨਾ ਹੈ। ਝਾਂਜਾ ਵਗ ਰਿਹਾ ਹੈ ਤੇ ਅੱਗ ਬੁੱਝ ਗਈ। ਇਕ ਵਜੇ ਉੱਠ ਕੇ ਅੱਗ ਮਚਾਉਣ ਦਾ ਯਤਨ ਕਰਦਾ ਹੈ ਤੇ ਦੇਖਦਾ ਹੈ ਉਥੇ ਤਾਂ ਪਾਣੀ ਭਰਿਆ ਪਿਆ ਹੈ। ਹੁਣ ਕੁਝ ਨਹੀਂ ਸੁਝਦਾ, ਸ਼ਹਿਰ ਦੂਰ ਹੈ। ਸ਼ਹਿਰ ਵਲ ਨੂੰ ਜਾਂਦਾ ਹੈ। ਉਨ੍ਹਾਂ ਦਿਨਾਂ ਦੇ ਉਸ ਸਮੇਂ ਦੇ ਜੋ ਸ਼ਬਦ ਨੇ -

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥*

*ਅੰਗ - ੧੩੭੯*

ਨੇਮ ਨਾ ਤੋੜਨਾ ਵੱਡੀ ਬਾਤ ਹੋਇਆ ਕਰਦੀ ਹੈ। ਨੇਮ ਟੁੱਟ ਜਾਵੇ, ਬਾਰ੍ਹਾਂ ਸਾਲ ਸੇਵਾ ਤੋਂ ਬਾਅਦ ਇਕ ਦਿਨ ਰਹਿ ਜਾਏ, ਉਸ ਦਿਨ ਨੇਮ ਟੁੱਟ ਜਾਏ, ਗੱਲ ਉਸ ਦਿਨ ਹੀ ਗਲਤ ਹੋ ਜਾਇਆ ਕਰਦੀ ਹੈ। ਜਿਹੜੇ ਨੇਮ ਪਾਲ ਲੈਂਦੇ ਨੇ ਉਹ ਵੱਡੀਆਂ-ਵੱਡੀਆਂ ਸ਼ਕਤੀਆਂ ਦੇ ਮਾਲਕ ਹੋਏ ਨੇ। ਬੇਅੰਤ ਮਿਸਾਲਾਂ ਨੇ ਗੁਰੂ ਘਰ 'ਚ। ਸੋ ਅਖੀਰ ਸ਼ਹਿਰ ਚਲਿਆ ਜਾਂਦਾ ਹੈ। ਇਕ ਦਰਵਾਜ਼ੇ ਨੂੰ ਖੜਕਾਉਂਦਾ ਹੈ, ਅੰਦਰ ਰੋਸ਼ਨੀ ਹੈ। ਅਜੇ ਸੁੱਤੇ ਨਹੀਂ ਹੈਗੇ। ਆਵਾਜ਼ ਆਉਂਦੀ ਹੈ ਕੌਣ?

ਕਹਿੰਦਾ, ਮੈਂ ਫਰੀਦ?

ਕਿਹੜਾ ਫਰੀਦ।

ਕਹਿੰਦਾ, ਮੈਂ ਮੁਰੀਦ ਹਾਂ ਖਵਾਜਾ ਜੀ ਦਾ।

ਕਹਿੰਦੀ, ਫਰੀਦਾ! ਇਹ ਪੀਰਾਂ ਮੁਰੀਦਾਂ ਦਾ ਘਰ ਨਹੀਂ ਹੈ। ਇਥੇ ਤਾਂ ਨਰਕ ਘੋਰ ਦਾ ਟਿਕਟ ਮਿਲਦਾ ਹੈ। ਵੇਸਵਾ ਦਾ ਘਰ ਹੈ। ਜਾਹ, ਕੋਈ ਹੋਰ ਦੁਆਰਾ ਭਾਲ।

ਬੀਬੀ! ਮੈਨੂੰ ਤੇਰੇ ਤੱਕ ਕੰਮ ਹੈ। ਮੈਨੂੰ ਅੱਗ ਚਾਹੀਦੀ ਹੈ, ਅੱਗ ਬੁੱਝ ਗਈ, ਮੈਂ ਮੁਰਸ਼ਦ ਦਾ ਇਸ਼ਨਾਨ ਕਰਾਉਣਾ ਹੈ।

ਕਹਿੰਦੀ, ਐਨਾ ਮੁਰਸ਼ਦ ਨਾਲ ਪਿਆਰ। ਜੇ ਅੱਗ ਜ਼ਰੂਰ ਲੈਣੀ ਹੈ ਤਾਂ ਆਪਣੇ ਜਿਸਮ ਦਾ ਕੋਈ ਅੰਗ ਦੇ-ਦੇ। ਉਸ ਵੇਲੇ ਬਾਬਾ ਫਰੀਦ ਖੁਸ਼ੀ ਦੇ ਨਾਲ ਨੱਚਣ ਲਗ ਗਿਆ ਕਿ ਇਹ ਭਾਵਨਾ ਮਹਿਸੂਸ ਕਰਦਾ ਹੈ -

*ਧਾਰਨਾ - ਸਿਰ ਦਿਤਿਆਂ ਜੇ ਹਰਿ ਜੀ ਮਿਲ ਜਾਏ।*
*ਸੌਦਾ ਸਸਤਾ ਹੈ ਪਿਆਰਿਓ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*

*ਅੰਗ - ੧੪੧੨*

ਕਹਿੰਦੇ ਸਿਰ ਨੂੰ ਤਲੀ 'ਤੇ ਰੱਖ ਕੇ ਆ ਜਾ। ਸੀਸ ਬਦਲੇ ਜੇ ਤੈਨੂੰ ਪਿਆਰ ਮਿਲਦਾ ਹੈ, ਬੜਾ ਹੀ ਸਸਤਾ ਸੌਦਾ ਹੈ।

*ਤਨ ਗੰਦਗੀ ਕੀ ਕੋਠੜੀ, ਹਰਿ ਹੀਰਿਆਂ ਦੀ ਖਾਣ।*
*ਜੇ ਸਿਰ ਦਿਤਿਆਂ ਹਰਿ ਮਿਲੇ, ਤਾਂ ਵੀ ਸਸਤਾ ਜਾਣ।*

ਨੱਚਣ ਲੱਗ ਗਿਆ ਫਰੀਦ। ਕਹਿੰਦਾ, ਹੈਂ ਇਹ ਤਾਂ ਬੜਾ ਸਸਤਾ ਸੌਦਾ ਹੈ। ਕਹਿੰਦਾ, ਆ ਬੀਬੀ! ਦੱਸ ਕਿਹੜਾ ਅੰਗ ਕੱਟਾਂ? ਕਹਿੰਦੀ, ਡੇਲਾ ਕੱਢ ਦੇ ਅੱਖ ਦਾ। ਡੇਲਾ ਕੱਢ ਕੇ ਦੇ ਦਿੰਦਾ ਹੈ ਤੇ ਉਸੇ ਤਰ੍ਹਾਂ ਪੱਟੀ ਬੰਨ੍ਹ ਲਈ। ਮੁਰਸ਼ਦ ਦਾ ਇਸ਼ਨਾਨ ਕਰਾਇਆ। ਸਵੇਰਾ ਹੋਇਆ ਮੁਰਸ਼ਦ ਨੇ ਬੁਲਾਇਆ। ਕਹਿੰਦੇ, ਫਰੀਦਾ! ਅੱਖ ਬੰਨ੍ਹੀ ਹੈ। ਕਹਿੰਦਾ, ਆਈ ਹੋਈ ਹੈ ਮਹਾਰਾਜ। ਕਹਿੰਦੇ, ਫਰੀਦਾ! ਆਈਆਂ ਅੱਖਾਂ ਨਹੀਂ ਬੰਨੀਂਦੀਆਂ, ਗਈਆਂ ਬੰਨ੍ਹੀਦੀਆਂ ਨੇ। ਖੋਲ੍ਹ ਦੇ ਪੱਟੀ। ਪੂਰਾ ਕਰ ਦਿਤਾ ਫਰੀਦ।

ਸੋ ਇਹਨੂੰ ਕਸਵੱਟੀ ਕਹਿੰਦੇ ਨੇ। ਆਮ ਮਹਾਂਪੁਰਸ਼ਾਂ ਦੇ ਅੱਜ ਤੱਕ ਰਿਵਾਜ ਚੱਲਿਆ ਆਉਂਦਾ ਹੈ ਕਿ ਜਦੋਂ ਕਿਸੇ ਨੂੰ ਕੋਈ ਵੱਡੀ ਚੀਜ਼ ਦੇਣੀ ਹੁੰਦੀ ਹੈ। ਉਹਦੇ ਉਤੇ ਕਸਵੱਟੀ ਲਗ ਜਾਂਦੀ ਹੈ। ਜੇ ਤਾਂ ਪੂਰਾ ਨਿਕਲ ਜਾਵੇ ਫੇਰ ਤਾਂ ਸਭ ਕੁਛ ਲੈ ਜਾਂਦਾ ਹੈ। ਨਾ ਨਿਕਲੇ ਰਹਿ ਜਾਂਦਾ ਹੈ। ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ ਐਸੀਆਂ। ਸੋ ਪੂਰਾ ਭਾਂਡਾ ਹੋਵੇ ਉਸਨੂੰ ਬ੍ਰਹਮਗਿਆਨ ਦੀ ਦਾਤ ਮਿਲਿਆ ਕਰਦੀ ਹੈ। ਦੂਸਰਾ ਖਾਲੀ ਰਹਿ ਜਾਇਆ ਕਰਦਾ ਹੈ। ਸੋ ਗੁਰੂ ਦਸਵੇਂ ਪਾਤਸ਼ਾਹ ਦੇ ਜਿਹੜੇ ਆਲੇ ਦੁਆਲੇ ਸਿੱਖ ਸੀਗੇ, ਗੁਰੂ ਮਹਾਰਾਜ ਮੰਜ਼ਲ-ਦਰ-ਮੰਜ਼ਲ ਤੁਰੇ ਜਾਂਦੇ ਨੇ। ਚਾਰ ਮੰਜ਼ਲਾਂ ਚਲੇ ਗਏ। ਉਸ ਵੇਲੇ ਕੁਝ ਜਿਹੜੇ ਗੁਰੂ ਮਹਾਰਾਜ ਦੇ ਬਹੁਤੇ ਹੀ ਆਲੇ-ਦੁਆਲੇ ਰਹਿੰਦੇ ਸੀ, ਕਿਸੇ ਨੂੰ ਨੇੜੇ ਨਹੀਂ ਸੀ ਲੱਗਣ ਦਿੰਦੇ। ਉਹ ਭੈ ਰਾਮ, ਪ੍ਰਿਥੀ ਚੰਦ ਦੀ ਉਲਾਦ ਵਿਚੋਂ ਤੇ ਕੁਛ ਦੀਵਾਨੇ ਸੀਗੇ, ਬਰਾੜ ਸੀ ਬਹੁਤ। ਰਾਤ ਨੂੰ ਸਾਰੇ ਹੀ ਇਕੱਠੇ ਹੋ ਕੇ ਨੱਠ ਗਏ। ਸਵੇਰ ਵੇਲੇ ਮਹਾਰਾਜ ਨੂੰ ਦੱਸਿਆ ਕਿ ਮਹਾਰਾਜ ਬਹੁਤ ਨੱਠ ਗਏ ਰਾਤ ਤਾਂ। ਕਹਿੰਦੇ, ਕੋਈ ਨਾ। ਅਗਲੀ ਮੰਜ਼ਲ ਜਾਂਦੇ ਨੇ ਉਥੇ ਦੋ ਸਿੱਖ ਸੀਗੇ, ਘਰਵਾਰੀ ਸਿੰਘ ਤੇ ਦਰਬਾਰੀ ਸਿੰਘ। ਉਹ ਵੀ ਨੱਠ ਗਏ ਨਾਲ ਲੈ ਕੇ ਆਪਣੇ ਸਾਥੀਆਂ ਨੂੰ। ਕਿੰਨੇ-ਕਿੰਨੇ ਸਾਥੀ ਇਕ-ਇਕ ਨਾਲ ਹੁੰਦੇ ਨੇ। ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਹੋਰ ਨੱਠ ਗਏ।

ਉਹ ਮੌਕਾ ਹੁੰਦਾ ਹੈ ਜਦੋਂ ਕਿਸੇ ਦਾ ਦਿਲ ਟੁੱਟ ਜਾਂਦਾ ਹੈ। ਲੇਕਿਨ ਧੰਨ ਗੁਰੂ ਦਸ਼ਮੇਸ਼ ਪਿਤਾ, ਕਿਸੇ ਪਾਸੇ ਵੀ ਇਤਿਹਾਸ ਦੇ ਅੰਦਰ ਇਕ ਜ਼ਿਕਰ ਨਹੀਂ ਆਉਂਦਾ ਕਿ ਆਪ ਦੇ ਨੇਤਰਾਂ 'ਚੋਂ ਕਦੇ ਜਲ ਸਿਮਿਆ ਹੋਵੇ। ਸਾਹਿਬਜ਼ਾਦੇ ਸ਼ਹੀਦ ਹੋ ਗਏ, ਅਰਦਾਸ ਕਰੀ ਕਿ ਹੇ ਪ੍ਰਭੂ ਤੇਰੀ ਅਮਾਨਤ ਅਦਾ ਹੋ ਗਈ। ਲੇਕਿਨ ਇਹਦੇ ਮੁਕਾਬਲੇ 'ਤੇ ਜੇ ਹੋਰ ਆਪਾਂ ਲਾਈਏ ਤਾਂ ਉਥੇ ਨਹੀਂ ਇਹ ਗੱਲ ਹੁੰਦੀ। ਜੇ ਅਭਿਮੰਨਯੂ ਮਾਰਿਆ ਗਿਆ ਤਾਂ ਸਾਰੇ ਪਾਂਡਵ ਉੱਚੀ-ਉੱਚੀ ਰੋਂਦੇ ਸੀ। ਕ੍ਰਿਸ਼ਨ ਮਹਾਰਾਜ ਨੇ ਸਮਝਾਏ ਤਾਂ ਚੁੱਪ ਕੀਤੇ।

ਸੋ ਇਸ ਤਰ੍ਹਾਂ ਦੇ ਨਾਲ ਅਗਲੀ ਮੰਜ਼ਲ 'ਤੇ ਗਏ। ਹਰ ਵਕਤ ਡੱਲਾ ਸਿੰਘ ਪਹਿਰੇ 'ਤੇ ਰਹਿੰਦਾ ਹੈ। ਉਸ ਵੇਲੇ ਜਾ ਕੇ ਰਾਮ ਸਿੰਘ ਨੇ ਕਿਹਾ ਕਿ ਸੱਚੇ ਪਾਤਸ਼ਾਹ! ਫਤਹਿ ਸਿੰਘ ਵੀ ਨਾਲ ਹੈ ਤੇ ਮੈਂ ਵੀ ਨਾਲ ਹਾਂ, ਦੋਵੇਂ ਭਰਾ ਹਾਂ, ਘਰ ਕੋਈ ਹੈ ਨਹੀਂ, ਤੁਸੀਂ ਕ੍ਰਿਪਾ ਕਰੋ ਤੇ ਫਤਹਿ ਸਿੰਘ ਵਾਪਸ ਕਰ ਦਿਓ। ਪੰਜ ਸੱਤ ਵਾਰੀ ਬੇਨਤੀ ਕਰੀ। ਮਹਾਰਾਜ ਕਹਿੰਦੇ, ਰਾਮ ਸਿੰਘਾ! ਤੂੰ ਸਾਡੇ ਨਾਲ ਛਲ ਖੇਲ੍ਹਦਾ ਹੈਂ। ਤੇਰੇ ਮਨ ਵਿਚ ਹੋਰ ਗੱਲ ਹੈ, ਉਤੋਂ ਤੂੰ ਹੋਰ ਗੱਲ ਕਰਦਾ ਹੈਂ -

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*

*ਅੰਗ - ੪੮੮*

ਕਹਿੰਦੇ, ਉਹ ਤਾਂ ਕੱਚੇ ਹੁੰਦੇ ਨੇ। ਧੋਖਾ ਦਿੰਦੇ ਨੇ। ਕਹਿੰਦੇ, ਛਲ ਕਰਦਾ ਹੈਂ ਤੂੰ ਸਾਡੇ ਨਾਲ, ਧੋਖਾ ਦੇ ਰਿਹਾ ਹੈਂ ਤੂੰ ਸਾਨੂੰ। ਤੇਰੇ ਅੰਦਰ ਤਾਂ ਹੈ ਕਿ ਮੈਂ ਵੀ ਚਲਿਆ ਜਾਵਾਂ। ਨਹੀਂ ਸੱਚੇ ਪਾਤਸ਼ਾਹ! ਤੁਸੀਂ ਫਤਹਿ ਸਿੰਘ ਨੂੰ ਭੇਜ ਦਿਓ, ਘਰ ਕੰਮ ਚਲੀ ਜਾਊਂਗਾ। ਰਾਤ ਨੂੰ ਫਤਹਿ ਸਿੰਘ ਨੂੰ ਨਠਾ ਦਿਤਾ। ਮਹਾਰਾਜ ਕਹਿੰਦੇ, ਫਤਹਿ ਸਿੰਘ? ਕਹਿੰਦੇ, ਉਹ ਤਾਂ ਚਲਿਆ ਗਿਆ। ਅਸੀਂ ਤੁਹਾਡੇ ਤੋਂ ਆਗਿਆ ਲੈ ਲਈ ਸੀ।

ਮਹਾਰਾਜ ਕਹਿੰਦੇ, ਅਸੀਂ ਕਦ ਆਗਿਆ ਦਿਤੀ ਹੈ। ਆਪੇ ਹੀ ਬਣਾ ਲਈ ਗੱਲ। ਅਗਲੀ ਮੰਜ਼ਲ 'ਤੇ ਫੇਰ ਚਲੇ

ਜਾਂਦੇ ਨੇ। ਉਥੇ ਗਏ, ਰਾਤ ਨੂੰ ਡੱਲਾ ਸਿੰਘ ਪਹਿਰਾ ਦੇ ਰਿਹਾ ਹੈ। ਅੱਧੀ ਰਾਤ ਹੋ ਗਈ, ਮਹਾਰਾਜ ਦੇ ਪਲੰਘ ਦੇ ਕੋਲ ਆ ਕੇ ਬੈਠ ਗਿਆ। ਜਿਹੜੇ ਜੜਾਊ ਕੰਗਣ ਸੀ 2000 ਦੇ ਉਹ ਵੀ ਲਾਹ ਦਿਤੇ। ਜਿਹੜੀ ਮਹਾਰਾਜ ਨੇ ਬਖਸ਼ਿਸ਼ ਕੀਤੀ ਸੀ ਖੰਡੇ ਉਹ ਵੀ ਲਾਹ ਦਿਤੀ। ਸਰ੍ਹਾਣੇ ਦੇ ਨਾਲ ਖੰਡਾ ਖੜ੍ਹਾ ਦਿਤਾ ਤੇ ਜੜਾਊ ਸੀ ਉਹ ਮਹਾਰਾਜ ਦੇ ਪਲੰਘ ਦੇ ਉਤੇ ਮਲਕ ਦੇ ਕੇ ਰੱਖ ਕੇ, ਪ੍ਰਕਰਮਾ ਕੀਤੀ। ਉਸ ਵੇਲੇ ਦੌੜ ਗਿਆ। ਜਦੋਂ ਸਵੇਰੇ ਮਹਾਰਾਜ ਨੇ ਆਵਾਜ਼ ਦਿਤੀ, ਡੱਲਾ ਸਿੰਘ! ਡੱਲਿਆ। ਉਥੇ ਇਕ ਫਕੀਰ ਬੈਠਾ ਸੀ, ਉਹ ਕਹਿਣ ਲੱਗਿਆ, ਗੁਰੂ ਜੀ! ਨਾ ਡੱਲਾ ਨਾ ਮੱਲਾ, ਰਹਿ ਗਿਆ ਗੁਰੂ ਇਕੱਲਾ।

ਮਹਾਰਾਜ ਕਹਿੰਦੇ, ਫਕੀਰਾ! ਗੁਰੂ ਕਦੇ ਵੀ ਨਾ ਇਕੱਲਾ, ਗੁਰੂ ਨਾਲ ਸਦਾ ਅੱਲਾ।

ਸਾਧਸੰਗਤ ਜੀ! ਕਿੰਨੀ ਚੜ੍ਹਦੀ ਕਲਾ ਹੈ। ਬੇਮੁਖ ਹੋ ਗਿਆ ਸਾਧਸੰਗਤ ਜੀ, ਇਕੱਲਾ ਨਹੀਂ ਗਿਆ, ਨਾਲ ਜਿਹੜੇ ਬਰਾੜ ਕਹਿੰਦਾ ਸੀ ਮਰਨਗੇ, ਉਨ੍ਹਾਂ ਨੂੰ ਸਾਰਿਆਂ ਨੂੰ ਨਠਾ ਕੇ ਲੈ ਗਿਆ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਬੇਮੁਖ ਹੋ ਗਿਆ ਗੁਰਾਂ ਤੋਂ ਮਤਹੀਣਾ।*
*ਤੋੜ ਕੇ ਪਿਆਰ ਭੱਜਿਆ।*

ਪਾਤਸ਼ਾਹ! ਡੱਲਾ ਸਿੰਘ ਵੀ ਨੱਠ ਗਿਆ। ਕਹਿੰਦੇ, ਡੱਲਾ ਸਿੰਘ ਤਾਂ ਸਾਡੇ ਤੋਂ ਪੀੜ੍ਹੀ ਜੋਗਾ ਥਾਂ ਮੰਗਦਾ ਸੀ, ਸਾਡੇ ਚਰਨਾਂ 'ਚ। ਹੈਂ! ਡੱਲਾ ਸਿੰਘ ਵੀ ਨੱਠ ਗਿਆ। ਮਹਾਰਾਜ ਕਹਿੰਦੇ ਮੱਤ ਮਾਰੀ ਗਈ। ਪਿਆਰ ਟੁੱਟ ਗਿਆ, ਭਰੋਸਾ ਟੁੱਟ ਗਿਆ।

ਆਪ ਦੇ ਅੰਦਰ ਕਪਟ ਪਿਆ ਹੋਇਆ ਹੈ, ਬਾਹਰ ਸਾਰਿਆਂ ਦੇ ਵਿਚ ਕਪਟ ਹੀ ਕਪਟ ਦੇਖਦਾ ਹੈ। ਆਪ ਹਿੱਲ ਗਿਆ, ਸਭ ਨੂੰ ਹਿੱਲਿਆ ਹੋਇਆ ਦੇਖਦਾ ਹੈ।

ਮਹਾਰਾਜ ਰਾਮ ਸਿੰਘ ਨੂੰ ਕਹਿਣ ਲੱਗੇ, ਰਾਮ ਸਿੰਘਾ! ਦੇਖ ਅਸੀਂ ਡੱਲਾ ਸਿੰਘ ਨੂੰ ਕਿੰਨੀ ਵਾਰੀ ਬਚਨ ਕਰਿਆ ਹੈ ਕਿ ਤੈਨੂੰ ਅਸੀਂ ਦਿੱਲੀ ਦੀ ਰਾਜਗੱਦੀ ਦਿਵਾ ਦਿੰਦੇ ਹਾਂ। ਤੁਰਕਾਂ ਦਾ ਨਾਸ਼ ਅਸੀਂ ਆਪਣੇ ਬਲ ਦੇ ਨਾਲ ਕਰ ਦਿੰਦੇ ਹਾਂ ਤੇ ਤੇਰੇ 'ਤੇ ਅਸੀਂ ਐਨੇ ਪ੍ਰਸੰਨ ਹਾਂ ਕਿ ਤੂੰ ਦਿੱਲੀ ਦੇ ਤਖਤ 'ਤੇ ਬੈਠ ਜਾ। ਜਿਹੜਾ ਕੰਮ ਬੰਦਾ ਸਿੰਘ ਬਹਾਦਰ ਤੋਂ ਕਰਾਇਆ ਹੈ। ਉਹ ਮਹਾਰਾਜ ਨੇ ਡੱਲਾ ਸਿੰਘ ਤੋਂ ਕਰਾਉਣਾ ਸੀ ਸਾਰਾ ਤੇ ਦਿੱਲੀ ਦੇ ਤਖਤ 'ਤੇ ਬਿਠਾ ਦੇਣਾ ਸੀ। ਰਾਜ ਬਦਲ ਜਾਣਾ ਸੀ। ਕਹਿੰਦੇ, ਅਸੀਂ ਤਾਂ ਬੜੀਆਂ ਬਰਕਤਾਂ ਦਿੰਦੇ ਸੀ, ਦਰਗਾਹ ਦੀਆਂ ਵੀ ਬਰਕਤਾਂ ਦਿੰਦੇ ਸੀ, ਇਹ ਤਾਂ ਪੀੜ੍ਹੀ ਜੋਗਾ ਥਾਂ ਮੰਗਦਾ ਸੀ, ਹੁਣ ਬੇਮੁੱਖ ਹੋ ਗਿਆ, ਪਿੱਠ ਦੇ ਕੇ ਨੱਠ ਗਿਆ ਇਹ ਵੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਬਚਨ ਕਰਦੇ ਨੇ। ਇਹੋ ਜਿਹੇ ਮੌਕਿਆਂ 'ਤੇ ਵੱਡੇ-ਵੱਡੇ ਡੋਲ ਜਾਇਆ ਕਰਦੇ ਨੇ, ਜਦੋਂ ਸਾਥੀ ਸਾਥ ਛੱਡ ਜਾਣ। ਜਿਹੜੇ ਭਰੋਸੇ ਵਾਲੇ ਬੰਦੇ ਹੁੰਦੇ ਨੇ, ਜਿਸ ਉਤੇ ਸਭ ਤੋਂ ਜ਼ਿਆਦਾ ਭਰੋਸਾ ਹੁੰਦਾ ਹੈ, ਉਹ ਪਿੱਠ ਫੇਰ ਜਾਵੇ, ਉਸ ਵੇਲੇ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ ਉਨ੍ਹਾਂ ਨੂੰ ਵੀ ਕੋਈ ਨਾ ਕੋਈ ਫਰਕ ਪਿਆ ਹੈ।

ਮਨਸੂਰ ਨੂੰ ਹੁਕਮ ਹੋ ਗਿਆ ਕਿ ਇਹਨੂੰ ਸੂਲੀ ਚਾੜ੍ਹਨਾ ਹੈ। ਸ਼ਹਿਰ ਵਿਚੋਂ ਦੀ ਲੰਘਾਓ ਤੇ ਸਾਰਾ ਸ਼ਹਿਰ ਇਹਦੇ ਪੱਥਰ ਮਾਰੇ। ਪੱਥਰ ਮਾਰਦੇ ਨੇ, ਜਦੋਂ ਪੱਥਰ ਲਗਦਾ ਹੈ ਉੱਚੀ-ਉੱਚੀ ਹਸਦਾ ਹੈ। ਪੱਥਰ ਨੂੰ ਬ੍ਰਹਮ ਰੂਪ ਦੇਖਦਾ ਹੈ। ਜਿਸ ਵਕਤ ਚਲਦੇ-ਚਲਦੇ ਸ਼ਿਵਲੀ ਦੇ ਕੋਲ ਦੀ ਲੰਘਣ ਲੱਗੇ, ਜੋ ਇਹਦਾ ਮਿੱਤਰ ਸੀ ਤੇ ਬ੍ਰਹਮਗਿਆਨ ਦਾ ਰੋਜ਼ ਜਿਹਦੇ ਨਾਲ ਵਿਚਾਰ-ਵਟਾਂਦਰਾ ਹੁੰਦਾ। ਉਹਨੂੰ ਆ ਗਿਆ ਕਿ ਜੇ ਮੈਂ ਨਾ ਪੱਥਰ ਮਾਰਿਆ ਤਾਂ ਮੈਨੂੰ ਸਜ਼ਾ ਮਿਲੇਗੀ। ਇਕ ਗੁਲਾਬ ਦਾ ਫੁੱਲ ਹਲਕਾ ਜਿਹਾ, ਇੱਕ ਕਲੀ ਤੋੜ ਲਿਆਇਆ ਚਮੇਲੀ ਦੀ। ਸਾਰੇ ਮਾਰਦੇ ਨੇ, ਉਹਨੇ ਵੀ ਉਸੇ ਤਰ੍ਹਾਂ ਮਾਰਿਆ ਤੇ ਚਮੇਲੀ ਦਾ ਫੁੱਲ ਉਹਦੇ ਜਾ ਕੇ ਲੱਗਿਆ। ਮਨਸੂਰ ਉੱਚੀ-ਉੱਚੀ ਰੋਣ ਲਗ ਗਿਆ। ਉਸ ਵੇਲੇ ਹੈਰਾਨ ਹੁੰਦਾ ਹੈ ਕਿ ਮਨਸੂਰ ਪੱਥਰ ਮਾਰਿਆਂ ਤੇ ਹਸਦਾ ਹੈ ਤੇ ਮੇਰੇ ਫੁੱਲ ਨਾਲ ਰੋਇਆ। ਕਹਿੰਦਾ, ਮਨਸੂਰ ਮੇਰੇ ਫੁੱਲ ਨਾਲ ਕਿਉਂ ਰੋਇਆ। ਕਹਿੰਦਾ, ਮਿੱਤਰਾ! ਤੂੰ ਮੇਰਾ ਭੇਤੀ ਸੀ, ਤੈਨੂੰ ਇਸ ਰਮਜ਼ ਦੀ ਸਮਝ ਸੀ ਕਿ 'ਅਨਹਲ ਹੱਕ ਬਿਗੋ'। 'ਅਹੰ ਬ੍ਰਹਮ ਅਸਮੀ' ਤੂੰ ਪੂਰੀ ਤਰ੍ਹਾਂ ਜਾਣਦਾ ਸੀ। ਮਿੱਤਰਾ! ਮਿੱਤਰਾਂ ਦੇ ਫੁੱਲ ਵੱਡੀ ਮਾਰ ਹੋਇਆ ਕਰਦੀ ਹੈ ਤੇ ਵੈਰੀਆਂ ਦੀਆਂ ਗੋਲੀਆਂ ਕੁਛ ਨਹੀਂ ਵਿਗਾੜ ਸਕਿਆ ਕਰਦੀਆਂ। ਮਿੱਤਰ ਦਾ ਫੁੱਲ ਗੋਲੀ ਤੋਂ ਜ਼ਿਆਦਾ ਮਾਰ ਕਰਿਆ ਕਰਦਾ। ਤੂੰ ਤਾਂ ਮੇਰਾ ਦਿਲ ਤੋੜ ਦਿਤਾ, ਤੇਰੇ 'ਤੇ ਮੈਨੂੰ ਬੜਾ ਭਰੋਸਾ ਸੀ ਕਿ ਸਾਰੇ ਸ਼ਹਿਰ 'ਚੋਂ ਇਕ ਬੰਦਾ ਤਾਂ ਨਿਤਰੇਗਾ, ਜਿਹੜਾ ਇਸ ਗੱਲ ਨਾਲ ਸਹਿਮਤ ਹੋਏਗਾ। ਪਰ ਤੂੰ ਵੀ ਬਹਿ ਗਿਆ। ਅਫਸੋਸ ਹੋਇਆ ਬਹੁਤ ਜ਼ਬਰਦਸਤ।

ਈਸਾ ਜੀ ਦੇ ਨਾਲ ਫੜੇ ਗਏ, ਬਾਰ੍ਹਾਂ ਮੁਖੀ ਚੇਲੇ ਸੀਗੇ ਤੇ ਸਭ ਤੋਂ ਵੱਡਾ ਜਿਹੜਾ ਚੇਲਾ ਸੀ। ਜਿਵੇਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਗੁਰੂ ਅੰਗਦ ਸਾਹਿਬ ਦਾ ਸਬੰਧ ਸੀ ਐਨਾ ਹੀ ਸਬੰਧ ਸੀ। ਉਹਦਾ ਨਾਉਂ ਪੀਟਰ ਸੀ। ਉਹ ਪੀਟਰ ਕੈਦ ਵਿਚ ਸੀਗਾ। ਉਥੇ ਅਰਦਾਸ ਕਰਦਾ ਸੀ ਕਿ ਹੇ ਪ੍ਰਭੂ! ਤੁਸੀਂ ਮੈਨੂੰ ਕੈਦ ਤੋਂ ਛੁਡਾ ਦਿਓ। ਉਸ ਵੇਲੇ ਈਸਾ ਜੀ ਨੇ ਸੱਤ ਤਾਲੇ ਉਹਦੇ ਤੋੜ ਦਿਤੇ ਸ਼ਕਤੀ ਨਾਲ ਤੇ ਦਰਵਾਜ਼ੇ ਖੋਲ੍ਹ ਦਿਤੇ ਤੇ ਅਵਾਜ਼ ਦਿਤੀ ਕਿ ਪੀਟਰ! ਨਿਕਲ ਆ ਇਨ੍ਹਾਂ ਦਰਵਾਜ਼ਿਆਂ ਦੇ ਵਿਚੋਂ। ਸਾਰੇ ਕੌਤਕ, ਸਾਰੀ ਸ਼ਕਤੀ ਅੱਖਾਂ ਨਾਲ ਦੇਖ ਕੇ ਤੇ ਮੁਖੀ ਚੇਲਾ ਬਣ ਗਿਆ। ਹਰ ਵਕਤ ਨਾਲ ਰਹਿੰਦਾ ਹੈ ਜਿਵੇਂ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਹਰ ਵਕਤ ਭਾਈ ਦਇਆ ਸਿੰਘ ਜੀ ਰਹਿੰਦੇ ਸੀ। ਜਿਸ ਵਕਤ ਯਹੂਦੀਆਂ ਨੇ ਇਸਨੂੰ ਫੜ ਲਿਆ। ਉਸ ਵੇਲੇ ਮੁਕੱਦਮੇ ਦੀ ਸੁਣਵਾਈ ਹੋਣ ਲੱਗੀ, ਕਹਿਣ ਲੱਗੇ, ਸਫਾਈ ਦਾ ਕੋਈ ਗਵਾਹ ਲਿਆ। ਕੋਈ ਹੈ ਤੇਰਾ?

ਈਸਾ ਜੀ ਨੇ ਬਾਰ੍ਹਾਂ ਚੇਲਿਆਂ ਵਲ ਇਸ਼ਾਰਾ ਕਰਿਆ, ਸੂਲੀ ਦੇ ਉਤੇ ਚਾੜ੍ਹਿਆ ਜਾ ਰਿਹਾ ਹੈ ਉਨ੍ਹਾਂ ਨੂੰ। ਬਾਰ੍ਹਾਂ ਚੇਲੇ ਹੇਠਾਂ ਖੜ੍ਹੇ ਨੇ, ਪੁੱਛਣਾ ਸ਼ੁਰੂ ਕਰਿਆ ਕਿ ਤੁਸੀਂ ਜਾਣਦੇ

ਓਂ? ਕਹਿੰਦੇ, ਨਾ ਜੀ ਅਸੀਂ ਤਾਂ ਜਾਣਦੇ ਨਹੀਂ। ਗਿਆਰ੍ਹਾਂ ਨੇ ਜਵਾਬ ਦੇ ਦਿਤਾ ਤੇ ਈਸਾ ਜੀ ਦਾ ਖਿਆਲ ਸੀ ਕਿ ਪੀਟਰ ਨਹੀਂ ਕਹਿ ਸਕਦਾ। ਜਦੋਂ ਪੀਟਰ ਨੂੰ ਪੁੱਛਿਆ ਕਿ ਤੂੰ ਇਹਨੂੰ ਜਾਣਦਾ ਹੈਂ। ਕਹਿਣ ਲੱਗਿਆ, ਮੈਂ ਦੇਖਿਆ ਤਾਂ ਹੈ, ਇਹਦੇ ਸਤਿਸੰਗ ਹੁੰਦੇ, ਮੈਂ ਕਦੇ-ਕਦੇ ਆਉਂਦਾ ਹੁੰਦਾ ਸੀ। ਮੁਕਰ ਗਿਆ, ਉਸ ਵੇਲੇ ਈਸਾ ਜੀ ਦਾ ਦਿਲ ਟੁੱਟ ਗਿਆ, ਸਾਧਸੰਗਤ ਜੀ। ਕਹਿਣ ਲੱਗਿਆ, ਪੀਟਰ! ਤੂੰ ਵੀ ਮੈਨੂੰ ਜਵਾਬ ਦੇ ਗਿਆ। ਕਹਿਣ ਲੱਗੇ, ਛੇਤੀ ਕਰੋ, ਹੁਣ ਮੈਨੂੰ ਸੂਲੀ 'ਤੇ ਚਾੜ੍ਹੋ। ਵੱਡਿਆਂ-ਵੱਡਿਆਂ ਦੇ ਦਿਲ ਟੁੱਟੇ ਨੇ।

ਜੂਲੀਅਟ ਸੀਜ਼ਰ ਇਕ ਬਹੁਤ ਵੱਡਾ ਯੋਧਾ ਹੋਇਆ ਹੈ ਤੇ ਉਸਨੇ ਸਾਰੇ ਯੂਰਪ 'ਤੇ ਕਬਜ਼ਾ ਕਰ ਲਿਆ। 400 ਸੰਮਤ ਦੀ ਗੱਲ ਹੈ ਇਹ। ਇੰਗਲੈਂਡ 'ਤੇ ਵੀ ਕਬਜ਼ਾ ਕਰ ਲਿਆ, ਜਰਮਨੀ 'ਤੇ ਵੀ, ਸਾਰਿਆਂ 'ਤੇ ਕਰ ਲਿਆ। ਅਖੀਰ ਉਹਦੇ ਜਰਨੈਲਾਂ ਨੇ ਸਾਜਿਸ਼ ਕਰੀ ਕਿ ਇਸਨੂੰ ਕਤਲ ਕਰ ਦਿਤਾ ਜਾਵੇ। ਉਸਨੂੰ ਇਕ ਜਰਨੈਲ ਦੇ ਉਤੇ ਹੱਦ ਤੋਂ ਜ਼ਿਆਦਾ ਭਰੋਸਾ ਸੀ ਉਹਦਾ ਨਾਉਂ ਸੀ ਬਰੂਟਸ। ਬਈ ਸਾਰੀ ਦੁਨੀਆਂ ਏਧਰ ਹੋ ਜਾਏ, ਸੂਰਜ ਪੱਛਮ 'ਚੋਂ ਚੜ੍ਹਨ ਲਗ ਜਾਏ, ਪੂਰਬ 'ਚ ਜਾਣ ਲੱਗ ਜਾਏ ਪਰ ਜਿਹੜਾ ਬਰੂਟਸ ਹੈ ਇਹ ਜਰਨੈਲ ਮੈਨੂੰ ਧੋਖਾ ਨਹੀਂ ਦੇ ਸਕਦਾ। ਹਰ ਵਕਤ ਨਾਲ ਰਖਦਾ ਸੀ। ਰਾਤ ਨੂੰ ਜਦੋਂ ਸਾਜਿਸ਼ ਕਰੀ ਤਾਂ ਸ਼ਾਹੀ ਮਹੱਲ ਦੇ ਦਰਵਾਜ਼ੇ ਖੋਲ੍ਹੇ ਗਏ, ਸਾਜਿਸ਼ ਦੇ ਨਾਲ। ਜੂਲੀਅਟ ਸੀਜ਼ਰ ਅੰਦਰ ਚਲੇ ਗਏ ਬੈਡਰੂਮ ਦੇ ਅੰਦਰ। ਕੀ ਦੇਖਦਾ ਹੈ ਸਾਰੇ ਜਰਨੈਲ ਪਛਾਣ ਲਏ ਕਿ ਆਹ ਵੀ, ਆਹ ਵੀ। ਆਪਣੇ ਸ਼ਸਤਰ ਚੁੱਕ ਲਏ ਉਸ ਨੇ ਮੁਕਾਬਲਾ ਕਰਨ ਵਾਸਤੇ। ਜਿਸ ਵਕਤ ਬਰੂਟਸ ਨੂੰ ਉਨ੍ਹਾਂ ਦੇ ਵਿਚ ਖੜ੍ਹਾ ਦੇਖਿਆ, ਕਹਿਣ ਲੱਗਿਆ, ਬਰੂਟਸ ਤੂੰ ਵੀ ਇਨ੍ਹਾਂ ਦੇ ਨਾਲ ਰਲ ਗਿਆ। ਤੂੰ ਵੀ ਮੈਨੂੰ ਧੋਖਾ ਦੇ ਦਿਤਾ, ਤੇਰੇ ਉਤੇ ਤਾਂ ਮੈਨੂੰ ਹੱਦ ਤੋਂ ਜ਼ਿਆਦਾ ਇਤਬਾਰ ਸੀ। ਤੈਨੂੰ ਤਾਂ ਮੈਂ ਇਹ ਸਮਝਦਾ ਸੀ ਕਿ ਤੂੰ ਮੇਰੇ ਨਾਲ ਜ਼ਿੰਦਗੀ ਦੇਵੇਂਗਾ। ਤੇਰੇ ਸਾਹ ਮੇਰੇ ਸਾਹ ਇਕੱਠੇ, ਤੇਰਾ ਸਰੀਰ ਤੇ ਮੇਰਾ ਸਰੀਰ ਇਕੱਠਾ, ਮੈਨੂੰ ਤੂੰ ਧੋਖਾ ਦੇ ਦਿਤਾ। ਉਸ ਵੇਲੇ ਸ਼ਸਤਰ ਸੁੱਟ ਦਿਤੇ, ਕਤਲ ਹੋਣ ਵਾਸਤੇ ਤਿਆਰ ਹੋ ਗਿਆ। ਐਨਾ ਦਿਲ ਟੁੱਟਿਆ ਸਾਧਸੰਗਤ ਜੀ।

ਸੋ ਗੁਰੂ ਦਸ਼ਮੇਸ਼ ਪਿਤਾ! ਕਿੰਨੇ ਮੌਕੇ ਆਏ ਪਾਉਂਟਾ ਸਾਹਿਬ ਦੀ ਲੜਾਈ ਵੇਲੇ। ਪੰਜ ਸੌ ਪਠਾਣ ਲੜਾਈ ਦੇ ਵਿਚੋਂ ਨੱਠ ਗਏ। ਅਨੰਦਪੁਰ ਸਾਹਿਬ ਵਿਚੋਂ ਸੈਂਕੜੇ ਬੰਦੇ ਬੇਦਾਵਾ ਦੇ ਕੇ ਨੱਠ ਜਾਂਦੇ ਨੇ। ਪਰ ਗੁਰੂ ਦਸ਼ਮੇਸ਼ ਪਿਤਾ ਚੜ੍ਹਦੀ ਕਲਾ 'ਚ ਨੇ। ਜੇ ਇਕੱਲੇ ਰਹਿ ਗਏ ਤਾਂ ਵੀ ਚੜ੍ਹਦੀ ਕਲਾ 'ਚ ਰਹੇ।

ਵੱਡੇ-ਵੱਡੇ ਜਰਨੈਲ ਹੋਏ ਨੇ। ਬੋਇਰ ਇਕ ਕੌਮ ਹੈ ਉਹਦੇ ਜਰਨੈਲ ਮਸ਼ਹੂਰ ਸੀ। ਵੱਡਾ ਭਾਰਾ ਯੁੱਧ ਉਨ੍ਹਾਂ ਨੇ ਕੀਤਾ ਤੇ ਅਖੀਰ ਉਹ ਘਿਰ ਗਏ। ਘਿਰੇ ਹੋਇਆ ਨੇ ਜਦ ਦੇਖਿਆ ਕਿ ਅਸੀਂ ਹੁਣ ਨਿਕਲ ਨਹੀਂ ਸਕਦੇ। ਹਥਿਆਰ ਸੁੱਟ ਦਿਤੇ।

ਪਰ ਗੁਰੂ ਗੋਬਿੰਦ ਸਿੰਘ ਮਹਾਰਾਜ ਚਮਕੌਰ 'ਚ ਘਿਰੇ ਹੋਏ, ਅਨੰਦਪੁਰ ਸਾਹਿਬ 'ਚ ਘਿਰੇ ਹੋਏ, ਹਥਿਆਰ ਨਹੀਂ ਸੁੱਟੇ, ਆਖਰੀ ਦਮ ਤਕ ਸ਼ਹੀਦੀ ਪ੍ਰਾਪਤ ਕਰਨ ਵਾਸਤੇ ਤਿਆਰ ਰਹੇ।

ਨਪੋਲੀਅਨ ਬੋਨਾਪਾਟ ਨੇ ਸਾਰੀ ਦੁਨੀਆਂ ਨੇ ਕੰਬਾ ਦਿਤੀ। ਜਦੋਂ ਵਾਟਰਲੂ ਦੀ ਲੜਾਈ ਵਿਚ ਹਾਰ ਹੋਈ ਘਿਰ ਗਿਆ, ਬੇਅੰਤ ਸਿਪਾਹੀ ਸਨ,ਹਥਿਆਰ ਸੁੱਟ ਦਿਤੇ।

ਬੰਗਲਾ ਦੇਸ਼ ਦੇ ਵਿਚ ਸਾਰਿਆਂ ਨੂੰ ਪਤਾ ਹੈ। ਸਵਾ ਲੱਖ ਸਿਪਾਹੀ ਨੇ, ਜਰਨੈਲਾਂ ਨੇ ਹਥਿਆਰ ਸੁੱਟੇ, ਹਾਲਾਂਕਿ ਜੀਉਂਦੇ ਜਾਗਦੇ ਸੀ। ਪਰ ਇਹ ਚਾਲੀ ਸਿੰਘ ਹਥਿਆਰ ਸੁੱਟੇ ਇਨ੍ਹਾਂ ਨੇ? ਇਕ ਵੀ ਸਿੰਘ ਹਥਿਆਰ ਨਹੀਂ ਸੁੱਟਦਾ। ਗੁਰੂ ਦਸ਼ਮੇਸ਼ ਪਿਤਾ ਆਉਂਦੇ ਨੇ ਗੁਲਾਬੇ ਮਸੰਦ ਦੇ ਉਤੇ ਬੜਾ ਭਰੋਸਾ ਹੈ ਕਿ ਮਾਛੀਵਾੜੇ ਚੱਲੀਏ ਤੇ ਉਥੇ ਜਿਹੜੇ ਜ਼ਖਮ ਹੋ ਗਏ ਨੇ। ਪੈਰਾਂ ਵਿਚ ਛਾਲੇ ਪੈ ਗਏ ਨੇ, ਦੋ ਦਿਨ ਠਹਿਰਾਂਗੇ ਤੇ ਗੁਲਾਬੇ ਦੇ ਪਾਸ ਆਰਾਮ ਕਰਾਂਗੇ। ਭਾਈ ਦਇਆ ਸਿੰਘ ਤੇ ਹੋਰ ਸਿੰਘਾਂ ਦੇ ਸਮੇਤ ਉਥੇ ਆ ਜਾਂਦੇ ਨੇ। ਬੜੀ ਸੇਵਾ ਕੀਤੀ, ਨਾਲ ਦੀ ਨਾਲ ਕਿਹਾ ਸੱਚੇ ਪਾਤਸ਼ਾਹ! ਰਹੋ ਨਾ ਤੁਸੀਂ ਇਥੋਂ ਚਲੇ ਜਾਓ। ਕਿਉਂਕਿ ਜੇ ਰਹੇ ਮੇਰਾ ਘਰ ਬਾਰ ਲੁੱਟਿਆ ਜਾਏਗਾ। ਮੈਂ ਮਾਰਿਆ ਜਾਵਾਂਗਾ।

ਕਹਿੰਦੇ, ਗੁਲਾਬਿਆ! ਤੇਰੇ 'ਤੇ ਤਾਂ ਅਸੀਂ ਬੜੀ ਆਸ ਕਰਕੇ ਆਏ ਸੀ ਕਿ ਤੂੰ ਤਾਂ ਸਾਡੀ ਰਮਜ਼ ਦਾ ਭੇਤੀ ਹੈਂ ਤੇ ਤੂੰ ਵੀ ਸਾਥ ਛੱਡ ਗਿਆ, ਜਵਾਬ ਦੇ ਦਿਤਾ।

ਸੋ ਇਸ ਤਰ੍ਹਾਂ ਇਹ ਮੌਕਾ ਹੁੰਦਾ ਹੈ ਸਾਧਸੰਗਤ ਜੀ। ਗੁਰੂ ਦਸ਼ਮੇਸ਼ ਪਿਤਾ ਨੂੰ ਸਭ ਤੋਂ ਭਰੋਸੇ ਵਾਲਾ ਜਿਹੜਾ ਬੰਦਾ ਸੀ ਭਾਈ ਡੱਲਾ ਸਿੰਘ, ਜਿਸ ਦੇ ਉਤੇ ਵੱਡੀਆਂ-ਵੱਡੀਆਂ ਬਰਕਤਾਂ, ਜਿਹਨੂੰ ਰਾਜ ਦੇਣਾ ਚਾਹੁੰਦੇ ਸੀ, ਧੋਖਾ ਦੇ ਕੇ ਨਿਕਲ ਜਾਂਦਾ ਹੈ।

ਦਿਨ ਦੂਸਰਾ ਚੜ੍ਹ ਜਾਂਦਾ ਹੈ, ਅਗਲੀ ਮੰਜ਼ਲ 'ਤੇ ਚਲੇ ਜਾਂਦੇ ਨੇ। ਸਵੇਰੇ ਹੀ ਖਬਰ ਹੋਈ ਕਿ ਸੱਚੇ ਪਾਤਸ਼ਾਹ! ਰਾਮ ਸਿੰਘ ਵੀ ਆਪਣੇ ਸਾਥੀਆਂ ਨੂੰ ਲੈ ਕੇ ਨੱਠ ਗਿਆ। ਕਹਿੰਦੇ ਰਾਮ ਸਿੰਘ! ਭਾਈ ਭਗਤੂ ਦੀ ਓਲਾਦ, ਪੜੋਤਾ। ਇਹਦੇ ਨਾਲ ਤਾਂ ਗੁਰੂ ਘਰ ਦਾ ਮੁੱਢ ਤੋਂ ਸਬੰਧ ਹੈ। ਜਾਗੀ ਹੋਈ ਰੂਹ ਹੈ, ਬੰਦਗੀ ਕਰਨ ਵਾਲਾ ਹੈ। ਇਹਦੇ ਪਿਤਾ ਨੇ ਤਾਂ ਸਰੀਰ ਦਿਤਾ ਹੈ ਗੁਰੂ ਸੱਤਵੇਂ ਪਾਤਸ਼ਾਹ ਨੂੰ, ਇਕ ਬ੍ਰਾਹਮਣ ਦੇ ਲੜਕੇ ਨੂੰ ਜੀਉਂਦਾ ਕਰਨ ਵਾਸਤੇ। ਕਹਿੰਦੇ, ਰਾਮ ਸਿੰਘ ਵੀ ਭੱਜ ਗਿਆ? ਕਹਿੰਦੇ, ਹਾਂ। ਸੋ ਸਵਾਰ ਨੂੰ ਹੁਕਮ ਦਿਤਾ ਕਿ ਰਾਮ ਸਿੰਘ ਨੂੰ ਮੋੜ ਕੇ ਲਿਆਓ। ਸਵਾਰ ਚਲਿਆ ਜਾਂਦਾ ਹੈ, ਰਾਮ ਸਿੰਘ ਨੂੰ ਕਿਹਾ, ਰਾਮ ਸਿੰਘਾ! ਗੁਰੂ ਕਲਗੀਧਰ ਪਾਤਸ਼ਾਹ ਤੈਨੂੰ ਬੁਲਾਉਂਦੇ ਹਨ। ਚਲਿਆ ਬੇਸ਼ੱਕ ਜਾਈਂ, ਇੱਕ ਵਾਰੀ ਸਾਨੂੰ ਮੂੰਹ ਤਾਂ ਦਿਖਾਲ ਜਾ। ਇਕ ਗੱਲ ਕਰਨੀ ਹੈ ਤੇਰੇ ਨਾਲ।

ਮੁੜਿਆ ਨਹੀਂ ਹੈ। ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਤਾਂ ਮੁੜਿਆ ਨਹੀਂ। ਮਹਾਰਾਜ ਕਹਿੰਦੇ, ਫੇਰ ਜਾਹ। ਸਾਡੀ ਸਹੁੰ ਖਲਾ ਉਸਨੂੰ। ਸੁਗੰਧ ਪਾ ਦਿਤੀ। ਫੇਰ ਜਾਂਦਾ ਹੈ ਕਿ ਰਾਮ ਸਿੰਘਾ! ਤੈਨੂੰ ਸੁਗੰਧ ਹੈ ਗੁਰੂ ਦਸ਼ਮੇਸ਼ ਪਿਤਾ ਦੀ, ਇੱਕ ਵਾਰੀ ਮੁੜ ਕੇ ਤੂੰ ਚਲਿਆ ਜਾਹ। ਆਗਿਆ ਲੈ-ਲੈ, ਫੇਰ ਚਲਿਆ ਜਾਈਂ। ਤੇਰਾ ਭਲਾ ਹੈ ਇਸ ਵਿਚ।

ਮਹਾਰਾਜ ਕਹਿੰਦੇ ਨੇ ਕਿ ਭਲਾ ਹੋਵੇ ਉਸ ਦਾ, ਅਸੀਂ ਕੁਝ ਬਚਨ ਕਰਨੇ ਨੇ ਉਸ ਨਾਲ। ਨਹੀਂ ਮੁੜਦਾ। ਅੱਗੇ ਨੂੰ ਵੱਧ ਗਿਆ।

ਕਹਿਣ ਲੱਗੇ ਕਿ ਮਹਾਰਾਜ! ਉਹ ਤਾਂ ਮੁੜਿਆ ਨਹੀਂ।

ਮਹਾਰਾਜ ਕਹਿੰਦੇ, ਆਹ ਸਾਡਾ ਰੁਮਾਲ ਲੈ ਲੈ ਤੇ ਇਹ ਕਹਿ ਦੇਈਂ ਕਿ ਗੁਰੂ ਦਸਵੇਂ ਪਾਤਸ਼ਾਹ ਦੀ ਦਸਤਾਰ ਹੈ, ਧਰਤੀ 'ਤੇ ਰੱਖ ਦੇਈਂ ਤੇ ਉਹਨੂੰ ਕਹਿ ਦੇਈਂ ਕਿ ਦਸਤਾਰ ਦੇ ਉਤੇ ਦੀ ਟੱਪ ਕੇ ਜਾਣਾ ਹੈ ਤਾਂ ਜਾਹ। ਤੇਰੀ ਮਰਜ਼ੀ। ਆਖਰੀ ਜਿਹੜੀ ਸਿਰੇ ਦੀ ਗੱਲ ਹੁੰਦੀ ਹੈ, ਉਹ ਮਹਾਰਾਜ ਨੇ ਕਹਿ ਦਿਤੀ। ਜਿਸ ਵਕਤ ਰੁਮਾਲ ਰੱਖ ਦਿਤਾ, ਕਹਿੰਦੇ ਰਾਮ ਸਿੰਘਾ! ਗੁਰੂ ਕਲਗੀਧਰ ਪਾਤਸ਼ਾਹ ਦੀ ਦਸਤਾਰ ਹੈ, ਇਹਦੇ ਉਤੇ ਦੀ ਟੱਪ ਕੇ ਜਾਣਾ ਹੈ ਤਾਂ ਜਾਹ।

ਆਰਾਮ ਨਾਲ ਘੋੜਾ ਲੰਘਾ ਲੈਂਦਾ ਹੈ ਉਤੇ ਦੀ। ਉਸ ਵੇਲੇ ਬਹੁਤ ਵੱਡੀਆਂ-ਵੱਡੀਆਂ ਗੱਲਾਂ ਕਰਦਾ ਸੀ। ਵਾਪਸ ਆ ਜਾਂਦਾ ਹੈ ਸਿੱਖ। ਸੱਚੇ ਪਾਤਸ਼ਾਹ! ਉਹ ਵੀ ਨੱਠ ਗਿਆ। ਮਹਾਰਾਜ ਕਹਿੰਦੇ, ਉਦੋਂ ਤਾਂ ਕਹਿੰਦੇ ਸੀ ਕਿ ਆਖਰੀ ਦਮ ਤੱਕ, ਜਦੋਂ ਤੱਕ ਸਾਡੇ ਸਰੀਰ ਵਿਚ ਸਵਾਸ ਹੈ, ਤੇਰਾ ਸਾਥ ਨਹੀਂ ਛੱਡਾਂਗੇ –

*ਧਾਰਨਾ– ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਗੁਰਾਂ ਦੇ,*
*ਪਿੱਠ ਦੇ ਕੇ ਸਭ ਭੱਜ ਗਏ।*

ਕਹਿੰਦੇ, ਮੁੜਿਆ ਨਹੀਂ ਰਾਮ ਸਿੰਘ?

ਕਹਿੰਦੇ, ਨਾ ਮਹਾਰਾਜ।

ਕਹਿੰਦੇ, ਇਹਦੇ ਉਤੇ ਤਾਂ ਸਾਨੂੰ ਬੜਾ ਵਿਸ਼ਵਾਸ਼ ਸੀ, ਭੇਤੀ ਸੀ ਸਾਰੇ ਭੇਤ ਦੀਆਂ ਗੱਲਾਂ ਇਹਦੇ ਨਾਲ ਕਰਦੇ ਸੀ। ਇਹ ਬੰਦਾ ਵੀ ਸਾਨੂੰ ਧੋਖਾ ਦੇ ਗਿਆ।

ਬੜਾ ਔਖਾ ਸਮਾਂ ਹੁੰਦਾ ਹੈ ਸਾਧਸੰਗਤ ਜੀ! ਜਦੋਂ ਆਪਣੇ ਭਰੋਸੇ ਵਾਲੇ ਬੰਦੇ ਧੋਖਾ ਦੇਣਾ ਸ਼ੁਰੂ ਕਰ ਦੇਣ। ਉਸ ਵੇਲੇ ਮਹਾਰਾਜ ਕਹਿੰਦੇ ਚੰਗਾ, ਘਰ ਨੂੰ ਇਹਨੇ ਪਿਆਰਾ ਕਰਿਆ ਹੈ। ਹੁਣ ਮਹੀਨਾ ਭਰ ਘਰ ਨਾਲ ਟੱਕਰਾਂ ਮਾਰੇਗਾ। ਰਾਮ ਸਿੰਘ ਚਲਿਆ ਜਾਂਦਾ ਹੈ। ਜਦੋਂ ਪਿੰਡ ਪਹੁੰਚਦਾ ਹੈ ਆਪਣੇ, ਪੱਕੇ ਗ੍ਰਾਮ, ਕੋਠੇ, ਉਸ ਵੇਲੇ ਇਹਦਾ ਸਿਰ ਦੁਖਣ ਲੱਗ ਗਿਆ। ਫਤਹਿ ਸਿੰਘ ਨੇ ਕਿਹਾ ਕਿ ਆ ਗਿਆ ਭਰਾ। ਕਹਿੰਦਾ ਹਾਂ ਆ ਗਿਆ। ਕਹਿੰਦਾ, ਬੜਾ ਚੰਗਾ ਹੋਇਆ, ਗੁਰੂ ਤਾਂ ਆਪਾਂ ਨੂੰ ਲੈ ਚਲਿਆ ਸੀ ਦੱਖਣ ਨੂੰ। ਬੇਮੁਖ ਹੋ ਗਏ। ਗੁਰੂ ਤੋਂ ਪਰਤੀਤ ਹਟ ਗਈ। ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਗੁਰੂ ਦੀਆਂ।

ਰਾਮ ਸਿੰਘ ਕਹਿੰਦਾ ਸਿਰ ਦੁਖਦਾ ਹੈ। ਐਨਾ ਜ਼ਿਆਦਾ ਦੁਖਣ ਲਗ ਗਿਆ, ਜੇ ਟੱਕਰ ਮਾਰਦਾ ਹੈ ਕੰਧ ਨਾਲ ਤਾਂ ਆਰਾਮ ਆਉਂਦਾ ਹੈ। ਨਹੀਂ ਤਾਂ ਆਉਂਦਾ ਨਹੀਂ। ਮਹੀਨਾ ਭਰ ਟੱਕਰਾਂ ਮਾਰੀ ਗਿਆ ਤੇ ਅਖੀਰ ਸਿਰ ਫਟ ਗਿਆ ਤੇ ਮਰ ਗਿਆ।

ਸੋ ਕੌਣ ਸੁੱਖ ਪਾਉਂਦਾ ਹੈ ਗੁਰੂ ਨਾਲੋਂ ਕੋਈ ਟੁੱਟ ਕੇ? ਗੁਰੂ ਦੇ ਨਾਲੋਂ ਪਿਆਰ ਤੋੜ ਕੇ ਸੁਖ ਨਹੀਂ ਮਿਲਿਆ ਕਰਦਾ –

*ਧਾਰਨਾ – ਦੁਖ ਬਹੁਤਾ ਪਾਵੇਂਗਾ,*
*ਮੂਰਖਾ ਭੱਜਦੈਂ ਕਿਉਂ ਪਿੱਠ ਦੇ ਕੇ।*

ਪਿੱਠ ਦੇ ਗਏ, ਸੈਂਕੜੇ ਨਹੀਂ, ਬੇਅੰਤ ਗੁਰਸਿੱਖ ਜਿਹੜੇ ਵੱਡੇ-ਵੱਡੇ ਭਰੋਸੇ ਵਾਲੇ ਸੀ, ਇੱਕ-ਇੱਕ ਕਰਕੇ ਸਾਥ ਛੱਡਦੇ ਜਾ ਰਹੇ ਨੇ –

*ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥*
*ਅੰਗ – ੧੪੨੯*

ਸੁੱਖ ਨਹੀਂ ਹੋਇਆ ਕਰਦਾ –

*ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥*
*ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥*
*ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ*
*ਲੋਭ ਲਹਰਿ ਦੁਖੁ ਪਾਈ ॥*
*ਗੁਰ ਬਿਹੂਨ ਮਹਾ ਦੁਖੁ ਪਾਇਆ*
*ਜਮ ਪਕਰੇ ਬਿਲਲਾਈ ॥ ਅੰਗ – ੧੨੬੫*

ਪਿੱਠ ਦੇ ਕੇ ਗੁਰੂ ਨੂੰ ਫੇਰ ਕੀ ਸੁੱਖ ਪਾ ਲਏਗਾ? ਭਾਈ ਡੱਲਾ ਘਰ ਪਹੁੰਚ ਜਾਂਦਾ ਹੈ। ਜਾਂਦੇ ਨੂੰ ਹੀ ਬੁਖਾਰ ਚੜ੍ਹ ਗਿਆ। ਇਲਾਜ ਕਰਦੇ ਨੇ ਹੁੰਦਾ ਨਹੀਂ ਹੈ। ਇਕ ਮਹੀਨੇ ਤੋਂ ਬਾਅਦ ਆਸ ਹਟ ਗਈ ਕਿ ਹੁਣ ਅੰਤਮ ਸਵਾਸਾਂ 'ਤੇ ਆ ਜਾਣਾ ਹੈ। ਆਇਆ ਤਾਂ ਘਰ ਨੂੰ ਸੰਭਾਲਣ ਸੀ, ਓਧਰ ਗੁਰੂ ਕਹਿੰਦਾ ਹੈ ਕਿ ਤੈਨੂੰ ਮਹਾਰਾਜਾ ਬਣਾ ਦੇਈਏ, ਰਾਜ ਦੇ ਦੇਈਏ। ਮੋਹ ਕਰਕੇ ਆਇਆ ਸੀ ਪਰਿਵਾਰ ਦਾ। ਪੋਤਾ ਖੇਲ੍ਹਦਾ ਫਿਰਦਾ ਹੈ, ਤੱਕਲਾ ਹੱਥ ਵਿਚ ਹੈ, ਦੌੜੇ ਜਾਂਦੇ ਦੇ ਤੱਕਲਾ ਢਿੱਡ 'ਚ ਵੜ ਗਿਆ ਤੇ ਦਿਲ ਵਿਚੀਂ ਲੰਘ ਗਿਆ, ਉਥੇ ਹੀ ਮਰ ਗਿਆ।

ਦੂਜਾ ਪੋਤਰਾ ਬੜਾ ਹੋਣਹਾਰ ਹੈ, ਡੱਲੇ ਦੇ ਨਾਲ ਹੀ ਉਸਨੂੰ ਬੁਖਾਰ ਚੜ੍ਹਿਆ ਤੇ ਸੀਤਲਾ ਨਿਕਲ ਆਈ, ਡੱਲੇ ਦੇ ਦੇਖਦੇ-ਦੇਖਦੇ ਉਹ ਵੀ ਚੜ੍ਹਾਈ ਕਰ ਗਿਆ। ਉਸ ਤੋਂ ਇੱਕ ਮਹੀਨੇ ਤੋਂ ਬਾਅਦ ਆਪ ਮਰ ਜਾਂਦਾ ਹੈ। ਇਹਦੇ ਦੁਸ਼ਮਣਾਂ ਨੂੰ ਪਤਾ ਲੱਗਿਆ ਕਿ ਡੱਲਾ ਜਿਸਦੀ ਧਾਂਕ ਪਈ ਹੋਈ ਸੀ ਦੂਰ-ਦੂਰ ਤੱਕ ਚੜ੍ਹਾਈ ਕਰ ਗਿਆ, ਹੁਣ ਮੌਕਾ ਹੈ, ਉਨ੍ਹਾਂ ਨੇ ਆ ਕੇ ਹੱਲਾ ਕਰਿਆ, ਕਿਲ੍ਹਾ ਤੋੜ ਲਿਆ, ਸਾਰਾ ਘਰ-ਬਾਰ ਲੁੱਟ ਕੇ ਲੈ ਗਏ।

ਸੁੱਖ ਪਾਇਆ ਫੇਰ ਕੀ? ਇਹ ਤਾਂ ਹੋਈ ਦੁਨੀਆਂ ਦੀ ਗੱਲ। ਦੂਸਰੀ ਗੱਲ ਹੈ ਕਿ ਬੇਮੁੱਖ ਨੂੰ ਦੰਡ ਮਿਲਦਾ ਹੈ, ਵੱਡੀ ਭਾਰੀ ਹੱਤਿਆ ਹੈ।

ਗੁਰੂ ਨਾਨਕ ਨੂੰ ਪੁੱਛਿਆ, ਗੁਰੂ ਨਾਨਕ ਕਹਿੰਦੇ, ਬੇਅੰਤ ਪਾਪੀ ਹਤਿਆਰੇ ਹੋਣ, ਲੱਖਾਂ ਹੀ ਹਤਿਆਰੇ, ਉਨ੍ਹਾਂ ਦੇ ਬਰਾਬਰ ਬੇਮੁੱਖ ਹੋਣ ਦਾ ਪਾਪ ਹੋਇਆ ਕਰਦਾ ਹੈ। ਜਿਹੜੀ ਹੱਤਿਆ ਕਿਤੇ ਨਹੀਂ ਦੁਨੀਆਂ ਭਰ 'ਚ ਲਹਿੰਦੀ–

*ਧਾਰਨਾ - ਤੇਰੀ ਹੱਤਿਆ ਕਿਤੇ ਨਾ ਲਹਿਣੀ,*
*ਬੇਮੁਖ ਹੋ ਗਿਐਂ ਗੁਰਾਂ ਤੋਂ।*
*ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।*
*ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ।*
*ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ।*
*ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।*
*ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।*
*ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥*
*ਭਾਈ ਗੁਰਦਾਸ ਜੀ, ਵਾਰ ੩੪/੧੨*

ਗੁਰੂ ਘਰ ਦੇ ਅੰਦਰ ਬੇਮੁਖ ਹੋ ਜਾਣਾ, ਸਭ ਤੋਂ ਵੱਡਾ ਪਾਪ ਹੈ। ਜਿਸ ਦਾ ਕਿਸੇ ਥਾਂ ਦੇ ਉਤੇ, ਬਗੈਰ ਗੁਰੂ ਦੀ ਪ੍ਰਸੰਨਤਾ ਤੋਂ ਨਹੀਂ ਪਾਪ ਲਹਿਆ ਕਰਦਾ -

*ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥*
*ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥*
*ਅੰਗ - ੯੨੦*

ਪਾਪੀਆਂ ਨੂੰ ਗਿਣਦੇ ਨੇ ਕਿ - 'ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।' ਤਿੰਨ ਵੱਡੀਆਂ ਹੱਤਿਆ ਨੇ - ਬ੍ਰਾਹਮਣ ਨੂੰ ਮਾਰ ਦੇਣਾ, ਗਾਂ ਨੂੰ ਮਾਰ ਦੇਣਾ ਤੇ ਵੰਸ ਦਾ ਘਾਤ ਕਰ ਦੇਣਾ। 'ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ।' ਸ਼ਰਾਬਾਂ ਪੀ ਕੇ ਜੂਆ ਖੇਲ੍ਹਦੇ ਨੇ, ਪਰਾਈਆਂ ਇਸਤ੍ਰੀਆਂ ਵਲ ਨਿਗ੍ਹਾ ਰਖਦੇ ਨੇ। 'ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ।' ਬੇਗਾਨੀ ਮਾਇਆ ਦੇ ਉਤੇ ਮੋਹੇ ਜਾਂਦੇ ਨੇ, ਬੇਅੰਤ ਠੱਗ ਨੇ, ਬੇਅੰਤ ਚੋਰ ਨੇ। 'ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।' ਵਿਸ਼ਵਾਸਘਾਤੀ, ਅਕਿਰਤਘਣ, ਧ੍ਰੋਹ ਕਰਨ ਵਾਲੇ, ਵੱਡੇ-ਵੱਡੇ ਹੱਤਿਆ ਕਰਨ ਵਾਲੇ ਪਾਪੀ 'ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।' ਕਹਿੰਦੇ ਲੱਖ ਕਰੋੜ ਕਿੰਨਾਂ ਹੁੰਦਾ ਹੈ, ਸੌ ਖਰਬ ਜੋੜ ਲਓ ਕਹਿੰਦੇ ਇਹਨੂੰ। ਇਸ ਤੋਂ ਵੀ ਵੱਧ ਜੋੜ ਲਓ। ਕਿੱਡਾ ਪਾਪ ਹੈ, 'ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥' ਬੇਮੁਖ ਦੇ ਇਕ ਲੂੰ ਦੇ ਬਰਾਬਰ ਵੀ ਇਹ ਸਾਰੇ ਪਾਪ ਨਹੀਂ ਪਹੁੰਚਦੇ। ਫੇਰ ਉਹਦੀ ਗਤੀ ਕਿੱਥੋਂ ਹੋ ਜਾਏਗੀ।

ਸੋ ਇਸ ਤਰ੍ਹਾਂ ਜਿਨ੍ਹਾਂ ਦੀਆਂ ਝੂਠੀਆਂ ਪ੍ਰੀਤਾਂ ਹੁੰਦੀਆਂ ਨੇ। ਉਹ ਨਹੀਂ ਨਿਭਿਆ ਕਰਦੀਆਂ -

*ਧਾਰਨਾ - ਝੜ-ਝੜ ਕੇ ਗਿਰਦੇ ਨੇ, ਕੱਚੀਆਂ ਪ੍ਰੀਤਾਂ ਵਾਲੇ।*
*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥*
*ਅੰਗ - ੧੪੨੫*

ਕਿਉਂਕਿ ਪਿਆਰ ਗੁਰੂ ਦੇ ਨਾਲ ਜੋੜਦਾ ਹੈ। ਉਸ ਵੇਲੇ ਜੇ ਗਰਜ ਹੋਵੇ ਵਿਚ ਉਹ ਝੜ ਜਾਇਆ ਕਰਦਾ ਹੈ, ਉਹ ਨਹੀਂ ਨਿਭਿਆ ਕਰਦਾ। ਬੇਅੰਤ ਆਉਂਦੇ ਨੇ ਡੇਰਿਆਂ ਦੇ ਵਿਚ, ਸਾਡੇ ਕੋਲ ਵੀ ਬੇਅੰਤ ਆਉਂਦੇ ਨੇ। ਪਰ ਤੀਬਰ-ਤਮ ਬੈਰਾਗ ਜਿਸਨੂੰ ਹੋ ਗਿਆ ਹੋਵੇ, ਉਹ ਤਾਂ ਲੰਘ ਜਾਂਦਾ ਹੈ। ਬਾਕੀ ਤਾਂ ਵਿਚਾਲੇ ਹੀ ਰਹਿ ਜਾਂਦੇ ਨੇ। ਆਇਆ ਕਰਦੇ ਨੇ, ਮੈਂ ਪੁੱਛਦਾ ਹੁੰਦਾ ਭਾਈ ਲਖਬੀਰ ਸਿੰਘ ਨੂੰ ਕਿ ਫਲਾਣਾ ਕਿੱਥੇ ਹੈ? ਕਹਿੰਦੇ ਨੇ ਕਿ ਉਹ ਤਾਂ ਚਲਿਆ ਗਿਆ ਜੀ। ਪਹਿਲਾਂ ਉਹ ਤਾਂ ਕਹਿੰਦਾ ਸੀ ਕਿ ਮੈਂ ਇਥੇ ਹੀ ਰਹਿਣਾ ਹੈ, ਮੈਂ ਸਾਰੀ ਜ਼ਿੰਦਗੀ ਇਥੇ ਦੇਣ ਵਾਸਤੇ ਆਇਆ ਹਾਂ। ਪਿਆਰ ਨਹੀਂ ਹੈ ਸਾਧਸੰਗਤ ਜੀ, ਪਿਆਰ ਕੱਚੇ ਹੋਇਆ ਕਰਦੇ ਨੇ। ਅੰਮ੍ਰਿਤ ਛਕ ਲੈਂਦੇ ਨੇ, ਇੱਕ ਬੋਤਲ ਦੇਖ ਕੇ ਗਿਰ ਜਾਂਦੇ ਨੇ ਸ਼ਰਾਬ ਦੀ। ਗੁਰੂ ਨੂੰ ਪਿੱਠ ਦੇ ਦਿੰਦੇ ਨੇ, ਮਨਮੁਖ ਹੋ ਜਾਂਦੇ ਨੇ ਬੇਮੁਖ ਹੋ ਜਾਂਦੇ ਨੇ। ਬੇਮੁਖ ਦਾ ਦੋਸ਼ ਲਗਦਾ ਹੈ। ਬੇਮੁਖ ਨੂੰ ਤਾਂ ਮਹਾਰਾਜ ਕਹਿੰਦੇ ਦੋਸ਼ ਹੀ ਦੋਸ਼ ਹੋਇਆ ਕਰਦਾ ਹੈ। ਜਿਹੋ ਜਿਹਾ ਸੁੱਕਿਆ ਹੋਇਆ ਰੁਖ ਹੁੰਦਾ ਹੈ, ਇਹੋ ਜਿਹਾ ਹੀ ਮਨਮੁਖ ਹੋ ਜਾਇਆ ਕਰਦਾ ਹੈ -

*ਧਾਰਨਾ - ਕੋਈ ਸੁਖ ਨਾ ਮਿਲੇ ਵਿਚ ਜਗ ਦੇ,*
*ਬੇਮੁਖ ਸੁੱਕੇ ਰੁੱਖ ਵਰਗਾ।*
*ਮਖਣੁ ਲਇਆ ਵਿਰੋਲਿਕੈ ਛਾਹਿ ਛੁਟੜਿ ਹੋਈ।*
*ਪੀੜ ਲਈ ਰਸੁ ਗੰਨਿਅਹੁ ਛਿਲੁ ਛੁਹੈ ਨ ਕੋਈ।*
*ਰੰਗੁ ਮਜੀਠਹੁ ਨਿਕਲੈ ਅਢੁ ਲਹੈ ਨ ਸੋਈ।*
*ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ।*
*ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ।*
*ਬੇਮੁਖ ਸੁਕੇ ਰੁਖ ਜਿਉ ਵੇਖੈ ਸਭ ਲੋਈ॥*
*ਭਾਈ ਗੁਰਦਾਸ ਜੀ, ਵਾਰ ੩੪/੧੨*

ਕੋਈ ਪੱਤਾ ਨਹੀਂ, ਕੋਈ ਫਲ ਨਹੀਂ, ਜਿਹੋ ਜਿਹਾ ਸੁੱਕਾ ਰੁਖ ਹੁੰਦਾ ਹੈ ਐਸਾ ਹੀ ਬੇਮੁਖ ਦਾ ਜੀਵਨ ਹੁੰਦਾ ਹੈ। ਸੋ ਇਸ ਕਰਕੇ ਗੁਰੂ ਦੀ ਸਿੱਖੀ ਨੂੰ ਕਮਾਉਣਾ, ਸਾਰੇ ਬਣੇ ਫਿਰਦੇ ਨੇ ਕਿ ਮੈਂ ਉਸ ਤੋਂ ਵੱਧ ਹਾਂ, ਮੈਂ ਉਸ ਤੋਂ ਵੱਧ, ਮੈਂ ਐਨੇ ਪਾਠ ਕਰਦਾ ਹਾਂ, ਮੈਂ ਆਹ ਸੇਵਾ ਕਰਦਾ ਹਾਂ, ਜਦੋਂ ਕਸਵੱਟੀ ਲਗਦੀ ਹੈ ਕੋਈ ਵਿਰਲਾ ਹੀ ਰਹਿ ਜਾਂਦਾ ਹੈ। ਬਾਕੀ ਸਭ ਝੜ-ਝੜ ਜਾਂਦੇ ਨੇ। ਕਿਉਂਕਿ ਸੰਸਾਰ ਗੱਲਾਂ ਵਾਲਾ ਹੀ ਹੈ -

*ਧਾਰਨਾ - ਗੱਲਾਂ ਵਾਲੀ ਦੁਨੀਆਂ ਬਹੁਤੀ,*
*ਚਾਕਰ ਕੋਈ-ਕੋਈ ਹੈ।*

ਵਿਰਲਾ-ਵਿਰਲਾ ਸੇਵਕ ਹੈ, ਇਨ੍ਹਾਂ ਦੇ ਨਾਲ ਹੀ ਭਾਈ ਰੂਪੇ ਦੀ ਸੰਤਾਨ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ; ਜਿਸ ਵਕਤ ਇਨ੍ਹਾਂ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਮਾਲਵੇ 'ਚ ਆ ਗਏ। ਸਾਹਿਬਜ਼ਾਦੇ ਸ਼ਹੀਦ ਹੋ ਗਏ ਨੇ, ਇਹ ਦਰਸ਼ਨ ਕਰਨ ਆਉਂਦੇ ਨੇ। ਬਹੁਤ ਬੈਰਾਗ ਕਰਦੇ ਨੇ, ਬਾਰ-ਬਾਰ ਕਹਿੰਦੇ ਨੇ ਕਿ ਪਾਤਸ਼ਾਹ! ਤੁਸੀਂ ਬਚਾ ਸਕਦੇ ਸੀ। ਮਹਾਰਾਜ ਬੜਾ ਦਿਲਾਸਾ ਦਿੰਦੇ ਨੇ ਲੇਕਿਨ ਦਿਲਾਸਾ ਕੰਮ ਨਹੀਂ ਦਿੰਦਾ। ਦਿਲੋਂ ਪਿਆਰ ਹੈ, ਚਾਰ ਦਿਨ, ਚਾਰ ਰਾਤਾਂ ਰੋਂਦਿਆਂ ਨੂੰ ਲੰਘ ਗਈਆਂ ਉਨ੍ਹਾਂ ਦੀਆਂ। ਮਹਾਰਾਜ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ, ਕਿਸੇ ਕੌਤਕ ਨਾਲ ਇਹ ਸਮਝਣਗੇ। ਦੁੱਧ ਲਈਂ ਆ ਰਹੇ ਨੇ, ਸਿਰਾਂ ਦੇ ਉਤੇ ਬਲਟੋਹੀਆਂ ਨੇ, ਰਸਤੇ 'ਚ ਇਕ ਸਿੰਘ ਮਿਲ ਜਾਂਦਾ ਹੈ। ਉਹਦੇ ਨਾਲ ਵਾਰਤਾਲਾਪ ਚਲਦੀ ਹੈ ਤੇ ਇਕ ਗੱਲ ਕਹਿੰਦੇ ਨੇ ਕਿ ਸ਼ਕਤੀ ਕਿਉਂ ਨਾ ਦਿਖਾਈ ਗੁਰੂ ਸਾਹਿਬ ਨੇ?

ਸਾਹਿਬਜ਼ਾਦਿਆਂ ਨੂੰ ਤਾਂ ਬਚਾ ਲੈਣਾ ਸੀ। ਸ਼ਕਤੀ ਦਿਖਾ ਦੇਣੀ ਸੀ, ਸਾਰੀ ਫੌਜ ਨੂੰ ਸੁੰਨ ਕਰ ਦਿੰਦੇ। ਉਹ ਕਹਿੰਦਾ, ਸ਼ਕਤੀਆਂ ਦਿਖਾਉਣੀਆਂ ਨਹੀਂ ਸੀ, ਇਹ ਤਾਂ ਇਵੇਂ ਜਿਵੇਂ ਬਚਿੱਤ੍ਰ ਨਾਟਕ ਹੋ ਰਿਹਾ ਸੀ। ਭਾਣੇ ਦੀ ਖੇਡ ਹੋ ਰਹੀ ਸੀ, ਭਾਣੇ ਦਾ ਮਾਲਕ ਆਪ ਹੀ ਕਰ ਰਿਹਾ ਸੀ। ਜਦੋਂ ਨਾ ਸਮਝੇ, ਸਿੰਘ ਕਹਿਣ ਲੱਗਿਆ ਕਿ ਜੇ ਮੈਨੂੰ ਇਕੱਲੇ ਨੂੰ ਹੁਕਮ ਹੋ ਜਾਵੇ, ਮੈਂ ਸਾਰੀਆਂ ਫੌਜਾਂ ਨੂੰ ਉਥੇ ਹੀ ਸੁਲਾ ਦਿੰਦਾ। ਕਹਿੰਦੇ, ਸਿੰਘਾਂ! ਫੇਰ ਤੂੰ ਜਦ ਕਿੱਥੇ ਗਿਆ ਹੋਇਆ ਸੀ? ਕਹਿੰਦਾ, ਅਸੀਂ ਹੱਥ ਜੋੜ ਕੇ ਗੁਰੂ ਸਾਹਿਬ ਤੋਂ ਆਗਿਆ ਮੰਗਦੇ ਸੀ, ਸਾਡੇ ਤੋਂ ਦੇਖਿਆ ਨਹੀਂ ਸੀ ਜਾਂਦਾ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ। ਬੜੇ ਬੰਦਗੀ ਕਰਨ ਵਾਲੇ ਬ੍ਰਹਮਗਿਆਨੀ, ਮਹਾਂਪੁਰਸ਼ਾਂ ਦੀਆਂ ਸ਼ਹੀਦੀਆਂ ਮੈਦਾਨ-ਏ-ਜੰਗ 'ਚ ਹੋਈਆਂ। ਕਹਿੰਦੇ, ਤੂੰ ਕੀ ਕਰ ਸਕਦਾ ਸੀ, ਫੇਰ ਤੂੰ ਕਰ ਲੈਣਾ ਸੀ? ਤੇਰੇ 'ਚ ਤਾਕਤ ਕਿੰਨੀ ਕੁ ਹੈ? ਕਹਿੰਦਾ, ਮੇਰੇ 'ਚ ਸਾਰੀ ਹੀ ਤਾਕਤ ਹੈ। ਉਸ ਵੇਲੇ ਉਨ੍ਹਾਂ ਦਾ ਭਰਮ ਦੂਰ ਕਰਨ ਵਾਸਤੇ ਜਿਵੇਂ ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਵਿਰਾਟ ਸਰੂਪ ਦਿਖਾਇਆ, ਉਹਨੇ ਵਿਰਾਟ ਸਰੂਪ ਦਿਖਾ ਦਿਤਾ। ਬੱਦਲਾਂ ਤੋਂ ਵੀ ਉੱਚਾ ਹੋ ਗਿਆ। ਉਥੋਂ ਆਵਾਜ਼ ਆਈ, ਸਿੰਘਾਂ ਦਸ ਹੁਣ ਮੈਂ ਲੰਮੀ ਬਾਂਹ ਕਰਕੇ ਚੁੱਕ ਲਿਆਵਾਂ ਔਰੰਗਜ਼ੇਬ ਨੂੰ ਸਣੇ ਤਖਤ ਦੇ। ਐਨੀ ਤਾਕਤ ਹੈ। ਹੈ ਕੋਈ ਜਿਹੜਾ ਮੇਰਾ ਮੁਕਾਬਲਾ ਕਰ ਲਵੇ। ਡਰ ਗਏ ਉਸ ਵੇਲੇ। ਕਹਿੰਦੇ, ਸਿੰਘ ਸਾਹਿਬ ਅਸਲੀ ਹਾਲਤ ਵਿਚ ਆਓ। ਕਹਿੰਦੇ, ਤੁਸੀਂ ਹੋ ਕੌਣ? ਕਹਿੰਦੇ ਅਸੀਂ ਸ਼ਹੀਦੀ ਫੌਜਾਂ ਹਾਂ। ਹਰ ਵਕਤ ਬੰਦਗੀ ਕਰਨ ਵਾਲਿਆਂ ਨਾਲ ਤੇ ਗੁਰੂ ਮਹਾਰਾਜ ਜੀਆਂ ਨਾਲ ਅਸੀਂ ਹਰ ਵਕਤ ਨਾਲ ਰਹਿੰਦੇ ਹਾਂ। ਸਾਡੇ ਪਹਿਰੇ ਲੱਗੇ ਰਹਿੰਦੇ ਨੇ-

*ਰੋਗਨ ਤੇ ਅਰ ਸੋਗਨ ਤੇ,*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰੁ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰੁ ਦੇ ਕਰਿ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ (ਸ੍ਵਯੇ ਪਾਤਸ਼ਾਹੀ ੧੦)*

ਸਿੰਘਾਂ ਬੰਦਗੀ ਕਰਨ ਵਾਲਿਆਂ ਦੇ ਦੁਆਲੇ ਸਾਡਾ ਪਹਿਰਾ ਹੁੰਦਾ ਹੈ। ਉਹ ਬੇਪਰਵਾਹ ਹੁੰਦੇ ਨੇ, ਆਪਣੇ ਸਰੀਰ ਤੋਂ, ਆਪਣੀ ਰਾਖੀ ਤੋਂ ਵੀ, ਅਸੀਂ ਰਾਖੀ ਉਨ੍ਹਾਂ ਦੀ ਕਰਦੇ ਹਾਂ। ਉਸ ਵੇਲੇ ਸਮਝ ਆ ਗਈ, ਕਹਿੰਦੇ ਗੁਰੂ ਸਾਹਿਬ ਤਾਂ ਇਕ ਫੁਰਨਾ ਕਰ ਦੇਣ, ਸਭ ਕੁਛ ਹੀ ਖਤਮ ਹੋ ਜਾਂਦਾ ਹੁਣੇ ਹੀ। ਕੀ ਸਮਝਦਾ ਹੈਂ ਤੂੰ ਗੁਰੂ ਸਾਹਿਬ ਨੂੰ। ਉਨ੍ਹਾਂ ਦੀ ਰਜ਼ਾ ਹੈ।

ਇਹ ਧਰਮ ਸਿੰਘ ਤੇ ਪਰਮ ਸਿੰਘ ਗੁਰੂ ਮਹਾਰਾਜ ਦੇ ਨਾਲ ਜਾ ਰਹੇ ਨੇ। ਹਰ ਰੋਜ਼ ਨਵਾਂ ਪਲੰਘ ਬਣਾ ਕੇ ਦਿੰਦੇ ਨੇ, ਨਵੇਂ ਥਾਂ, ਨਵਾਂ ਪਲੰਘ। ਅੱਜ ਗੁਰੂ ਮਹਾਰਾਜ ਦੇ ਨਾਲ ਰਹੇ ਤੇ ਲੇਟ ਪਹੁੰਚਦੇ ਨੇ। ਮਹਾਰਾਜ ਦੇ ਮਨ ਵਿਚ ਆਇਆ ਕਿ ਅੱਜ ਕਿਵੇਂ ਬਣਾਉਣਗੇ, ਦੇਖੀਏ। ਇਹ ਗਏ, ਛੇਤੀ-ਛੇਤੀ ਜਾ ਕੇ ਇਨ੍ਹਾਂ ਨੇ ਛੋਟੇ-ਛੋਟੇ ਦਰਖਤ ਚਾਰ ਵੱਢੇ, ਜੜ੍ਹਾਂ ਵਲ ਛੇਕ ਪਾਏ, ਉਹ ਪਾਵੇ ਬਣਾ ਦਿਤੇ, ਬਾਂਹੀਆਂ ਉਨ੍ਹਾਂ ਦੀਆਂ ਬਣਾ ਕੇ ਬੇੜ ਨਾਲ ਬੁਣ ਦਿਤੇ। ਉਤੇ ਬਿਸਤਰਾ ਵਿਛਾ ਦਿਤਾ। ਮਹਾਰਾਜ ਜੀ ਜਦੋਂ ਉਤੇ ਬੈਠੇ, ਉੱਚਾ ਹੈ ਥਾਉਂ। ਮਹਾਰਾਜ ਕਹਿੰਦੇ, ਆਹ ਤਾਂ ਬਹੁਤ ਵਧੀਆਂ ਬਣਾ ਦਿਤਾ ਤੂੰ, ਜਿਵੇਂ ਤਖਤ ਹੀ ਹੁੰਦਾ ਹੈ। ਸੇਵਾ 'ਤੇ ਪ੍ਰਸੰਨ ਹੋ ਕੇ ਮਹਾਰਾਜ ਨੇ ਉਨ੍ਹਾਂ ਨੂੰ ਸ਼ਸਤਰ ਬਖਸ਼ ਦਿਤੇ ਨਾਲ ਘੋੜੇ ਬਖਸ਼ ਦਿਤੇ। ਕਹਿੰਦੇ, ਤੁਸੀਂ ਪੈਦਲ ਨਾ ਚੱਲਿਆ ਕਰੋ। ਆਹ ਸ਼ਸਤਰ ਪਏ ਨੇ ਪਹਿਨੋ ਤੇ ਇਹ ਘੋੜੇ ਲੈ ਲਓ। ਅਗਲੀ ਮੰਜ਼ਲ 'ਤੇ ਜਾਂਦੇ ਨੇ, ਉਸ ਤੋਂ ਅਗਲੀ 'ਤੇ ਜਾਂਦੇ ਨੇ। ਇਕ ਸਿੱਖ ਨੇ ਕਿਹਾ, ਪਾਤਸ਼ਾਹ! ਸੱਚੇ ਧਰਮ ਸਿੰਘ ਤੇ ਪਰਮ ਸਿੰਘ ਨੂੰ ਘੋੜੇ ਬਖਸ਼ੇ ਸੀ, ਸ਼ਸਤਰ ਬਖਸ਼ੇ ਸੀ, ਵਰਦੀ ਬਖਸ਼ੀ ਸੀ। ਕਹਿੰਦੇ ਹਾਂ। ਕਹਿੰਦੇ, ਉਹ ਤਾਂ ਪਹਿਨਦੇ ਨਹੀਂ ਮਹਾਰਾਜ। ਕਹਿੰਦੇ, ਕੀ ਕਰਦੇ ਨੇ? ਕਹਿੰਦੇ, ਗੱਠੜੀ ਬੰਨ੍ਹ ਕੇ ਉਨ੍ਹਾਂ ਨੇ ਸਿਰ 'ਤੇ ਰੱਖੀ ਹੋਈ ਹੈ, ਵਿਚੇ ਹੀ ਸ਼ਸਤਰ ਨੇ ਤੇ ਵਸਤਰ ਨੇ, ਘੋੜਿਆਂ 'ਤੇ ਚੜ੍ਹਦੇ ਨਹੀਂ, ਘੋੜਿਆਂ ਦੀਆਂ ਵਾਗਾਂ ਫੜ ਕੇ ਨਾਲ ਹੀ ਨੱਠੇ ਆਉਂਦੇ ਨੇ ਪੈਦਲ ਹੀ, ਪਰ ਘੋੜਿਆਂ 'ਤੇ ਨਹੀਂ ਚੜ੍ਹਦੇ।

ਮਹਾਰਾਜ ਨੇ ਬੁਲਾਏ, ਕਿਹਾ ਸਿੰਘੋ! ਤੁਹਾਨੂੰ ਤਾਂ ਇਹ ਪਹਿਨਣ ਵਾਸਤੇ ਦਿਤੇ ਸੀ?

ਕਹਿੰਦੇ, ਸੱਚੇ ਪਾਤਸ਼ਾਹ! ਅਸੀਂ ਬੜੇ ਹੀ ਵੱਡੇ ਭਾਗਾਂ ਵਾਲੇ ਹਾਂ ਸਾਨੂੰ ਆਪ ਦੇ ਵਸਤਰ ਪ੍ਰਾਪਤ ਹੋਏ ਨੇ। ਇਹ ਤਾਂ ਪਵਿੱਤਰ ਨੇ ਅਸੀਂ ਕਿਵੇਂ ਪਹਿਨ ਲਈਏ ਮਹਾਰਾਜ। ਆਪ ਦੇ ਦਿਤੇ ਹੋਏ ਘੋੜਿਆਂ ਦੇ ਉਤੇ ਅਸੀਂ ਕਿਵੇਂ ਸਵਾਰੀ ਕਰ ਲਈਏ? ਮਹਾਰਾਜ ਬੜੇ ਹੀ ਪ੍ਰਸੰਨ ਹੋਏ ਕਹਿੰਦੇ, ਚੰਗਾ! ਸ਼ਸਤਰ ਜਮ੍ਹਾ ਕਰਵਾ ਦਿਓ। ਘੋੜੇ ਵੀ ਦੇ ਦਿਓ। ਜਾਓ, ਤੁਹਾਨੂੰ ਸ਼ਸਤਰ ਦੀ ਲੋੜ ਨਹੀਂ ਰਹਿਣੀ, ਤੁਹਾਡੀ ਜ਼ੁਬਾਨ ਤਲਵਾਰ ਤੋਂ ਪਹਿਲਾਂ ਕੰਮ ਕਰ ਦਿਆ ਕਰੇਗੀ। ਸਾਡੀਆਂ ਖੁਸ਼ੀਆਂ ਨੇ, ਤੁਹਾਡਾ ਸਿਦਕ ਨਿਭ ਗਿਆ। ਤੁਸੀਂ ਕਸਵੱਟੀ 'ਚ ਪਾਸ ਹੋ ਗਏ, ਤੁਸੀਂ ਹੁਣ ਮੁੜ ਜਾਓ, ਘਰ ਬਾਰ ਸੰਭਾਲੋ ਜਾ ਕੇ। ਖੁਸ਼ੀਆਂ ਕਰ ਦਿਤੀਆਂ, ਜਾਂਦੇ ਨਹੀਂ ਬੜਾ ਹੀ ਵੈਰਾਗ ਕਰਦੇ ਨੇ। ਪਾਤਸ਼ਾਹ! ਅਸੀਂ ਕੀ ਕਰਾਂਗੇ? ਬੜਾ ਮੁਸ਼ਕਲ ਹੋ ਜਾਏਗਾ ਸਾਨੂੰ। ਤੁਹਾਡੇ ਦਰਸ਼ਨਾਂ ਬਿਨਾਂ ਅਸੀਂ ਕਿਵੇਂ ਜੀਵਾਂਗੇ?

ਉਸ ਵੇਲੇ ਮਹਾਰਾਜ ਜੀ ਭੇਜ ਦਿੰਦੇ ਨੇ, ਉਹ ਘਰ ਆ ਜਾਂਦੇ ਨੇ। ਮੰਜ਼ਲਾਂ ਕੱਟਦੇ-ਕੱਟਦੇ, ਕਿੰਨਿਆਂ ਦਿਨਾਂ 'ਚ। ਜਦੋਂ ਘਰ ਆਏ ਤਾਂ ਬਜ਼ੁਰਗ ਭਾਈ ਰੂਪ ਚੰਦ ਦੀ ਉਲਾਦ ਸੀ ਇਹ। ਗੁਰੂ ਛੇਵੇਂ ਪਾਤਸ਼ਾਹ ਵੇਲੇ ਹੋਏ ਨੇ, ਨਰਾਜ਼ ਹੋ ਗਿਆ। ਕਹਿੰਦਾ, ਤੁਸੀਂ ਗੁਰੂ ਨੂੰ ਪਿੱਠ ਦੇ ਕੇ ਆ ਗਏ? ਬੜਾ ਮਾੜਾ ਕੰਮ ਤੁਸੀਂ ਕਰਿਆ। ਘਰ ਨਾ ਵੜਿਓ, ਬਾਹਰ ਰਹੋ, ਮੈਂ ਨਹੀਂ ਵੜਨ ਦੇਣਾ ਤੁਹਾਨੂੰ ਘਰ। ਕਹਿੰਦੇ, ਸਾਨੂੰ ਗੁਰੂ ਮਹਾਰਾਜ ਨੇ ਆਗਿਆ ਨਾਲ ਭੇਜਿਆ ਹੈ। ਬੜੀਆਂ

ਬਰਕਤਾਂ ਨਾਲ ਭੇਜਿਆ ਹੈ। ਕਹਿੰਦਾ, ਨਹੀਂ ਮੈਂ ਨਹੀਂ ਵੜਨ ਦੇਣਾ। ਕੋਈ ਨਿਸ਼ਾਨੀ ਹੈ ਤੁਹਾਡੇ ਕੋਲ ਗੁਰੂ ਦੀ, ਜਿਹੜੀ ਮੈਨੂੰ ਦਿਖਾ ਕੇ ਕਹੋਂ। ਉਸੇ ਵੇਲੇ ਵਾਪਸ ਕਰ ਦਿਤੇ, ਨਾ ਪਾਣੀ ਦਿਤਾ, ਨਾ ਪ੍ਰਸ਼ਾਦਾ ਦਿਤਾ। ਮੰਜ਼ਲਾਂ ਕਟਦੇ-ਕਟਦੇ ਫੇਰ ਗੁਰੂ ਮਹਾਰਾਜ ਨੂੰ ਦੱਖਣ ਦੇ ਰਾਹ 'ਚ ਆ ਕੇ ਮਿਲਦੇ ਨੇ, ਰਾਜਪੂਤਾਨੇ 'ਚ। ਮਹਾਰਾਜ ਕਹਿੰਦੇ, ਧਰਮ ਸਿੰਘਾਂ! ਤੁਸੀਂ ਫੇਰ ਆ ਗਏ। ਸੱਚੇ ਪਾਤਸ਼ਾਹ! ਬਜ਼ੁਰਗ ਘਰ ਨਹੀਂ ਵੜਨ ਦਿੰਦੇ। ਕਹਿੰਦੇ, ਤੁਸੀਂ ਗੁਰੂ ਨੂੰ ਪਿੱਠ ਦੇ ਕੇ ਆ ਗਏ। ਜਿਵੇਂ ਡੱਲੇ ਉਹਨੀਂ ਨੱਠ ਕੇ ਆ ਗਏ, ਰਾਮ ਸਿੰਘ ਉਹਨੀਂ ਆ ਗਏ, ਤੁਸੀਂ ਵੀ ਉਵੇਂ ਆ ਗਏ। ਮਹਾਰਾਜ ਹੋਰ ਪ੍ਰਸੰਨ ਹੋਏ। ਬੜੇ ਵਰ ਦਿਤੇ।

ਗੁਰੂ ਛੇਵੇਂ ਪਾਤਸ਼ਾਹ ਨੇ ਵੀ ਵਰ ਦਿਤੇ ਸੀ। ਉਸ ਵੇਲੇ ਮਹਾਰਾਜ ਜੀ ਨੇ ਆਪਣੀ ਨਿੱਜ ਦੀ ਪੋਥੀ ਜਿਹਦੇ ਉਤੋਂ ਨਿਤਨੇਮ ਕਰਿਆ ਕਰਦੇ ਸੀ, ਪੰਜ ਗ੍ਰੰਥੀ, ਉਹ ਪੋਥੀ ਉਨ੍ਹਾਂ ਨੂੰ ਦਿਤੀ, ਰੁਮਾਲੇ 'ਚ ਵਲੇਟ ਕੇ, ਕਹਿੰਦੇ, ਲੈ ਧਰਮ ਸਿੰਘਾ! ਆਹ ਲੈ ਜਾਓ। ਇਹ ਸਾਡੀ ਨਿਸ਼ਾਨੀ ਤੁਹਾਡੇ ਕੋਲ ਸਦਾ ਕਾਇਮ ਰਹਿਣੀ ਹੈ। ਘਰ ਲਿਆਉਂਦੇ ਨੇ, ਲਿਆ ਕੇ ਗੁਰੂ ਮਹਾਰਾਜ ਦੀ ਦਸਤਖਤਾਂ ਵਾਲੀ ਪੋਥੀ ਦਿਖਾਈ। ਤਾਂ ਉਹ ਰਹੇ। ਅੱਜ ਇਹ ਪੋਥੀ ਭਾਈ ਸਾਹਿਬ ਬਾਗੜੀਆਂ ਦੇ ਘਰ ਪਈ ਹੈ।

ਸੋ ਇਸ ਤਰ੍ਹਾਂ ਦੇ ਨਾਲ ਸਿੱਖੀ ਹੈ ਸਾਧਸੰਗਤ ਜੀ। ਸਿੱਖੀ ਕੋਈ ਸੁਖਾਲੀ ਚੀਜ਼ ਨਹੀਂ ਹੈ। ਇਹਦਾ ਡੇਰਾ ਤਾਂ ਸਿਰ ਤੋਂ ਪਰ੍ਹੇ ਹੁੰਦਾ ਹੈ।

*ਧਾਰਨਾ - ਡੇਰਾ ਨੀਂ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*
*ਅੰਗ - ੧੪੧੨*

ਸੋ ਇਹ ਗੁਰਸਿਖੀ ਜੋ ਹੈ ਸਾਧਸੰਗਤ ਜੀ! ਇਹ ਤਾਂ ਗੁਰੂ ਕੋਲ ਆਪਣਾ ਆਪ ਵੇਚਣਾ ਪੈਂਦਾ ਹੈ। ਜਿਹੜੇ ਵਿਚ-ਵਿਚਾਲੇ ਨੇ, ਆਪਣੇ ਮਨ ਦੀ ਮਰਜ਼ੀ ਵੀ ਕਰਨੀ ਹੈ। ਇਹ ਧੋਖਾ ਹੋਇਆ ਕਰਦਾ ਹੈ ਗੁਰੂ ਨਾਲ। ਇਹ ਸਿੱਖੀ ਪ੍ਰਵਾਨ ਨਹੀਂ ਹੋਇਆ ਕਰਦੀ। ਚਾਹੇ ਸਾਧੂਆਂ ਨਾਲ ਹੋਵੇ, ਚਾਹੇ ਗੁਰੂ ਨਾਲ ਹੋਵੇ, ਨਿਭਦੀ ਹੀ ਇਕ ਨਾਲ ਪ੍ਰੀਤ ਹੈ। ਦੋ ਕਿਸ਼ਤੀਆਂ 'ਤੇ ਪੈਰ ਧਰ ਕੇ ਕਦੇ ਵੀ ਬੰਦਾ ਪਾਰ ਨਹੀਂ ਹੁੰਦਾ, ਵਿਚਾਲੇ ਡੁੱਬਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪਾਂ ਗੁਰੂ ਮਹਾਰਾਜ ਦੇ ਹੁਕਮ ਦੀ ਕ੍ਰਿਆ, ਸਿੱਖੀ ਸਿਦਕ ਬਾਰੇ ਬਹੁਤ ਸਾਰੀਆਂ ਵਿਚਾਰਾਂ ਕੀਤੀਆਂ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤ ਕਰਦੇ ਹਾਂ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

*************************************************************************************************************

## ਸੰਤ ਬਾਬਾ ਲਖਬੀਰ ਸਿੰਘ ਜੀ ਰਤਵਾੜਾ ਸਾਹਿਬ ਵੱਲੋਂ

## ਗੁਰਮਤਿ ਪ੍ਰਚਾਰ - ਪ੍ਰੋਗਰਾਮ - ਮਹੀਨਾ ਫਰਵਰੀ 2015, ਸਮਾਂ ਦਿਨੇ 12.00 ਤੋਂ 4.00

| ਮਿਤੀ | ਸਥਾਨ |
|---|---|
| **1 ਫਰਵਰੀ** | **ਬਲੌਂਗੀ (ਮੋਹਾਲੀ) ਐਤਵਾਰ** |
| **2 ਫਰਵਰੀ** | **ਫਰੀਦਕੋਟ (ਟੀਚਰ ਕਲੋਨੀ)** |
| **3 ਫਰਵਰੀ** | **ਰਤਵਾੜਾ ਸਾਹਿਬ (ਪੂਰਨਮਾਸ਼ੀ)** |
| **4-5-6-7 ਫਰਵਰੀ** | **ਧਮੋਟ (ਜਨਮ ਅਸਥਾਨ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ)** |
| **8 ਫਰਵਰੀ** | **ਰਤਵਾੜਾ ਸਾਹਿਬ (ਐਤਵਾਰ)** |
| **9-10-11 ਫਰਵਰੀ** | **ਬਹਿਰਾਮ (ਦੁਆਬਾ)** |
| **10 ਫਰਵਰੀ (ਸਮਾਂ ਦਿਨੇ 10.30)** | **ਸੋਲਖੀਆਂ (ਨੇੜੇ ਕੁਰਾਲੀ)** |
| **12-13-14-15-16 ਫਰਵਰੀ ਪ੍ਰਦੇਸ਼)** | **ਯਾਦਗਾਰ ਗੁ. ਈਸ਼ਰ ਪ੍ਰਕਾਸ਼ ਵਰਿਆਮ ਸਰ ਅਸ਼ੋਕ ਨਗਰ (ਮੱਧ** |
| **15 ਫਰਵਰੀ** | **ਰਤਵਾੜਾ ਸਾਹਿਬ (ਐਤਵਾਰ)** |
| **17-18-19 ਫਰਵਰੀ** | **ਬੂੰਦੀ ਨੇੜੇ ਕੋਟਾ (ਰਾਜਸਥਾਨ)** |
| **20-21 ਫਰਵਰੀ** | **ਜਾਂਡਲਾ ਨੇੜੇ ਨਵਾਂ ਸ਼ਹਿਰ** |
| **22 ਫਰਵਰੀ** | **ਰਤਵਾੜਾ ਸਾਹਿਬ (ਐਤਵਾਰ)** |
| **23-24-25** | **ਮੈਗਲਗੰਜ (ਯੂ.ਪੀ)** |
| **26-27-28 ਫਰਵਰੀ** | **ਸਿਤਾਰਗੰਜ ਮੰਡੀ, ਉਤਰਾਖੰਡ** |

# ਗੁਰੂ ਮਾਨਿਓ ਗ੍ਰੰਥ

**ਬਾਬਾ ਲਖਬੀਰ ਸਿੰਘ ਜੀ ਵਲੋਂ ਸਾਲਾਨਾ ਸਮਾਗਮ ਦੇ ਪਹਿਲੇ ਦਿਨ (30 ਅਕਤੂਬਰ 2014) ਦੇ ਦੀਵਾਨ ਵਿਚ ਕੀਤੇ ਪ੍ਰਵਚਨ**

*(ਲੜੀ ਜੋੜਨ ਲਈ ਦੇਖ ਜਨਵਰੀ ਅੰਕ, ਪੰਨਾ- 45)*

ਟੁੱਟੀਆਂ ਰੂਹਾਂ ਨੂੰ ਨਾਮ ਨਾਲ, ਬਾਣੀ ਨਾਲ ਜੋੜਿਆ, ਸ਼ਬਦ ਗੁਰੂ ਨਾਲ ਜੋੜਿਆ। ਭਾਈ ਸਾਹਿਬ ਭਾਈ ਦਇਆ ਸਿੰਘ ਜੀ, ਇਨ੍ਹਾਂ ਤੋਂ ਬਾਅਦ ਹੋਏ ਨੇ ਬਾਬਾ ਸੋਭਾ ਸਿੰਘ ਜੀ, ਇਹ ਸੰਪਰਦਾ ਰਾੜਾ ਸਾਹਿਬ ਤੋਂ ਚੱਲ ਰਹੀ ਹੈ। ਵੈਸੇ ਤਾਂ ਇੱਕ ਮਹਾਂਪੁਰਸ਼ਾਂ ਦਾ ਜੀਵਨ ਹੀ ਬੇਅੰਤ ਹੈ। ਕਿਉਂਕਿ ਜਿਹੜੇ ਬੇਅੰਤ ਵਿਚ ਅਭੇਦ ਹੋ ਗਏ, ਉਹ ਆਪ ਬੇਅੰਤ ਹੋ ਜਾਂਦੇ ਹਨ। ਇੱਕ ਮਹਾਂਪੁਰਸ਼ਾਂ ਦਾ ਜੀਵਨ ਜਿਹੜਾ ਹੈ ਉਹ ਵੀ ਨਹੀਂ ਕੋਈ ਦਸ ਸਕਦਾ। ਕਿਵੇਂ ਮੇਰੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਹਿ ਰਹੇ ਨੇ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ - ੨੭੨*

ਹੋਰ ਤਾਂ ਕਿਸੇ ਨੇ ਕੀ, ਰੱਬ ਦੇ ਪਿਆਰਿਆਂ ਦੀ ਮਹਿਮਾਂ ਤਾਂ ਵੇਦ ਵੀ ਨਹੀਂ ਜਾਣ ਸਕਦੇ -

*ਧਾਰਨਾ - ਵੇਦ ਨਾ ਜਾਣਦੇ, ਮਹਿਮਾਂ ਸੰਤਾਂ ਦੀ।*

ਆਮ ਮਨੁੱਖ ਕੀ ਜਾਣ ਸਕਦਾ ਹੈ। ਆਪਾਂ ਉਨ੍ਹਾਂ ਦੇ ਜੀਵਨ ਨੂੰ ਨਮਸ਼ਕਾਰ ਕਰਨੀ ਹੈ। ਬਾਬਾ ਸੋਭਾ ਸਿੰਘ ਮਹਾਰਾਜ ਦੇ ਕੋਲ ਕੋਈ ਆਉਂਦਾ ਸੀ ਤਾਂ ਉਹ ਕਹਿੰਦੇ ਸੀ ਪਿਆਰਿਆ! ਬਾਣੀ ਨਾਲ ਜੁੜ ਜਾ। ਪਿਆਰਿਓ! ਮਹਾਂਪੁਰਸ਼ ਸੰਸਾਰ 'ਤੇ ਸਦਾ ਰਹਿੰਦੇ ਨੇ -

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥ ਅੰਗ - ੪੫੧*

ਕਦੀ ਸੰਸਾਰ ਖਾਲੀ ਨਹੀਂ ਹੁੰਦਾ। ਪਰ ਜਿਨ੍ਹਾਂ ਮਹਾਂਪੁਰਸ਼ਾਂ ਤੋਂ ਸਾਨੂੰ ਜੀਵਨ ਮਿਲਿਆ, ਜਿਵੇਂ ਗੁਰਬਾਣੀ ਦਾ ਫੁਰਮਾਨ ਹੈ -

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*
*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ*
*ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ ਅੰਗ - ੧੬੭*

ਮੇਰੇ ਧੰਨ ਗੁਰੂ ਰਾਮਦਾਸ ਮਹਾਰਾਜ ਕਿਵੇਂ ਵਡਿਆਈ ਕਰਦੇ ਨੇ ਆਪਣੇ ਸਤਿਗੁਰੂ ਦੀ। ਜਿਨ੍ਹਾਂ ਮਹਾਂਪੁਰਸ਼ਾਂ ਤੋਂ ਪਿਆਰਿਓ ਸਾਨੂੰ ਜੀਵਨ ਮਿਲਿਆ, ਉਥੇ ਫੇਰ ਆਪਣਾ ਸ਼ਬਦ ਵਰਤਦੇ ਹਾਂ, ਭਾਵ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼। ਬੇਅੰਤ ਬਚਨਾਂ ਵਿਚੋਂ ਉਨ੍ਹਾਂ ਦਾ ਬਚਨ ਹੈ ਬਾਣੀ ਦਾ ਲੜ ਨਹੀਂ ਛੱਡਣਾ। ਇਹ ਬਚਨ ਹੈ ਮਹਾਂਪੁਰਸ਼ਾਂ ਦਾ।

*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥ ਅੰਗ - ੬੬੧*

ਜੇ ਬਾਣੀ ਨਾਲ ਜੁੜ ਜਾਓਗੇ -

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਅੰਗ - ੯੨੨*

ਇਹ ਨਾਮ ਬਾਣੀ ਨੂੰ ਵਿਸਰ ਕੇ ਹੀ ਸਾਰੇ ਦੁੱਖ ਨੇ ਤੇ ਜੇ ਨਾਮ ਬਾਣੀ ਨਾਲ ਜੁੜ ਜਾਵਾਂਗੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਏਗਾ -

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪*

ਇਹ ਨਾਮ, ਇਹ ਬਾਣੀ, ਇਹ ਸ਼ਬਦ ਸਾਰੇ ਦੁੱਖਾਂ ਨੂੰ ਖਤਮ ਕਰ ਦਿੰਦਾ ਹੈ। ਮਹਾਂਪੁਰਸ਼ ਬਾਬਾ ਸੋਭਾ ਸਿੰਘ ਜੀ ਹਰ ਪ੍ਰੇਮੀ ਨੂੰ ਕਹਿੰਦੇ ਭਾਈ, ਜੇ ਦੁਖਾਂ ਤੋਂ ਬਰੀ ਹੋਣਾ ਹੈ, ਆਮ ਦੁਖ ਸਰੀਰ ਦੇ ਕੀ ਹਨ, ਜਿਹੜਾ ਸਭ ਤੋਂ ਵੱਡਾ ਦੁੱਖ ਹੈ -

*ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ॥*
*ਭਾਈ ਗੁਰਦਾਸ ਜੀ, ਵਾਰ ੧/੧*

ਉਹ ਦੁੱਖ ਵੀ ਦੂਰ ਹੋ ਜਾਏਗਾ -

*ਧਾਰਨਾ - ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,*
*ਬਾਣੀ ਸੱਚੇ ਸਤਿਗੁਰਾਂ ਦੀ।*

ਜਿਵੇਂ ਦਸਮ ਪਾਤਸ਼ਾਹ ਮਹਾਰਾਜ ਜੀ ਦੇ ਕੋਲ ਪ੍ਰੇਮੀ ਕੋਈ ਵੀ ਆਉਂਦਾ ਸੀ, ਸੱਚੇ ਪਾਤਸ਼ਾਹ! ਮੈਨੂੰ ਸਿੱਖੀ ਦੀ ਦਾਤ ਬਖਸ਼ੋ, ਨਾਮ ਦੀ ਦਾਤ ਬਖਸ਼ੋ ਤੇ ਸਾਹਿਬ ਕਹਿੰਦੇ ਸਨ ਕਿ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਨੂੰ ਬੇਨਤੀ ਕਰੋ ਤੇ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕੋ। ਉਸੇ ਤਰ੍ਹਾਂ ਬਾਬਾ ਸੋਭਾ ਸਿੰਘ ਜੀ, ਸਾਰੇ ਮਹਾਂਪੁਰਸ਼, ਨਾਮ ਬਾਣੀ ਨਾਲ ਜੋੜਦੇ ਹਨ। ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਾਠ ਦੀਆਂ ਤੋਪਾਂ ਚਲਾਈਆਂ ਸਨ। 12 ਮਿਸਲਾਂ ਵਿਚ ਸਰਦਾਰ ਵੰਡੇ ਹੋਏ ਸਨ, ਸਾਰਿਆਂ ਨੂੰ ਇਕੱਠਾ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਮਹਾਰਾਜਾ ਬਣਾਇਆ ਕਿ ਸਾਰੇ ਇਕੱਠੇ ਹੋਵੋ, ਐਨਾ ਪ੍ਰਤਾਪ ਸੀ ਬਾਬਾ ਸਾਹਿਬ ਸਿੰਘ ਜੀ ਦਾ। ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲਿਆਂ ਤੋਂ ਬਾਅਦ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ। ਹੁਣ ਬ੍ਰਹਮਗਿਆਨੀ ਮਹਾਂਪੁਰਸ਼ 22 ਸਾਲ ਦੀ ਉਮਰ ਦੇ ਵਜ਼ੀਰਾਬਾਦ ਚਲੇ ਗਏ। ਉਥੇ ਗਏ ਕਿੱਥੇ? ਇੱਕ ਵੇਸਵਾ ਦੇ ਗ੍ਰਹਿ ਚਲੇ ਗਏ। ਜਦੋਂ ਦਰਵਾਜ਼ੇ 'ਤੇ ਗਏ ਤੇ ਦ੍ਰਿਸ਼ਟੀ ਕੀਤੀ, ਜਦੋਂ ਉਸ ਵੇਸਵਾ ਨੇ ਰੱਬ ਦੇ ਪਿਆਰੇ ਦੇ ਦਰਸ਼ਨ ਕੀਤੇ, ਮਨ ਦੀ ਮੈਲ ਉਤਰ ਗਈ। ਨੇਤਰਾਂ 'ਚੋਂ ਛਮ-ਛਮ ਹੰਝੂ ਚੱਲ ਪਏ। ਮਹਾਂਪੁਰਸ਼ਾਂ ਨੇ, ਜਿਸਨੂੰ ਵੇਸਵਾ ਲੋਕ ਕਹਿੰਦੇ ਸੀ, ਪਾਪਣ ਕਹਿੰਦੇ ਸੀ, ਉਸਨੂੰ ਸਤਿਸੰਗਣ ਬਣਾ ਦਿਤਾ, ਸਾਧੂ ਬਣਾ ਦਿਤਾ।

ਬੇਨਤੀ ਕਰਾਂ ਕਦੇ ਕਿਸੇ ਸਤਿ ਪੁਰਸ਼, ਮਹਾਂਪੁਰਸ਼ ਦੀ ਰੀਸ ਨਾ ਕਰਿਓ। ਮਹਾਂਪੁਰਸ਼ ਚਲੇ ਗਏ ਤੇ ਅਸੀਂ ਵੀ ਚਲੇ ਜਾਈਏ। ਜੇ ਤੁਹਾਡੇ ਅੰਦਰ ਇਹ ਤਾਕਤ ਹੈ ਜਿਵੇਂ ਸਾਧੂ ਨੇ ਗਨਕਾ ਪਾਪਣ ਨੂੰ ਤਾਰ ਦਿਤਾ ਸੀ। ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਨੇ ਉਸ ਵੇਸਵਾ ਨੂੰ ਸਾਧੂ ਬਣਾ ਦਿਤਾ ਸੀ, ਫੇਰ ਤਾਂ ਜਾਓ। ਜੇ ਆਪ ਹੀ ਭੁੱਲ ਗਏ। ਫੇਰ ਰੀਸ ਨਾ ਕਰਿਓ।

*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥*
*ਅੰਗ - ੮੫*

ਰੱਬ ਦੇ ਪਿਆਰੇ ਜਿੱਥੇ ਜਾਂਦੇ ਨੇ, ਜੇ ਮੇਰੇ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਭੂਮੀਏ ਦੇ ਕੋਲ ਗਏ ਤੇ ਚੋਰ

ਨਾ ਰਿਹਾ ਉਹ ਭਾਈ ਭੂਮੀਆ ਬਣ ਗਿਆ। ਆਪ ਹੀ ਨਹੀਂ ਤਰਿਆ, ਤਾਰਨਹਾਰਾ ਬਣ ਗਿਆ। ਜੇ ਸੱਜਣ ਠੱਗ ਦੇ ਗਏ, ਉਹ ਠੱਗ ਨਾ ਰਿਹਾ, ਉਹ ਸੰਤ ਸੱਜਣ ਬਣ ਗਿਆ। ਇਸੇ ਤਰ੍ਹਾਂ ਜਿਹੜੇ ਓਸ ਗੁਰੂ ਦੇ ਵਿਚ ਅਭੇਦ ਗੁਰਮੁਖ ਤੇ ਮਹਾਂਪੁਰਸ਼ ਨੇ, ਇੱਕ ਤਾਂ ਉਹ ਉਸ ਅਵਸਥਾ ਦੇ ਮਾਲਕ ਨੇ –

*ਸਰਬ ਜੋਤਿ ਤੇਰੀ*
*ਪਸਰਿ ਰਹੀ ॥*
*ਜਹ ਜਹ ਦੇਖਾ*
*ਤਹ ਨਰਹਰੀ ॥* *ਅੰਗ– ੮੭੬*

ਉਹ ਉਸ ਅਵਸਥਾ ਦੇ ਮਾਲਕ ਨੇ –

*ਮਨ ਮੇਰੇ ਜਿਨਿ*
*ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ*
*ਬ੍ਰਹਮੁ ਪਛਾਤਾ ॥*
*ਅੰਗ– ੬੧੦*

ਆਪਣੇ ਮਹਾਂਪੁਰਸ਼ਾਂ ਦਾ ਬਚਨ ਹੈ ਕਿ ਭਾਈ! ਅਸੀਂ ਇੱਕੋ ਆਤਮਾ ਨੂੰ ਦੇਖਦੇ ਹਾਂ ਸਾਰਿਆਂ ਦੇ ਵਿਚ। ਤੁਸੀਂ ਸਰਵਣ ਕੀਤਾ ਹੈ ਦਾਸ ਤੋਂ ਪਹਿਲਾਂ –

*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ*
*ਕਾਹੇ ਕੂ ॥* *ਅੰਗ – ੧੨੯੧*

ਇਹ ਅਵਸਥਾ ਹੈ ਮਹਾਂਪੁਰਸ਼ਾਂ ਦੀ।

ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਨੇ ਇੱਕ ਦ੍ਰਿਸ਼ਟੀ ਕੀਤੀ, ਬ੍ਰਹਮਗਿਆਨੀ ਜੋ ਹੁੰਦੇ ਨੇ ਉਨ੍ਹਾਂ ਦੀ ਦ੍ਰਿਸ਼ਟੀ ਤੇ ਬਚਨਾਂ ਵਿਚੋਂ ਅੰਮ੍ਰਿਤ ਵਰਸਦਾ ਹੈ ਕਿਉਂਕਿ–

*ਪ੍ਰਭ ਜੀ ਬਸਹਿ ਸਾਧ ਕੀ*
*ਰਸਨਾ ॥*
*ਨਾਨਕ ਜਨ ਕਾ ਦਾਸਨਿ*
*ਦਸਨਾ ॥* *ਅੰਗ –*
*੨੬੩*

ਦ੍ਰਿਸ਼ਟੀ ਕੀਤੀ ਤੇ ਉਹ ਪਾਪਣ ਨਾ ਰਹੀ, ਵੇਸਵਾ ਨਾ ਰਹੀ। ਉਹ ਸਾਧੂ ਬਣ ਗਈ, ਐਸੇ ਮਹਾਂਪੁਰਸ਼ ਸਨ। ਬਾਬਾ ਭਾਗ ਸਿੰਘ ਕੁਰੀ ਵਾਲਿਆਂ ਤੋਂ ਬਾਅਦ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਹੋਏ। ਐਨਾ ਪ੍ਰਤਾਪ ਸੀ ਉਨ੍ਹਾਂ ਦਾ। ਬਾਬਾ ਬੀਰ ਸਿੰਘ ਜੀ ਦਾ ਛੋਟੀ ਉਮਰ ਦਾ ਜੀਵਨ ਪੜ੍ਹ ਕੇ ਦੇਖੀਏ ਤੇ ਜੇਕਰ ਭਰਾਵਾਂ ਨੇ ਭੇਜਿਆ ਕਿ ਜਾ ਕੇ ਖੂਹ ਦੀਆਂ ਟਿੰਡਾਂ ਲੈ ਕੇ ਆ ਤੇ ਜਿਹੜਾ ਪਰਜਾਪਤ ਸੀ ਉਹਨੇ ਮਸਤਕ ਦੇਖਿਆ ਕਹਿਣ ਲੱਗਿਆ ਬੀਰ ਸਿੰਘਾ! ਤੂੰ ਤਾਂ ਇੱਕ ਟਿੰਡ ਨਾਲ ਹੀ ਇਲਾਕਾ ਭਰ ਦਏਂਗਾ। ਕਹਿੰਦੇ, ਇੱਕੋ ਟਿੰਡ ਦੇ ਦਿਓ। ਇੱਕੋ ਟਿੰਡ ਗੱਡੇ 'ਤੇ ਰੱਖ ਕੇ ਲੈ ਆਏ। ਭਰਾ ਕਹਿੰਦੇ, ਨਿਕੰਮਾ ਹੀ ਨਿਕਲਿਆ ਤੂੰ, ਆਹ ਕੀ ਕੀਤਾ ਹੈ। ਕਹਿੰਦੇ, ਉਹਨੇ ਇੱਕੋ ਟਿੰਡ ਦਿਤੀ ਕਿ ਇੱਕ ਟਿੰਡ ਹੀ ਬੜੀ ਹੈ। ਕਹਿੰਦੇ ਫੇਰ ਭਰ ਦੇ ਖੇਤ। ਜਦੋਂ ਗੱਡੇ ਤੋਂ ਚੁੱਕ ਕੇ ਟਿੰਡ ਦੂਜੇ ਥਾਂ ਰੱਖੀ, ਐਨਾ ਬੱਦਲ ਆਇਆ, ਪਾਣੀ-ਪਾਣੀ ਹੋ ਗਿਆ। ਸਹਿਜ ਸੁਭਾਅ ਹੋ ਗਿਆ। ਜੇ ਕਿਹਾ ਬੀਰ ਸਿੰਘਾ! ਖੇਤ ਦੀ ਰਾਖੀ ਕਰ, ਆਹ ਪੰਛੀ ਮੱਕੀ ਨਾ ਖਾ ਜਾਣ, ਦੇਖਿਆ ਪੰਛੀ ਆਉਂਦੇ ਨੇ, ਦਾਣੇ ਤਾਂ ਖਾਂਦੇ ਨੇ, ਚੋਗ ਚੁਗਦੇ ਨੇ ਪਰ ਪਾਣੀ ਨਹੀਂ ਏਥੇ। ਉਹ ਜਿਹੜੀਆਂ ਕੱਚੇ ਭਾਂਡੇ ਦੀਆਂ ਬੱਬਰੀਆਂ, ਪਿਆਲਿਆਂ ਵਰਗੀਆਂ ਸੀ ਪਾਣੀ ਪਾ ਕੇ ਜਗ੍ਹਾ-ਜਗ੍ਹਾ ਟੰਗ ਦਿਤੀਆਂ। ਦਾਣੇ ਵੀ ਖਾਓ, ਪਾਣੀ ਵੀ ਇਥੋਂ ਪੀਓ। ਤਾਂਹੀ ਮਹਾਰਾਜ ਕਹਿੰਦੇ ਨੇ –

*ਭਗਤਾ ਤੈ ਸੈਸਾਰੀਆ*
*ਜੋੜੁ ਕਦੇ ਨ ਆਇਆ ॥*
*ਅੰਗ – ੧੪੫*

ਦੁਨੀਆਂ ਲੁਟ-ਲੁਟ ਕੇ ਘਰਾਂ ਨੂੰ ਲਿਆਉਂਦੀ ਹੈ ਤੇ ਰੱਬ ਦੇ ਪਿਆਰੇ ਆਪਣਾ ਸਭ ਕੁਛ ਦੂਸਰਿਆਂ ਵਾਸਤੇ ਲੁਟਾ ਦਿੰਦੇ ਹਨ, ਕਿਉਂਕਿ ਉਨ੍ਹਾਂ ਦੇ ਇਹ ਸਿੱਖ ਨੇ, ਉਨ੍ਹਾਂ ਦੇ ਪਿਆਰੇ ਨੇ ਜਿਹੜੇ ਗੁਰੂ ਨਾਨਕ ਸਾਹਿਬ, ਸੱਚੇ ਪਾਤਸ਼ਾਹ ਸਰੀਰ ਦੀ ਉਮਰ ਛੋਟੀ ਸੀ, ਜੋ ਘਰ 'ਚੋਂ ਮਿਲਦਾ ਹੈ ਬਾਹਰ ਵੰਡ ਆਉਂਦੇ ਨੇ। ਧੰਨ ਮਾਤਾ ਤ੍ਰਿਪਤਾ ਜੀ ਤੇ ਧੰਨ ਬਾਬਾ ਕਲਿਆਣ ਰਾਇ ਜੀ। ਕਹਿੰਦੇ ਇਹ ਜਿਹੜਾ ਹੁਣ ਇਸ ਤਰ੍ਹਾਂ ਕਰਦਾ ਹੈ, ਵੱਡਾ ਹੋ ਕੇ ਕੀ ਕਰੇਗਾ। ਦੁਨੀਆਂ ਬਾਹਰੋਂ ਘਰ ਨੂੰ ਲਿਆਂਦੀ ਹੈ, ਇਹ ਜੋ ਮਿਲਦਾ ਹੈ ਬਾਹਰ ਵੰਡ ਆਉਂਦਾ ਹੈ। ਸਾਧਸੰਗਤ ਜੀ! ਗੁਰੂ ਨਾਨਕ ਸਾਹਿਬ ਨੇ ਸਾਰੇ ਸੰਸਾਰ ਨੂੰ ਹੀ ਵੰਡਿਆ ਹੈ। ਉਸ ਗੁਰੂ ਨਾਨਕ ਦੇ ਜਿਹੜੇ ਪਿਆਰੇ ਨੇ, ਕਿਉਂਕਿ ਉਨ੍ਹਾਂ ਵਿਚ ਵੀ ਗੁਰੂ ਵਸਦਾ ਹੈ ਤੇ ਪੰਛੀਆਂ ਵਾਸਤੇ ਵੀ ਪਾਣੀ ਰੱਖ ਦਿਤਾ। ਜਦੋਂ ਐਸੇ ਕੰਮ ਦੇਖੇ ਮਾਂ ਨੇ। ਮਾਂ ਕਹਿਣ ਲੱਗੀ, ਬੀਰ ਸਿੰਘਾ! ਮੈਂ ਤੇਰਾ ਮੂੰਹ ਨਹੀਂ ਦੇਖਣਾ ਚਾਹੁੰਦੀ, ਤੂੰ ਤਾਂ ਕਮਾਈ ਨਹੀਂ ਕਰਦਾ। ਬਾਬਾ ਬੀਰ ਸਿੰਘ ਕਹਿਣ ਲੱਗੇ, ਅੱਛਾ ਮਾਂ! ਇਸ ਮੂੰਹ ਨੂੰ ਦੇਖਣ ਵਾਸਤੇ ਤਰਸਿਆ ਕਰੇਂਗੀ। ਚਲੇ ਗਏ ਸਭ ਕੁਛ ਛੱਡ ਕੇ। ਰੱਬ ਦੇ ਪਿਆਰਿਆਂ ਦੀ ਕਥਾ ਹੀ ਨਿਆਰੀ ਹੈ। ਉਹ ਬਾਬਾ ਬੀਰ ਸਿੰਘ ਨੇ ਕੁਰਬਾਨੀ ਦਿਤੀ ਪਿਆਰਿਓ! ਤੋਪਾਂ ਦੇ ਗੋਲੇ ਆਪਣੇ ਉਤੇ ਝੱਲੇ। ਪਰ ਕਿਹਾ ਕਿ ਉਹ ਜਦੋਂ



**ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ**
**ਰਾੜਾ ਸਾਹਿਬ**

ਆਉਣਗੇ ਲਾਹੌਰ ਤੋਂ ਤੇ ਤੁਸੀਂ ਉਨ੍ਹਾਂ ਦੇ ਬਰਾਬਰ ਜੰਗ ਨਾ ਕਰਿਓ, ਉਨ੍ਹਾਂ ਨੂੰ ਲੰਗਰ ਛਕਾਓ। ਕਿਤੇ ਕੜਾਹ ਪ੍ਰਸ਼ਾਦ, ਕਿਤੇ ਦਾਲਾਂ ਸਬਜ਼ੀਆਂ। ਬਾਬਾ ਜੀ ਸ਼ਹੀਦ ਹੋ ਗਏ ਤੇ ਲੰਗਰ ਉਨ੍ਹਾਂ ਨੂੰ ਛਕਾ ਰਹੇ ਨੇ ਜਿਨ੍ਹਾਂ ਨੇ ਤੋਪਾਂ ਦੇ ਗੋਲੇ ਚਲਾਏ ਸੀ। ਉਨ੍ਹਾਂ ਦੇ ਨੇਤਰਾਂ 'ਚੋਂ ਛਮ-ਛਮ ਹੰਝੂ ਚਲਦੇ ਨੇ। ਉਹ ਬਾਬਾ ਬੀਰ ਸਿੰਘ ਜੀ ਸਨ। ਉਨ੍ਹਾਂ ਦੇ ਨਾਲ ਬਾਬਾ ਮਹਾਰਾਜ ਸਿੰਘ ਜੀ। ਬਾਬਾ ਖੁਦਾ ਸਿੰਘ ਜੀ ਫੇਰ ਹੋਏ ਉਨ੍ਹਾਂ ਤੋਂ ਬਾਅਦ। ਬਾਬਾ ਖੁਦਾ ਸਿੰਘ ਜੀ ਦਾ ਨਾਮ ਬਾਬਾ ਜਸਵੰਤ ਸਿੰਘ ਸੀ ਪਰ ਉਹ ਜਿਹੜੇ ਪਠਾਣ ਸੀ, ਬਾਬਾ ਜੀ ਦਾ ਪ੍ਰਤਾਪ ਦੇਖ ਕੇ ਉਨ੍ਹਾਂ ਨੇ ਬਾਬਾ ਜੀ ਦਾ ਨਾਂ ਹੀ ਖੁਦਾ ਰੱਖ ਦਿਤਾ ਕਿ ਇਹ ਤਾਂ ਖੁਦਾਅ ਆ ਗਿਆ। ਨਾਂ ਹੀ ਪੈ ਗਿਆ ਬਾਬਾ ਖੁਦਾਅ ਸਿੰਘ। ਬਾਬਾ ਮਹਾਰਾਜ ਸਿੰਘ ਜੀ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਛੱਕੇ ਛੁਡਾ ਦਿਤੇ। ਜਦੋਂ ਸਾਰਿਆਂ ਨੇ ਸ਼ਸਤਰ ਰੱਖ ਦਿਤੇ ਸਨ, ਅੰਗਰੇਜ਼ ਅੱਗੇ ਤੇ ਬਾਬਾ ਮਹਾਰਾਜ ਸਿੰਘ ਜੀ ਨੇ ਹਥਿਆਰ ਨਹੀਂ ਸੁੱਟੇ। ਅਖੀਰ ਸਿੰਘਾਪੁਰ ਜਾ ਕੇ ਆਪ ਜੀ ਨੇ ਚੜ੍ਹਾਈ ਕੀਤੀ। ਐਸੇ ਸੂਰਮੇ ਯੋਧੇ ਹੋਏ ਨੇ। ਰਾੜਾ ਸਾਹਿਬ ਇੱਕ ਸੰਤ ਸਮਾਜ ਦੀ ਮੀਟਿੰਗ ਹੋਈ ਸੀ, ਆਪਣੇ ਮਹਾਂਪੁਰਸ਼ ਵੀ ਉਸ ਮੀਟਿੰਗ ਵਿਚ ਸਨ। ਡੇਢ ਸੌ ਦੇ ਕਰੀਬ ਦੂਰੋਂ ਨੇੜਿਓਂ ਚੱਲ ਕੇ ਮਹਾਂਪੁਰਸ਼ ਆਏ। ਉਥੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ, ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਕਹਿਣ ਲੱਗੇ ਕਿ ਅਸੀਂ ਤਾਂ ਸਮਝਦੇ ਸਾਂ ਕਿ ਇਹ ਢੋਲਕੀਆਂ ਚਿਮਟਿਆਂ ਵਾਲੇ, ਆਮ ਚਿੱਟੇ ਚੋਲੇ ਪਾਈ ਫਿਰਦੇ ਨੇ ਪਰ ਕਹਿੰਦੇ ਜਦੋਂ ਇਤਿਹਾਸ ਆਤਮ ਮਾਰਗ ਵਿਚ ਪੜ੍ਹਿਆ ਰਾੜਾ ਸਾਹਿਬ ਦੀ ਸੰਪਰਦਾ ਦਾ ਕਿ ਐਡੇ-ਐਡੇ ਸੂਰਮੇ, ਯੋਧੇ ਹੋਏ ਨੇ। ਬਾਬਾ ਸਾਹਿਬ ਸਿੰਘ ਵਰਗੇ ਤੇ ਬਾਬਾ ਮਹਾਰਾਜ ਸਿੰਘ ਜੀ ਵਰਗੇ, ਐਨਾ ਤਪ ਤੇ ਐਨੀ ਸੇਵਾ, ਐਨਾ ਸਿਮਰਨ, ਕਹਿੰਦੇ ਹੁਣ ਇਤਿਹਾਸ ਤੁਸੀਂ ਪੜ੍ਹਿਆ ਹੈ। ਬਾਬਾ ਮਹਾਰਾਜ ਸਿੰਘ ਜੀ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਵਿਰੱਕਤ ਹੋਏ ਨੇ। ਬਾਬਾ ਰਾਮ ਸਿੰਘ ਜੀ ਜਿੱਥੇ ਰਾਤ ਨੂੰ ਜਾਂਦੇ, ਤੜਕੇ ਉਥੋਂ ਚੱਲ ਪੈਂਦੇ ਕਿਉਂਕਿ ਮਗਰ ਫੜਨ ਵਾਲੇ ਚੜ੍ਹੇ ਹੋਏ ਸੀ। ਜਿਥੇ ਸਵੇਰੇ ਅੰਮ੍ਰਿਤ ਵੇਲੇ ਪਹੁੰਚਦੇ, ਉਥੋਂ ਸਵੇਰੇ ਚੱਲ ਪੈਂਦੇ। ਸਿੱਖੀ




**ਸੱਚਖੰਡਵਾਸੀ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਿਖੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਸਮਾਗਮ ਸਮੇਂ ਨਿਹਾਲ ਕਰਦੇ ਹੋਏ। "ਇੱਕ ਅਭੁੱਲ ਯਾਦ"**



**ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਪਰਮ ਸਤਿਕਾਰਯੋਗ ਬੀਜੀ ਜੀ (ਮਾਤਾ ਰਣਜੀਤ ਕੌਰ ਜੀ) ਰਤਵਾੜਾ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨ ਕਰਦੇ ਹੋਏ - "ਇੱਕ ਅਭੁੱਲ ਯਾਦ"**



**ਸੈਮੀਨਾਰ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਨਾਲ ਸਸ਼ੋਭਿਤ ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ, ਸੰਤ ਸੁਖਵੰਤ ਸਿੰਘ ਜਲੰਧਰ ਅਤੇ ਹੋਰ ਸੰਤ ਮਹਾਂਪੁਰਸ਼।**

*ਫਕੀਰਾ ਫਕੀਰੀ ਦੂਰ ਹੈ,*
*ਜਿੰਨੀ ਕੁ ਉਚੀ ਖਜੂਰ ਹੈ।*
*ਚੜ੍ਹ ਜਾਏ ਤੇ ਝੂਟੇ ਪ੍ਰੇਮ ਰਸ,*
*ਡਿੱਗ ਪਏ ਤੇ ਚਕਨਾ ਚੂਰ ਹੈ।*

ਇਹ ਜਿਹੜਾ ਰਸਤਾ ਹੈ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਇਹ ਰਸਤਾ ਬੜਾ ਔਖਾ ਹੈ। ਇਕ ਪਾਸੇ ਸੰਸਾਰ ਦੀਆਂ ਵਡਿਆਈਆਂ ਤੇ ਸੁੱਖ ਨੇ। ਇਕ ਪਾਸੇ ਗੁਰੂ ਨਾਨਕ ਸਾਹਿਬ ਦੇ ਘਰ ਦੀ ਫਕੀਰੀ ਹੈ। ਕਿਸੇ ਵੇਲੇ ਜੋੜਾ ਵੀ ਨਹੀਂ ਮਿਲਣਾ, ਦੁਨੀਆਂ ਨੇ ਤਾਅਨੇ-ਮਿਹਣੇ ਮਾਰਨੇ ਨੇ। ਜਿਵੇਂ ਧੰਨ ਗੁਰੂ ਅਮਰਦਾਸ ਮਹਾਰਾਜ ਜੀ ਨੂੰ ਕੀ ਕੁਝ ਨਹੀਂ ਸੀ ਸੰਸਾਰ ਨੇ ਕਿਹਾ। ਗੁਰੂ ਨਾਨਕ ਸਾਹਿਬ ਨੂੰ ਕੀ ਕੁਝ ਨਹੀਂ ਸੀ ਕਿਹਾ।

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥*
*ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥ ਅੰਗ- ੯੯੧*

ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਜਦੋਂ ਬਚਨ ਕੀਤੇ, ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਸੰਸਾਰ ਦੇ ਸੁਖ ਛੱਡ ਕੇ, ਗੁਰੂ ਨਾਨਕ ਸਾਹਿਬ ਦੇ ਘਰ ਦੀ ਫਕੀਰੀ ਧਾਰਨ ਕੀਤੀ।

*ਧਾਰਨਾ - ਬਾਬੇ ਮੱਲ ਲਈ ਫਕੀਰੀ ਰੱਬ ਦੀ,*
*ਦੁਨੀਆਂ ਦੇ ਸੁੱਖ ਛੱਡ ਕੇ।*

ਜਿੱਥੇ-ਜਿੱਥੇ ਵੀ ਸੰਸਾਰ ਵਿਚ ਗਏ, ਕੀਰਤਨ ਰਾਹੀਂ, ਦਾ ਪ੍ਰਚਾਰ ਕਰਦੇ। ਉਹ ਮਿਲੇ ਫੇਰ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੂੰ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਤੋਂ ਕਿੰਨੇ ਮਹਾਂਪੁਰਸ਼ ਬ੍ਰਹਮਗਿਆਨੀ ਹੋਏ। ਜਿੱਥੇ ਹੋਤੀ ਮਰਦਾਨ ਬਾਬਾ ਆਇਆ ਸਿੰਘ ਜੀ ਵਰਗੇ ਮਹਾਂਪੁਰਸ਼, ਉਥੋਂ ਹੋਤੀ ਮਰਦਾਨ ਤੋਂ ਹੀ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਹੋਏ। ਜਿਨ੍ਹਾਂ ਬਾਰੇ ਬਾਬਾ ਆਇਆ ਸਿੰਘ ਜੀ ਕਿਹਾ ਕਰਦੇ, ਜਿਹੜੀ ਸੰਗਤਾਂ ਉਥੇ ਜਾਂਦੀ, ਕਹਿਣਾ ਭਾਈ! ਤੁਸੀਂ ਰੇਰੂ ਸਾਹਿਬ ਉਨ੍ਹਾਂ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਲਿਆ ਕਰੋ, ਉਨ੍ਹਾਂ ਦੇ ਬਚਨ ਸੁਣੋ। ਸਹਿਜ ਸੁਭਾਅ ਕਹਿਣਾ ਕਿ ਉਹ ਤਾਂ ਸਾਡੇ ਤੋਂ ਵੀ ਕਮਾਈ 'ਚ ਅੱਗੇ ਨੇ। ਇਹ ਹੈ ਮਹਾਂਪੁਰਸ਼ਾਂ ਦੀ ਨਿਸ਼ਾਨੀ, ਕਹਿੰਦੇ ਉਹ ਤਾਂ ਸਾਡੇ ਤੋਂ ਵੀ ਕਮਾਈ 'ਚ ਅੱਗੇ ਨੇ। ਸੰਗਤਾਂ ਨੇ ਕਹਿਣਾ ਕਿ ਮਹਾਰਾਜ ਜੀ! ਤੁਸੀਂ ਕਿਹੜੇ ਘੱਟ ਹੋ? ਕਹਿੰਦੇ, ਨਹੀਂ ਭਾਈ! ਜਿੱਥੇ ਉਹ ਸੇਵਾ ਸਿਮਰਨ ਕਰਦੇ ਨੇ ਉਥੇ ਉਹ ਹੱਥੀਂ ਹਲ ਚਲਾ ਕੇ ਗੁਰੂ ਕੇ ਲੰਗਰ ਚਲਾਉਂਦੇ ਨੇ। ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਹਲ ਚਲਾ-ਚਲਾ ਕੇ ਅਸਥਾਨ ਦੇ ਨਾਂ ਜ਼ਮੀਨਾਂ ਲਵਾਈਆਂ। ਆਪ ਲੰਗਰ ਚਲਾਏ। ਉਨ੍ਹਾਂ ਮਹਾਂਪੁਰਸ਼ਾਂ ਤੋਂ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਹੋਏ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੂੰ ਜਦੋਂ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਲਕੀਰ ਖਿਚੀ, ਇੱਕ ਪਾਸੇ ਸਾਰੇ ਸੰਸਾਰ ਦੇ ਸੁਖ ਦੱਸੇ, ਇੱਕ ਪਾਸੇ ਫਕੀਰੀ ਦੱਸੀ।



**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੰਤ ਬਾਬਾ ਲਖਬੀਰ ਸਿੰਘ ਜੀ ਸੈਮੀਨਾਰ ਵਿੱਚ ਸੰਬੋਧਨ ਕਰਦੇ ਹੋਏ।**

ਪ੍ਰਵਚਨਾਂ ਰਾਹੀਂ, ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਨਾਲ ਉਨ੍ਹਾਂ ਨੇ ਸਭ ਨੂੰ ਜੋੜਿਆ। ਉਨ੍ਹਾਂ ਨਾਲ ਮਿਲਾਪ ਹੋਇਆ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ। ਭਾਵੇਂ ਹੋਰ ਵੀ ਕਈ ਕਰਨੀ ਕਮਾਈ ਵਾਲੇ ਮਹਾਂਪੁਰਖ ਮਿਲੇ ਪਰ ਇਹ ਦਰਗਾਹ ਤੋਂ ਸੰਜੋਗ ਹੁੰਦੇ ਨੇ। ਆਪ ਜੀ ਦੀ ਉਸ ਵੇਲੇ ਕਰੀਬ 16 ਕੁ ਸਾਲ ਦੀ ਉਮਰ ਹੁੰਦੀ ਸੀ। ਜਦੋਂ ਪਹਿਲਾ ਮਿਲਾਪ ਹੋਇਆ ਸੀ, ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਇਹ ਬਚਨ ਕੀਤਾ ਸੀ ਕਿ ਅੱਜ ਇੱਕ ਸੁਹਾਗਣ ਨੂੰ ਸੁਹਾਗਣ ਦਾ ਮਿਲਾਪ ਹੋਇਆ ਹੈ। ਹੁਣ ਆਪਣੇ ਮਹਾਂਪੁਰਸ਼ਾਂ ਨੇ ਉਹ ਫਕੀਰੀ ਧਾਰਨ ਕੀਤੀ ਜਦੋਂ ਸੰਨ 1973 ਦੇ ਵਿਚ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਯੂ.ਪੀ ਵਿਚ ਤਰਾਈ ਏਰੀਏ ਵਿਚ ਗਏ ਨੇ। ਹਾਪੜ ਤੇ ਮੁਰਾਦਾਬਾਦ ਤਾਂ ਜਾਂਦੇ ਹੀ ਰਹਿੰਦੇ ਸੀ। 1973 ਵਿਚ ਪਹਿਲੀ ਵਾਰ ਗਏ ਤਰਾਈ ਏਰੀਏ ਵਿਚ। ਮਹਾਂਪੁਰਸ਼ਾਂ ਦੇ ਫਾਰਮ 'ਤੇ ਖੜ੍ਹੇ ਹੋ ਕੇ, ਆਪ ਜੀ ਦਾ ਨਾਮ ਲੈ ਕੇ, ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਕਿਹਾ, ਫਕੀਰੀ ਤੇਰੀ, ਫਕੀਰੀ ਤੇਰੀ, ਫਕੀਰੀ ਤੇਰੀ।



**ਰਾੜਾ ਸਾਹਿਬ ਵਿਖੇ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੀ ਦਸਤਾਰਬੰਦੀ ਕਰਦੇ ਹੋਏ, ਪਵਿੱਤਰ ਤਖਤਾਂ ਦੇ ਜੱਥੇਦਾਰ ਸਾਹਿਬਾਨ ਅਤੇ ਸੰਤ ਮਹਾਂਪੁਰਸ਼**

ਹੁਣ ਮਹਾਂਪੁਰਸ਼ਾਂ ਨੇ ਕਿਵੇਂ ਪ੍ਰਚਾਰ ਕੀਤਾ, ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਬਾਣੀ ਦਾ ਇੱਕ ਬਚਨ ਆਉਂਦਾ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਬਾਰੇ।



**ਰਾੜਾ ਸਾਹਿਬ ਵਿਖੇ ਸੱਚਖੰਡਵਾਸੀ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਭੌਰਾ ਸਾਹਿਬ ਵਾਲਿਆਂ ਦੇ ਦਸ਼ਹਿਰੇ ਸਮਾਗਮ ਸਮੇਂ ਸੰਤ ਬਾਬਾ ਲਖਬੀਰ ਸਿੰਘ ਜੀ ਪ੍ਰਵਚਨ ਕਰਦੇ ਹੋਏ ਅਤੇ ਸਟੇਜ ਤੇ ਸਸ਼ੋਭਿਤ ਪੰਥ ਦੀਆਂ ਮਹਾਨ ਸਖਸ਼ੀਅਤਾਂ।**

*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।*

*ਭਾਈ ਗੁਰਦਾਸ ਜੀ, ਵਾਰ ੧/ ੨੪*

'ਉਦਾਸੀ' ਇਹ ਨਹੀਂ ਕਿ ਘਰ ਛੱਡ ਕੇ ਜੰਗਲਾਂ ਵਿਚ, ਪਹਾੜਾਂ ਵਿਚ ਚਲੇ ਜਾਣਾ। ਉਦਾਸੀ ਕੀ ਰੀਤ ਕਿਹੜੀ ਹੈ? –

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*

*ਅੰਗ – ੯੩੮*

*ਰੇ ਮਨ ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰ ਸਮਝਹੁ*
*ਮਨ ਹੀ ਮਾਹਿ ਉਦਾਸਾ॥*

*ਰਾਮਕਲੀ ਪਾਤਸ਼ਾਹੀ ੧੦*

ਸੰਸਾਰ ਵਿਚ ਵਿਚਰ ਕੇ ਆਪ ਜੀਆਂ ਨੇ ਟੁੱਟੀਆਂ ਰੂਹਾਂ ਨੂੰ ਜੋੜਿਆ। ਛੋਟੀ ਉਮਰ ਸਰੀਰ ਦੀ, ਜੇਕਰ ਆਪ ਜੀ ਸਿੰਧ ਵਿਚ ਗਏ, ਨਾਲ ਕਿਰਤ ਕੀਤੀ ਤੇ ਨਾਲ ਕੀਰਤਨ ਰਾਹੀਂ ਸੰਗਤਾਂ ਨੂੰ ਪ੍ਰਮੇਸ਼ਰ ਨਾਲ ਜੋੜਿਆ। ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ। ਗੁਰੂ ਘਰ ਦੇ ਅਮੋਲਕ ਗੁਣ

ਆਪ ਜੀ ਦੇ ਜੀਵਨ ਵਿਚੋਂ ਝਲਕਦੇ ਹਨ।

ਇੱਕ ਵਾਰੀ ਆਪ ਜੀ ਨੇ ਬਚਨ ਕੀਤਾ, ਬਠਿੰਡੇ ਲਾਗੇ ਸਰਵਿਸ ਵਾਸਤੇ ਗਏ ਸਨ। ਨਹਿਰ ਦੀ ਡਿਊਟੀ ਮਿਲ ਗਈ। ਜੇ ਨਹਿਰ ਦੀ ਡਿਊਟੀ ਮਿਲੀ ਕਿ ਨਹਿਰ ਦਾ ਪਾਣੀ ਪਿੰਡਾਂ ਦੇ ਟੋਬਿਆਂ ਨੂੰ ਦੇਣਾ ਹੈ। ਜਿਹੜਾ ਸੀਨੀਅਰ ਸੀ ਉਹਨੇ ਕਿਹਾ ਕਿ ਆਪਾਂ ਪੂਰਾ ਨਹੀਂ ਭਰਿਆ ਕਰਨਾ। ਥੋੜ੍ਹਾ ਭਰਨਾ ਹੈ। ਫੇਰ ਪੈਸੇ ਲੈਣੇ, ਉਪਰ ਤੱਕ ਦੇ ਦੇਣੇ। ਪਰ ਮਹਾਂਪੁਰਸ਼ਾਂ ਨੇ ਜਿੰਨਾਂ ਪਾਣੀ ਚਾਹੀਦਾ ਸੀ ਟੋਭੇ ਭਰ ਦਿਤੇ। ਨਗਰਾਂ ਵਾਲੇ, ਪਿੰਡਾਂ ਵਾਲੇ ਦੇਖਦੇ ਨੇ ਕਿ ਆਹ ਉਮਰ ਅਜੇ ਖਾਸ ਨਹੀਂ ਸਰੀਰ ਦੀ, ਦਿਲ ਕਰਦਾ ਹੈ ਦਰਸ਼ਨ ਕਰੀ ਜਾਈਏ। ਰੱਬ ਦੇ ਪਿਆਰੇ ਚਾਹੇ ਬਚਪਨ ਵਿਚ ਹੋਣ ਸਰੀਰ ਕਰਕੇ, ਚਾਹੇ ਜਵਾਨੀ ਵਿਚ ਹੋਣ, ਚਾਹੇ ਬਿਰਧ ਸਰੀਰ ਹੋਵੇ, ਉਹ ਸਦਾ ਹੀ ਸੋਹਣੇ ਲਗਦੇ ਨੇ। ਉਹ ਤਾਂ ਜਾਣ ਲੱਗਿਆਂ ਵੀ –

*ਸਾਹੇ ਬਧੇ ਸੋਹਦੇ ਮੈਲਾਪੜ ਪਰਵਾਣੁ ਪਰਾਣੀ।*

*ਭਾਈ ਗੁਰਦਾਸ ਜੀ, ੨੯/੧੨*

*ਗੁਰਮੁਖਿ ਹਸਦਾ ਜਾਇ ਅੰਤ ਨ ਰੋਈਐ॥*

*ਭਾਈ ਗੁਰਦਾਸ ਜੀ, ਵਾਰ ੧੯/੧੨*



**"ਇਕ ਅਭੁੱਲ ਯਾਦ" ਸੱਚਖੰਡਵਾਸੀ ਸ੍ਰੀ ਮਾਨ ਸੰਤ ਅਜੀਤ ਸਿੰਘ ਜੀ ਹੰਸਾਲੀ ਵਾਲੇ ਨਿਤਨੇਮ ਸਮੇਂ ਬਾਣੀ ਵਿੱਚ ਲੀਨ**

ਉਸ ਵੇਲੇ ਵੀ ਅਨੰਦ ਵਿਚ। ਸਰੀਰ ਦੀ ਉਮਰ ਅਜੇ ਛੋਟੀ ਹੈ, ਭਾਵ ਜਵਾਨੀ ਨੇ ਦਹਿਲੀਜ਼ਾਂ ਵਿਚ ਕਦਮ ਰੱਖਿਆ ਹੈ ਤੇ ਉਹ ਦੇਖਦੇ ਨੇ ਕਿ ਇਹ ਕੋਈ ਪੈਸਾ ਨਹੀਂ ਮੰਗ ਰਹੇ। ਮਹਾਂਪੁਰਸ਼ ਕਹਿੰਦੇ, ਅਸੀਂ ਕਿਹਾ ਕਿ ਪਾਣੀ ਵੀ ਰੱਬ ਦਾ, ਪਿੰਡਾਂ ਵਾਲੇ ਵੀ ਰੱਬ ਦੇ, ਇੱਥੇ ਦੂਜਾ ਹੈ ਕੀ? ਕਿਉਂਕਿ ਅੰਦਰ ਭਾਵਨਾ ਜਿਹੜੀ ਹੈ ਐਸੀ ਹੈ। ਇਹ ਨਹੀਂ ਕਿ ਉਨ੍ਹਾਂ ਨੂੰ ਜਵਾਨੀ ਵਿਚ ਜਾ ਕੇ ਬ੍ਰਹਮ ਗਿਆਨ ਹੋਇਆ ਜਾਂ ਬਿਰਧ ਅਵਸਥਾ ਵਿਚ ਹੋਇਆ। ਸਰੀਰ ਕਰਕੇ ਜਦੋਂ ਛੋਟੀ ਉਮਰ ਸੀ, ਉਸ ਵੇਲੇ ਤੋਂ ਹੀ ਉਹ ਬ੍ਰਹਮਗਿਆਨੀ ਸਨ। ਉਨ੍ਹਾਂ ਦੇ ਉਸ ਵੇਲੇ ਦੇ ਬਚਨ ਪੜ੍ਹੀਏ ਤੇ ਸੁਣੀਏ, ਆਹ ਅਵਸਥਾ ਹੈ ਆਪ ਜੀ ਦੀ –

*ਧਾਰਨਾ – ਇਕੋ ਜੋਤ ਦਾ ਪਸਾਰਾ ਸਾਰੇ ਜੱਗ 'ਤੇ,*
*ਰੂਪ ਵੱਖੋ-ਵੱਖ ਪਿਆਰਿਓ।*

*ਅਮਾਨ ਹੈਂ॥ ਨਿਧਾਨ ਹੈਂ॥*
*ਅਨੇਕ ਹੈਂ॥ ਫਿਰਿ ਏਕ ਹੈਂ॥*

*ਜਾਪੁ ਸਾਹਿਬ*

ਆਪ ਜੀ ਦੀ ਐਸੀ ਅਵਸਥਾ। ਸਿੰਧ ਵਿਚ ਗਏ ਤਾਂ, ਫੌਜ ਵਿਚ ਸਰਵਿਸ ਕੀਤੀ ਤਾਂ, ਸੈਕਟਰੀਏਟ ਸਰਵਿਸ ਕੀਤੀ, ਯੂ.ਪੀ ਵਿਚ ਆਪ ਜੀ ਨੇ ਜਿੱਥੇ ਫਾਰਮ ਦਾ ਕੰਮ ਸੰਭਾਲਿਆ ਹਰ ਥਾਂ ਗੁਰੂ ਨਾਨਕ ਸਾਹਿਬ ਦੇ ਘਰ ਦੀ ਸਿੱਖੀ ਦਾ ਪ੍ਰਚਾਰ ਕੀਤਾ। ਸਭ ਨੂੰ ਇੱਕ ਵਾਹਿਗੁਰੂ ਨਾਲ ਜੋੜਿਆ। ਹਰ ਮਜ਼੍ਹਬ ਦਾ, ਹਰ ਸੰਪਰਦਾ ਦਾ ਪ੍ਰੇਮੀ ਆਪ ਜੀ ਦੇ ਦੀਵਾਨਾਂ ਵਿਚ ਆਉਂਦਾ, ਝੋਲੀਆਂ ਭਰ ਕੇ ਲੈ ਕੇ ਜਾਂਦਾ। ਚੰਡੀਗੜ੍ਹ, ਰੋਪੜ ਵਿਚ ਆਏ ਤਾਂ ਪੰਜਾਬ-ਪੰਜਾਬ ਦੇ ਕੋਨੇ-ਕੋਨੇ, ਭਾਰਤ ਦੇ ਕੋਨੇ-ਕੋਨੇ ਮੁੰਬਈ ਆਦਿ ਗਏ। ਬਾਹਰਲੇ ਦੇਸ਼ਾਂ ਵਿਚ ਅਮਰੀਕਾ, ਕਨੇਡਾ, ਇੰਗਲੈਂਡ, ਹੋਰ ਕਈ ਜਗ੍ਹਾ ਜਿੱਥੇ-ਜਿੱਥੇ ਵੀ ਗਏ ਆਪ ਜੀ, ਆਪ ਜੀ ਨੇ ਸ਼ਬਦ ਗੁਰੂ ਦੇ ਲੜ ਲਾਇਆ ਸਾਰਿਆਂ ਨੂੰ।



**ਹੰਸਾਲੀ ਵਿਖੇ ਸੰਤ ਬਾਬਾ ਪਰਮਜੀਤ ਸਿੰਘ ਜੀ ਦੀ ਦਸਤਾਰਬੰਦੀ ਕਰਨ ਸਮੇਂ ਪੰਥ ਦੀਆਂ ਮਹਾਨ ਸਖਸ਼ੀਅਤਾਂ – ਸਿੰਘ ਸਾਹਿਬਾਨ ਅਤੇ ਸੰਤ ਮਹਾਂਪੁਰਸ਼**

ਆਓ! ਆਪ ਜੀ ਦੇ ਜੀਵਨ ਸਾਥੀ, ਸਾਡੇ ਮਾਤਾ ਜੀ, ਬੀਜੀ ਸਾਰੀ ਜ਼ਿੰਦਗੀ ਮੋਢੇ ਨਾਲ ਮੋਢਾ ਜੋੜ ਕੇ ਆਪ ਜੀ ਨੇ ਏਸ ਪ੍ਰਚਾਰ ਵਿਚ ਬਹੁਤ ਵੱਡਾ ਹਿੱਸਾ ਪਾਇਆ। ਆਪ ਜੀ ਨੇ ਉਨ੍ਹਾਂ ਨੂੰ ਰੱਬ



**ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਵਿੱਚ ਹੋਏ ਸਮਾਗਮ ਦੌਰਾਨ ਬਾਬਾ ਲਖਬੀਰ ਸਿੰਘ ਜੀ ਕੀਰਤਨ ਕਰਦੇ ਹੋਏ।**

*ਕਰਮ ਧਰਮ ਮਜੂਰੀ ਕਾਇਆ ਖੋਜੀ।*

ਉਨ੍ਹਾਂ ਨੇ ਆਪਣੇ ਅੰਦਰ ਦੀ ਖੋਜ ਕੀਤੀ, ਅੰਦਰ ਨੂੰ ਖੋਜਿਆ –

*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ ॥ ਅੰਗ– ੪੪੧*

ਜਿੱਥੇ ਭਾਈ ਲਾਲੋ ਜੀ ਦਾ ਐਸਾ ਜੀਵਨ, ਕਹਿੰਦੇ ਉਥੇ ਜਿਹੜੇ ਉਨ੍ਹਾਂ ਦੇ ਜੀਵਨ ਸਾਥੀ ਸੀ –

*ਤ੍ਰਿਅ ਤਾਕੀ ਬਡੀ ਸੁਜਾਨ।*

ਕਹਿੰਦੇ ਉਨ੍ਹਾਂ ਦੇ ਘਰੋਂ ਜਿਹੜੇ ਬੀਬੀ ਜੀ ਸਨ, ਉਨ੍ਹਾਂ ਦੇ ਜੀਵਨ ਸਾਥੀ ਸਨ ਬੜੇ ਹੀ ਸੁਘੜ ਸਿਆਣੇ ਸਨ। ਜਿਥੇ ਉਨ੍ਹਾਂ 'ਚ ਹੋਰ ਗੁਣ ਸਨ, ਉਥੇ ਉਨ੍ਹਾਂ ਦੇ ਅੰਦਰ ਵੱਡਾ ਗੁਣ ਇਹ ਵੀ ਸੀ, ਕਹਿੰਦੇ –

*ਭਰਤਾ ਕੋ ਜਾਨੈ ਭਗਵਾਨ।*

'ਭਰਤਾ' ਕਹਿੰਦੇ ਨੇ ਪਤੀ ਨੂੰ –

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥*
*ਅੰਗ – ੭੮੮*

ਐਸਾ ਗੁਣ ਸਤਿਕਾਰ ਯੋਗ ਬੀਜੀ ਦੇ ਅੰਦਰ ਵੀ ਸੀ –

*ਧਾਰਨਾ – ਓ ਜਾਣੇ ਭਗਵਾਨ ਜੀ ਪਤੀ ਪਿਆਰੇ ਨੂੰ ।*
*ਤ੍ਰਿਅ ਤਾਕੀ ਬਡੀ ਸੁਜਾਨ।*
*ਭਰਤਾ ਕੋ ਜਾਨੈ ਭਗਵਾਨ।*

ਭਗਵਾਨ ਰੂਪ ਕਰਕੇ, ਪਤੀ ਪ੍ਰਮੇਸ਼ਰ ਕਰਕੇ ਜਾਣਦੇ ਸੀ। ਆਪ ਜੀ ਦੇ ਪਿਤਾ, ਜਿਨ੍ਹਾਂ ਨੇ 8 ਸਾਲ ਪਹਿਲਾਂ ਆਪ ਜੀ ਦੇ ਸੰਸਾਰ ਤੇ ਆਉਣ ਤੋਂ ਪਹਿਲਾਂ ਰਿਸ਼ਤਾ ਕਰ ਦਿਤਾ ਸੀ। ਜਦੋਂ ਸਤਿਕਾਰਯੋਗ ਬੀਜੀ ਦੇ ਅਨੰਦ ਕਾਰਜ ਹੋਏ, ਮਹਾਂਪੁਰਸ਼ਾਂ ਦਾ ਬਚਨ ਹੈ ਕਿ ਤੁਹਾਡੇ ਬੀਬੀ ਜੀ ਨੇ ਆਹ ਬਚਨ ਸਾਡੇ ਤੋਂ ਲਿਆ। ਕੀ? ਧਿਆਨ ਦੇਣਾ, ਸਤਿਕਾਰਯੋਗ ਮਾਤਾ ਜੀ, ਬੀਜੀ ਇੱਕ ਥੋੜ੍ਹੇ ਅੱਖਰਾਂ ਵਿਚ, ਇਕ ਬਚਨ ਵਿਚ ਬਹੁਤ ਆ ਜਾਂਦਾ ਹੈ। ਮਹਾਂਪੁਰਸ਼ਾਂ ਦਾ ਬਚਨ ਹੈ ਕਿ ਤੁਹਾਡੇ ਬੀਬੀ ਜੀ ਨੇ ਸਾਡੇ ਤੋਂ ਇਕ ਬਚਨ ਲਿਆ ਕਿ ਤੁਸੀਂ ਹੁਣ ਭਾਵ ਸਾਧੂ, ਸੰਤ, ਮਹਾਂਪੁਰਸ਼ ਦੇ ਰੂਪ

ਰੂਪ ਸਮਝਿਆ।

ਇਕ ਜਗ੍ਹਾ ਇਕ ਵਿਦਵਾਨ ਲਿਖਦਾ ਹੈ ਜਦੋਂ ਅਸੀਂ ਭਾਈ ਲਾਲੋ ਜੀ ਦਾ ਇਤਿਹਾਸ ਪੜ੍ਹਦੇ ਹਾਂ ਕਿ ਗੁਰੂ ਨਾਨਕ ਸਾਹਿਬ ਮਹਾਰਾਜ ਨੇ ਭਾਈ ਲਾਲੋ ਜੀ ਨੂੰ ਵਡਿਆਈ ਦਿਤੀ ਹੈ। ਉਹ ਕਿਰਤੀ ਸਨ, ਨਾਮ ਜਪਦੇ ਸਨ, ਮਾਲਕ ਦੇ ਪਿਆਰ ਵਿਚ ਰੱਤੇ ਸਨ। ਉਥੇ ਇਕ ਵਿਦਵਾਨ ਲਿਖਦਾ ਹੈ ਕਿ ਜਿੱਥੇ ਭਾਈ ਲਾਲੋ ਜੀ ਰੱਬ ਦੇ ਪਿਆਰੇ ਤੇ ਉਨ੍ਹਾਂ ਦੇ ਘਰੋਂ ਜਿਹੜੀ ਬੀਬੀ ਸੀ, ਭਾਈ ਲਾਲੋ ਦੀ। ਕਹਿੰਦੇ, ਉਹ ਵੀ ਘੱਟ ਨਹੀਂ ਸੀ। ਲਿਖਦੇ ਕਹਿੰਦੇ ਕਿ –



**ਨਗਰ ਸੈਣੀਮਾਜਰਾ ਵਿਖੇ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਭਾਈ ਸੁਖਵਿੰਦਰ ਸਿੰਘ, ਭਾਈ ਕੁਲਵੀਰ ਸਿੰਘ ਅਤੇ ਰਤਵਾੜਾ ਸਾਹਿਬ ਦੇ ਸਿੰਘ**

*ਲਾਲੋ ਸਾਧ ਵੱਡਾ ਸੰਤੋਖੀ।*



**ਸੰਤ ਬਾਬਾ ਹਰਪਾਲ ਸਿੰਘ ਜੀ ਅਮਰੀਕਾ ਸਾਂਨਫਰਾਂਸਿਸਕੋ ਹਵਾਈ ਅੱਡੇ ਪਹੁੰਚਣ ਤੇ ਓਥੋਂ ਦੀ ਸੰਗਤ ਵੱਲੋਂ ਨਿੱਘਾ ਸਵਾਗਤ – ਇੱਕ ਦ੍ਰਿਸ਼।**

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*

*ਅੰਗ- ੯੮੨*

ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ! ਸੋ ਆਓ ਸਾਧਸੰਗਤ ਜੀ! ਹੁਣ ਸਮਾਂ ਇਜਾਜ਼ਤ ਨਹੀਂ ਦੇ ਰਿਹਾ। ਗੁਰ ਸਤੋਤਰ ਪੜ੍ਹ ਕੇ ਅਰਦਾਸ ਹੋਏਗੀ।

ਵਿਚ ਵਿਚਰ ਰਹੇ ਓ, ਚਾਹੇ ਉਮਰ ਛੋਟੀ ਹੈ, ਪਰ ਇਕ ਬਚਨ ਦਿਓ ਕਿ ਸਾਰਾ ਜੀਵਨ ਕਿਸੇ ਅੱਗੇ ਹੱਥ ਨਹੀਂ ਅੱਡਣਾ, ਮੰਗਣਾ ਨਹੀਂ। ਕਹਿੰਦੇ ਅਸੀਂ ਕਿਹਾ ਕਿ ਠੀਕ ਹੈ। ਸਾਰਾ ਜੀਵਨ ਕਿਰਤ ਕੀਤੀ, ਉਹਦੇ ਵਿਚ ਨਿਰਬਾਹ ਕੀਤਾ ਆਪਣਾ, ਉਹਦੇ ਵਿਚੋਂ ਵੰਡਦੇ ਰਹੇ। ਜੇ ਸੰਗਤਾਂ ਉਨ੍ਹਾਂ ਨੂੰ ਮਾਇਆ ਦਿੰਦੀਆਂ, ਕੋਠੀ ਅੰਦਰ ਨਹੀਂ ਸੀ ਜਾਣ ਦਿੰਦੇ ਬੀਜੀ। ਕਹਿੰਦੇ, ਚਲੋ ਪੌੜੀਆਂ ਕੋਲ ਹੀ ਜਗ੍ਹਾ ਦੇ ਦਿਓ। ਐਸਾ ਪਿਆਰ ਤੇ ਐਸਾ ਜੀਵਨ ਉਨ੍ਹਾਂ ਦਾ ਸੀ।

ਮੈਂ ਬੇਨਤੀ ਕਰ ਰਿਹਾ ਸੀ, ਇਸ ਸੰਪਰਦਾ ਦੇ ਮਹਾਂਪੁਰਸ਼ਾਂ ਦੇ ਬਾਰੇ। ਕਿੰਨੇ ਪਰਉਪਕਾਰ ਤੇ ਉਨ੍ਹਾਂ ਨੇ ਸਾਰਾ ਜੀਵਨ ਜੋ ਦਸਮ ਪਾਤਸ਼ਾਹ ਮਹਾਰਾਜ ਨੇ ਹਜ਼ੂਰ ਸਾਹਿਬ ਦੀ ਧਰਤੀ 'ਤੇ ਪੰਥ ਖਾਲਸੇ ਨੂੰ ਹੁਕਮ ਕੀਤਾ, ਬਚਨ ਕੀਤਾ ਓਹੀ ਉਸੇ ਤਰ੍ਹਾਂ ਇਨ੍ਹਾਂ ਸਾਰਿਆਂ ਮਹਾਂਪੁਰਖਾਂ ਨੇ ਨਾਮ ਬਾਣੀ ਨਾਲ ਸਾਰਿਆਂ ਨੂੰ ਜੋੜਿਆ, ਸੇਵਾ ਸਿਮਰਨ ਨਾਲ ਜੋੜਿਆ ਹੈ। ਸ਼ਬਦ ਗੁਰੂ ਦੇ ਲੜ ਲੱਗੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੋ, ਦਸਮ ਪਾਤਸ਼ਾਹ ਮਹਾਰਾਜ ਦੇ ਬਚਨ ਹਨ ਉਨ੍ਹਾਂ ਨੇ ਤਿੰਨ ਰੂਪ ਆਪਣੇ ਦੱਸੇ ਸਨ। ਫੇਰ ਬੇਨਤੀ ਅਗਲੇ ਦੀਵਾਨਾਂ ਵਿਚ ਹੋਏਗੀ। ਅਸੀਂ ਉਹ ਬਚਨ ਯਾਦ ਕਰਨੇ ਨੇ, ਮਹਾਂਪੁਰਸ਼ਾਂ ਦਾ ਜੀਵਨ ਬੇਅੰਤ ਹੈ, ਥੋੜ੍ਹੀ ਜਿਹੀ ਬੇਨਤੀ ਕੀਤੀ ਹੈ, ਉਨ੍ਹਾਂ ਨੇ ਸਾਨੂੰ ਦਸਮ ਪਾਤਸ਼ਾਹ ਦੇ ਜੋ ਹੁਕਮ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ –

*ਆਗਿਆ ਭਈ ਅਕਾਲ ਕੀ,*
*ਤਬੀ ਚਲਾਯੋ ਪੰਥ।*
*ਸਭ ਸਿੱਖਨਿ ਕੋ ਹੁਕਮ ਹੈ*
*ਗੁਰੂ ਮਾਨਿਓ ਗ੍ਰੰਥ॥*

ਐਸੇ ਸਤਿਗੁਰੂ, ਜਿਹੜੇ ਸੰਸਾਰ ਤੇ ਕੋਈ ਹੋਰ ਸਤਿਗੁਰੂ ਹੋ ਨਹੀਂ ਸਕਦੇ। ਇਹ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ, ਦਾਤਿਆਂ ਦੇ ਦਾਤੇ, ਪੀਰਾਂ ਦੇ ਪੀਰ, ਗੁਰੂਆਂ ਦੇ ਗੁਰੂ ਹਨ।

*ਧਾਰਨਾ –* *ਐਸਾ ਗੁਰੂ ਨਾ ਜਗਤ ਵਿਚ ਹੋਣਾ,*
*ਜਿਹਦੇ ਲੜ ਲਾਇਆ ਖਾਲਸਾ।*



**ਸੰਤ ਬਾਬਾ ਹਰਪਾਲ ਸਿੰਘ ਜੀ ਗੁਰਦੁਆਰਾ ਬਿਕਰਸਫੀਲਡ ਅਮਰੀਕਾ ਵਿਖੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।**

# ਭਗਤ ਰਵਿਦਾਸ ਜੀ

*ਸੰਤ ਹਰਪਾਲ ਸਿੰਘ ਜੀ*

**ਸੰਤ ਬਾਬਾ ਹਰਪਾਲ ਸਿੰਘ ਜੀ ਸੈਨਹੋਜ਼ੇ (ਅਮਰੀਕਾ)**
**ਵਿਖੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।**







*ਆਪਿ ਮੁਕਤੁ*
*ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ*
*ਨਮਸਕਾਰੁ ॥ ਅੰਗ - ੨੯੫*

*ਹਮ ਸਰਿ ਦੀਨੁ ਦਇਆਲੁ*
*ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ*
*ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ*
*ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ*
*ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ -*
*੬੯੪*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ*
*ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*
*ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ॥ ਅੰਗ - ੧੫੬*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਅੱਜ ਇਸ ਪਵਿੱਤਰ ਪਾਵਨ ਅਸਥਾਨ 'ਤੇ ਧੰਨ-ਧੰਨ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ, ਪੂਰਨਮਾਸ਼ੀ ਦੀ ਰੈਣ-ਸਬਾਈ, ਮਹਾਂਪੁਰਸ਼ ਧੰਨ-ਧੰਨ ਬਾਬਾ ਖੁਦਾ ਸਿੰਘ ਜੀ ਮਹਾਰਾਜ ਜਿਨ੍ਹਾਂ ਦੇ ਇਹ ਅਸਥਾਨ ਨਿਰਮਲ ਡੇਰਾ ਹਿਰਦਾਪੁਰ ਵਿਖੇ, ਸਾਨੂੰ ਸਾਰਿਆਂ ਨੂੰ ਗੁਰੂ ਚਰਨਾਂ ਨਾਲ ਜੁੜ ਬੈਠਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਭਾਗਾਂ ਵਾਲੇ ਹੋ, ਜਿਹੜੇ ਦੂਰ-ਦਰਾਜ਼ ਤੋਂ, ਐਨੇ ਖਰਾਬ ਮੌਸਮ ਦੇ ਵਿਚ, ਜਦੋਂ ਕਿ ਠੰਢ ਬਹੁਤ ਪੈ ਰਹੀ ਹੈ -

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ*

*ਦੇਖਣ ਜਾਈ ॥* *ਅੰਗ - ੭੫੨*

ਫਿਰ ਵੀ ਇਸ ਪਾਵਨ ਅਸਥਾਨ 'ਤੇ ਨੇਮ ਨਿਭਾਉਣ ਵਾਸਤੇ, ਆਪ ਜੀ ਦੂਰੋਂ-ਨੇੜਿਓਂ ਪਹੁੰਚੇ ਹੋਂ। ਆਓ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ - ਸਤਿਨਾਮ ਸ੍ਰੀ ਵਾਹਿਗੁਰੂ।

ਕਿਉਂਕਿ ਚੰਗੇ ਭਾਗਾਂ ਤੋਂ ਬਿਨਾਂ ਸਤਿਸੰਗ ਐਸਾ ਮਿਲਦਾ ਨਹੀਂ। ਪਹਿਲਾਂ ਤਾਂ ਐਸਾ ਪਵਿੱਤਰ ਅਸਥਾਨ, ਜੋ ਆਬਾਦੀ ਤੋਂ ਦੂਰ, ਬਹੁਤ ਹੀ ਇਕਾਂਤ ਅਸਥਾਨ, ਮਹਾਂਪੁਰਸ਼ਾਂ ਦੇ ਚਰਨਾਂ ਨਾਲ ਚਾਰਜ ਕੀਤੀ ਧਰਤੀ 'ਤੇ ਐਸਾ ਸਤਿਸੰਗ ਮਿਲ ਜਾਣਾ ਸਾਡੇ ਸਾਰਿਆਂ ਦੇ, ਚੰਗੇ ਭਾਗਾਂ ਦੀ ਨਿਸ਼ਾਨੀ ਹੈ ਤੇ ਤੁਸੀਂ ਆਪਣਾ ਸਮਾਂ ਦਿਤਾ, ਕਿੰਨੀ-ਕਿੰਨੀ ਦੂਰ ਤੋਂ ਚੱਲ ਕੇ ਆਏ। ਇਸ ਧਰਤੀ 'ਤੇ ਆ ਕੇ ਸਤਿਪੁਰਸ਼ਾਂ ਤੋਂ ਵਰੋਸਾਈ ਧਰਤੀ 'ਤੇ, ਜਿਥੇ ਉਨ੍ਹਾਂ ਨੇ ਮਹਾਨ ਤਪ ਕੀਤਾ। ਇਸ ਧਰਤੀ ਨੂੰ ਸੇਵਾ ਤੇ ਸਿਮਰਨ ਦੇ ਨਾਲ ਵਰੋਸਾਇਆ। ਸੋ ਇਸ ਪਵਿੱਤਰ ਚਰਨ ਧੂੜ ਦੇ ਵਿਚ ਇਸ਼ਨਾਨ ਕਰਨ ਦਾ ਵਰ ਪ੍ਰਾਪਤ ਹੋ ਰਿਹਾ ਹੈ। ਇਹ ਮਾਘ ਦੀ ਪੁੰਨਿਆ ਜੋ ਕਿ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਹੈ, ਕਿਉਂਕਿ ਉਸ ਦਿਨ ਇਹ ਪੁੰਨਿਆ ਦੇ ਦਿਹਾੜੇ 'ਤੇ 1376 ਈਸਵੀ ਬਨਾਰਸ ਦੇ ਨੇੜੇ, ਤਰਨਾਰਥਲ ਤਲਾਅ ਦੇ ਕੋਲ, ਆਸ-ਪਾਸ ਸਰੀਰ ਦਾ ਜਨਮ ਹੋਇਆ। ਪਿਤਾ ਰਘੂ ਜੀ ਸਨ, ਸੰਤੋਖਦਾਸ ਵੀ ਲਿਖਿਆ ਹੈ, ਇਸ ਤਰ੍ਹਾਂ ਦੇ ਨਾਲ ਆਪ ਜੀ ਓਥੇ ਪ੍ਰਗਟ ਹੋਏ-

*ਜਿਸੁ ਨੀਚ ਕਉ ਕੋਈ ਨ ਜਾਨੈ ॥ ਅੰਗ - ੩੮੯*

ਜਿਹਨੂੰ ਨੀਚ ਕਹਿੰਦੇ ਸਨ, ਨੀਵੀਂ ਜਾਤ, ਉਨ੍ਹਾਂ ਦਿਨਾਂ 'ਚ ਜਾਤ ਪਾਤ ਦਾ ਬਹੁਤ ਚਲਦਾ ਸੀ, ਹੁਣ ਵੀ ਚਲਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹਨ, ਉਨ੍ਹਾਂ ਦੇ 40 ਸ਼ਬਦ ਨੇ, 16 ਰਾਗਾਂ ਦੇ ਵਿਚ। ਇਸ ਕਰਕੇ ਗੁਰੂ ਕਹਿ ਲਓ, ਭਗਤ ਕਹਿ ਲਓ, ਕੁਛ ਵੀ ਕਹਿ ਲਓ ਕਿਉਂਕਿ ਆਮ ਇਨਸਾਨ ਅੱਗੇ ਚਲਦਾ ਹੀ ਨਹੀਂ, ਇਨ੍ਹਾਂ ਸ਼ਬਦਾਂ ਦੇ ਵਿਚ ਇਥੇ ਹੀ ਫਸ ਕੇ ਰੁਕ ਜਾਂਦਾ ਹੈ। ਇਸ ਕਰਕੇ ਉਹ ਗੁਰੂ ਦਾ ਰੂਪ ਬਣੇ ਬੈਠੇ ਹਨ, ਜਿਥੇ ਅਸੀਂ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਨੂੰ ਨਮਸ਼ਕਾਰ ਕਰਦੇ ਹਾਂ, ਭਗਤ ਬਾਣੀ, ਭਗਤ ਰਵਿਦਾਸ ਜੀ ਦੀ, ਕਿਉਂਕਿ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ - ੯੮੨*

ਉਸ ਨੂੰ ਅਸੀਂ ਨਮਸ਼ਕਾਰ ਕਰਦੇ ਹਾਂ ਤੇ ਸਾਡਾ ਜਿਹੜਾ ਸਿਧਾਂਤ ਹੈ। ਹੁਣੇ ਤੁਸੀਂ ਸੁਣ ਰਹੇ ਸੀ ਕਿ ਧੰਨ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਸਾਡੇ ਇਸ਼ਟ ਹਨ, ਸਾਡੇ ਵਾਸਤੇ light house (ਚਾਨਣ ਮੁਨਾਰਾ) ਹਨ -

*ਗੁਰਬਾਣੀ ਇਸੁ ਜਗ ਮਹਿ ਚਾਨਣੁ ....॥* *ਅੰਗ - ੬੭*

ਅਸੀਂ ਜੀਵਨ ਦਾ ਪੰਧ, ਇਹ ਰਸਤਾ, ਇਹ ਪੂਰਾ ਅਪਨਾਉਣਾ ਹੈ ਕਿ -

*ਪੂਜਾ ਅਕਾਲ ਕੀ, ਦੀਦਾਰ ਖਾਲਸੇ ਕਾ, ਪਰਚਾ ਸ਼ਬਦ ਕਾ।*

ਸੋ ਇਸ ਕਰਕੇ ਬਾਣੀ ਭਾਵੇਂ ਕਿਸੇ ਦੇ ਰਾਹੀਂ ਆਈ, ਕਿਸੇ ਸਰੀਰ ਰਾਹੀਂ ਆਈ, ਭਗਤਾਂ ਰਾਹੀਂ, ਭੱਟਾਂ ਰਾਹੀਂ, ਗੁਰਸਿੱਖਾਂ ਰਾਹੀਂ, ਗੁਰੂਆਂ ਰਾਹੀਂ; ਪਰ ਹੈ ਤਾਂ ਇਹ ਸਾਰੇ ਹੀ ਬਾਣੀ, ***'ਧੁਰ ਕੀ ਬਾਣੀ ਆਈ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*** (ਅੰਗ-628)

ਜਦੋਂ ਮਰਦਾਨੇ ਨੂੰ ਕਹਿੰਦੇ ਨੇ ਗੁਰੂ ਨਾਨਕ ਪਾਤਸ਼ਾਹ ਤਾਂ ਇਹ ਕਹਿੰਦੇ ਹਨ ਕਿ ਬਾਣੀ ਆਈ ਹੈ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥* *ਅੰਗ - ੬੨੮*

ਸੋ ਆਪ ਜੀ ਨੇ ਉਸ ਨੀਚ ਜਾਤ, ਕਿਉਂਕਿ ਜਾਤ ਦਾ ਇਹ ਹੁੰਦਾ ਹੈ ਕਿ ਕਿਰਤ ਦੇ ਨਾਲ ਜਾਤ ਦਾ ਨਾਮ ਪੈ ਗਿਆ। ਪਰ ਇਥੇ ਪਾਤਸ਼ਾਹ ਕਹਿ ਰਹੇ ਨੇ -

*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥*
*ਅੰਗ - ੧੩੩੦*

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*
*ਅਕਲ ਕਲਾ ਭਰਪੂਰਿ ਰਹਿਆ ॥*
*ਤੂੰ ਸਚਾ ਸਾਹਿਬੁ ਸਿਫਤਿ ਸੁਆਲਿ੍ਉ*
*ਜਿਨਿ ਕੀਤੀ ਸੋ ਪਾਰਿ ਪਇਆ ॥* *ਅੰਗ - ੪੬੯*

ਹੈ ਤਾਂ ਸਾਰਿਆਂ 'ਚ ਉਹੀ ਜੋਤਿ। ਜਿਹਨੂੰ ਸਿਫਤ ਬਖਸ਼ ਦਿਤੀ -

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥* *ਅੰਗ - ੫*

ਆਪ ਜੀ ਦੇ ਜਨਮ ਤੋਂ ਹੀ, ਕਿਉਂਕਿ ਕੌਤਕ ਨਿਆਰੇ ਸਨ। ਆਪ ਕੋਲ ਆਪ ਰਾਮਾਨੰਦ ਗੁਰੂ ਚੱਲ ਕੇ ਆਇਆ, ਗੁਰੂ ਮੰਤ੍ਰ ਦੇਣ। ਕਦੇ ਕੋਈ ਖੂਹ ਪਿਆਸੇ ਕੋਲ ਜਾਂਦਾ ਹੈ। ਐਨਾ ਆਪ ਜੀ ਦਾ ਤਪ ਸੀ। ਕਿਉਂਕਿ ਭਗਤ ਰਵਿਦਾਸ ਜੀ, ਰਾਮਾਨੰਦ ਆਪਣੀ ਮਾਣ ਮਰਿਯਾਦਾ ਛੱਡ ਕੇ ਆਪ ਗੁਰੂਮੰਤ੍ਰ ਦੇਣ ਜਾਂਦੇ ਨੇ। ਨਹੀਂ ਤਾਂ ਕਬੀਰ ਜੀ ਨੂੰ ਤਾਂ ਰਾਮਾਨੰਦ ਤੋਂ ਗੁਰਮੰਤ੍ਰ ਲੈਣ ਵਾਸਤੇ, ਜਿਥੇ ਉਹ ਗੰਗਾ 'ਚ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਜਾਂਦੇ। ਕਿਉਂਕਿ ਉਹ ਇਕ ਮਰਿਯਾਦਾ ਪੁਰਸ਼ੋਤਮ ਸਨ। ਉਥੇ ਉਨ੍ਹਾਂ ਨੇ ਕਬੀਰ ਜੀ ਨੂੰ ਮੰਤ੍ਰ ਦਿਤਾ ਕਿ 'ਉਠ ਰਾਮ ਕੇ ਕਹੁ ਰਾਮ' ਮੰਤਰ ਮਿਲ ਗਿਆ। ਇਸ ਤਰ੍ਹਾਂ ਦੇ ਨਾਲ ਹੁਣ ਆਪ ਜੀ ਕਮਾਈ ਕਰਦੇ ਨੇ ਤੇ ਉਹ ਕਮਾਈ ਐਸੀ ਕਰਦੇ ਨੇ ਕਿ ਆਹ ਜਿਹੜਾ ਜਨਮ ਹੈ ਕਿਸੇ ਹੋਰ ਕੰਮ ਵਾਸਤੇ ਨਹੀਂ-

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - ੧੨*

ਮਾਧਉ ਉਨ੍ਹਾਂ ਦਾ ਬੜਾ ਪਿਆਰਾ ਨਾਮ, ਉਹ ਪ੍ਰਮੇਸ਼ਰ ਵਾਸਤੇ, ਆਪਣੇ ਪਿਆਰੇ ਵਾਸਤੇ ਕੀ ਕਹਿ ਰਹੇ -

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥* *ਅੰਗ - ੬੯੪*

ਇੱਕੋ ਹੀ ਆਸ ਹੈ ਕਿ ਉਹ ਸਦਾ ਹੀ ਨਾਮ 'ਚ ਅਸਥਿਤ ਹਨ, ਨਾਮ ਨਾਲ ਜੁੜੇ ਹੋਏ ਹਨ। ਕੋਈ ਘਰ ਦੇ ਕੰਮ ਕਾਰ 'ਚ ਤਾਂ ਲਗਨ ਹੀ ਨਹੀਂ। ਫੇਰ ਆਪ ਜੀ ਦਾ ਛੋਟੀ ਉਮਰ ਦੇ ਵਿਚ ਵਿਆਹ ਕਰ ਦਿਤਾ। ਬੀਬੀ ਵੀ ਆਈ, ਸੰਜੋਗ ਵਸ ਉਹ ਵੀ ਨਾਮ 'ਚ ਰੰਗੀ ਰੂਹ। ਨਾਮ ਨਾਲ ਹੀ ਦੋਵੇਂ ਜੁੜੇ ਰਹਿੰਦੇ ਨੇ। ਘਰ ਦੇ ਕਹਿੰਦੇ ਨੇ ਕਿ ਕੰਮ ਨਹੀਂ ਕਰਦੇ, ਇਨ੍ਹਾਂ ਨੂੰ ਜੁਦਾ ਘਰ ਦਿਤਾ। ਆਪ ਚੁਰਸਤੇ ਦੇ ਉਤੇ ਇੱਕ ਕੁਟੀਆ ਬਣਾ ਲੈਂਦੇ ਨੇ, ਉਥੇ ਹੀ ਜਿਹੜੇ ਤੀਰਥ ਯਾਤਰੀ ਜਾਂ ਹੋਰ ਲੋਕ ਜਾਂਦੇ ਨੇ, ਪਿਤਾ

ਪੁਰਖੀ ਕਿੱਤਾ ਅਪਣਾਉਂਦੇ ਨੇ ਤੇ ਜੋੜੇ ਗੰਢਦੇ ਨੇ -

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*

*ਅੰਗ - ੪੮੭*

'ਢੋਰ' ਕਹਿੰਦੇ ਨੇ, ਮਰੇ ਹੋਏ ਜਾਨਵਰਾਂ ਨੂੰ ਚੁੱਕਣ ਵਾਲੇ ਨੂੰ। ਉਨ੍ਹਾਂ ਨੇ ਇਸ ਗੱਲ ਨੂੰ ਛੁਪਾਇਆ ਨਹੀਂ, ਕੀ ਹਾਂ। ਕਿਉਂਕਿ ਉਨ੍ਹਾਂ ਨੇ ਮਾਇਆ ਨੂੰ ਤਿਆਗਿਆ ਸੀ। ਜੋੜੇ ਗੰਢਦੇ ਹਨ, ਕੋਈ ਮਾਇਆ ਦੇ ਗਿਆ, ਨਾ ਦੇ ਗਿਆ, ਕੋਈ ਮੰਗ ਨਹੀਂ ਪਰ ਉਨ੍ਹਾਂ ਦਾ ਜੀਵਨ ਤਿਆਗ ਦਾ ਜੀਵਨ ਹੈ।

ਇਕ ਦਿਨ ਇਕ ਸਾਧੂ ਆਇਆ ਜੋ ਆਪ ਨੂੰ ਪਾਰਸ ਦੇ ਕੇ ਗਿਆ। ਜੋੜੇ ਗੰਢਣ ਵਾਲੀ ਆਰ ਜਿਸ ਨਾਲ ਤੋਪੇ ਲਾਉਂਦੇ ਹਨ, ਰੰਬੀ ਹੈ, ਉਨ੍ਹਾਂ ਨੂੰ ਲੋਹੇ ਦੇ ਨਾਲ ਜਦੋਂ ਲਾਉਂਦਾ ਤਾਂ ਕਹਿੰਦਾ ਇਹ ਤਾਂ ਸੋਨਾ ਬਣ ਗਿਆ, ਇਹ ਮੇਰੇ ਕਿਸ ਕੰਮ ਦਾ ਹੈ। ਹੁਣ ਕਹਿੰਦੇ -

*ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥*

*ਅੰਗ - ੬੫੯*

ਕਹਿੰਦੇ, ਇਹ ਤਾਂ ਇਹ ਗੱਲ ਹੋ ਗਈ।

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥*

*ਅੰਗ - ੧੩੭੭*

ਕਹਿੰਦੇ ਕਿਸ ਕੰਮ ਦਾ ਇਹ ਸੋਨਾ, ਮੈਂ ਤਾਂ ਕੰਮ ਤੋਂ ਵੀ ਗਿਆ ਆਇਆ, ਇਹ ਨਰਮ ਸੋਨਾ, ਇਹ ਤਾਂ ਹੁਣ ਚਮੜਾ ਵੀ ਨਹੀਂ ਕੱਟਦਾ। ਮਾਇਆ ਦਾ ਤਿਆਗ ਉਨ੍ਹਾਂ ਵਾਸਤੇ, ਮਾਇਆ ਤਿੰਨ ਕਾਲ ਹੋਈ ਹੀ ਨਹੀਂ। ਉਹ ਤਾਂ ਕਹਿੰਦੇ, ਅਸਲ ਜਨਮ ਜਿਹੜਾ ਹੀਰਾ ਹੈ, ਉਹ ਅਮੋਲਕ ਹੈ, ਇਹ ਮਾਨਸ ਜਨਮ ਹੈ - ਇਹ ਜਨਮ ਤੁਮਾਰੇ ਲੇਖੇ।' ਇਹ ਲੇਖੇ 'ਚ ਲਾਉਣ ਵਾਸਤੇ ਆਏ ਹਾਂ। ਧੰਨ ਕਮਾਉਣ ਵਾਸਤੇ, ਕਾਰੋਬਾਰ ਵਧਾਉਣ ਵਾਸਤੇ, ਲੋੜਾਂ ਵਧਾ ਲਈਆਂ। ਮੁਹਤਾਜਗੀ ਖਤਮ ਹੋ ਗਈ। ਬੇਮੁਹਤਾਜਗੀ ਮਿਲੀ ਹੈ ਜਿਹੜੇ ਸਿਮਰਨ 'ਚ ਜੁੜੇ ਰਹਿੰਦੇ ਨੇ, ਉਨ੍ਹਾਂ ਵਾਸਤੇ ਤਾਂ ਇਹ ਕੁਛ ਵੀ ਨਹੀਂ। ਉਹ ਤਾਂ ਇਸ ਪਾਸੇ ਵਲ ਧਿਆਨ ਹੀ ਨਹੀਂ ਦਿੰਦੇ। ਉਨ੍ਹਾਂ ਦੀ ਤਾਂ ਅੱਠੇ ਪਹਿਰ ਇਕੋ ਸਮਾਧ ਲੱਗੀ ਰਹਿੰਦੀ ਹੈ। ਸਮਾਧ ਅਸਥਿਤ ਹਨ। ਇੱਕ ਤਾਂ ਸਮਾਧ ਹੈ ਕਿਉਂਕਿ step by step (ਪਉੜੀ ਦਰ ਪਉੜੀ) ਇਹ ਪ੍ਰਾਪਤੀ ਹੈ। ਪਹਿਲਾਂ ਹੈ ਸਮ ਹੈ, ਦਮ ਹੈ, ਯਮ ਹੈ, ਨਿਯਮ ਹੈ। ਨੇਮ ਹੁੰਦੇ ਹਨ, ਇਨ੍ਹਾਂ ਦੇ ਦਸ-ਦਸ ਅੰਗ ਹਨ ਫਿਰ ਆਸਣ ਹੈ, ਪ੍ਰਤਿਹਾਰ ਹੈ, ਪ੍ਰਾਣਾਯਾਮ ਹੈ ਤੇ ਇਸ ਤੋਂ ਬਾਅਦ ਹੈ ਧਾਰਨਾ, ਧਿਆਨ ਤੇ ਸਮਾਧੀ। ਸਮਾਧੀ ਇਕ ਸਾ ਵਿਕਲਪ ਹੈ, ਉਹਦੇ ਵਿਚ ਸੰਕਲਪ ਨੇ। ਪਤਾ ਹੈ ਕਿ ਕਿੰਨੀ ਦੇਰ ਤੋਂ ਬੈਠੇ ਹਾਂ। ਇੱਕ ਨਿਰਵਿਕਲਪ ਸਮਾਧੀ ਹੈ ਜਿਸ ਵਿਚ ਦੇਸ, ਕਾਲ, ਵਸਤੂ ਹੈ ਹੀ ਨਹੀਂ, time and space (ਕਾਲ ਅਤੇ ਦੇਸ) ਦਾ ਪਤਾ ਹੀ ਨਹੀਂ ਕਿ ਕਿੰਨਾ ਸਮਾਂ ਹੋ ਗਿਆ। ਇਸ ਤਰ੍ਹਾਂ ਨਾਲ ਭਗਤ ਜੀ ਕੰਮ ਵੀ ਕਰਦੇ ਨੇ ਪਰ ਇਕ ਸਮਾਧ ਲੱਗੀ ਹੋਈ ਹੈ। ਪਰ ਉਹ ਸਮਾਧ ਐਸੀ ਹੈ, ਉਸਨੂੰ ਕਿਹਾ ਹੈ -

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥* *ਅੰਗ- ੧੦੬*

ਉਹ ਐਸੀ ਸਮਾਧ ਹੈ, ਨੇਤਰ ਖੁਲ੍ਹੇ ਨੇ, ਹੱਥ ਕੰਮ ਕਰ ਰਹੇ ਨੇ ਤੇ ਨਾਲ ਉਸ ਨਿਜ ਧਾਮ ਦੇ ਵਿਚ 'ਬੇਗਮਪੁਰਾ ਸਹਰ ਕੋ ਨਾਉ' ਉਸ ਸ਼ਹਿਰ ਦੇ ਵਾਸੀ ਹਨ। ਉਸ ਸ਼ਹਿਰ 'ਚ ਵਾਸ ਹੋ ਗਿਆ, ਉਸ ਨਾਮ 'ਚ ਨਿਵਾਸ ਹੋ ਗਿਆ, ਬਾਕੀ ਕੁਛ ਪਤਾ ਹੀ ਨਹੀਂ। ਹੁਣ ਉਹ ਸਾਧੂ ਸੀ ਉਸ ਕੋਲ ਵਿਦਿਆ ਸੀ ਪਾਰਸ ਤੋਂ ਸੋਨਾ ਬਣਾਉਣ ਦੀ। ਉਹ ਛੱਪਰ 'ਚ ਰੱਖ ਗਏ ਕਿ ਜਦੋਂ ਸਮਾਂ ਆਇਆ ਤਾਂ ਤੁਸੀਂ ਵਰਤ ਲੈਣਾ। ਵਾਪਸ ਆਏ ਉਹ ਸਾਧੂ ਤਾਂ ਆਪ ਨੇ ਤਾਂ ਵਰਤਿਆ ਹੀ ਨਹੀ ਪਾਰਸ, ਜਿਥੇ ਪਿਆ ਸੀ ਉਥੋਂ ਹੀ ਚੁੱਕ ਲੈ। ਉਨ੍ਹਾਂ ਸਾਮ੍ਹਣੇ ਤਾਂ -

*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥* *ਅੰਗ - ੨੭੫*

ਇਕ ਦਿਨ ਚਿਤੌੜਗੜ੍ਹ ਦੀ ਰਾਣੀ ਝਾਲਾਂ ਬਾਈ ਆਉਂਦੀ ਹੈ ਕਿ ਤੁਸੀਂ ਮੇਰੇ 'ਤੇ ਕ੍ਰਿਪਾ ਕਰੋ, ਗੁਰੂਮੰਤ੍ਰ ਦਿਓ।

ਗੁਰੂ ਕੋਲੋਂ ਸਭ ਮੰਤ੍ਰ ਹੀ ਮੰਗਦੇ ਹਨ, ਕਿਉਂਕਿ ਮੰਤ੍ਰ ਹੀ ਸਾਰੇ ਦੁਖ ਰੋਗ ਕੱਟਦਾ ਹੈ। ਬਨਾਰਸ ਸ਼ਹਿਰ ਦੇ ਵੱਡੇ-ਵੱਡੇ ਪੰਡਤ, ਕਾਸ਼ੀ ਦੇ ਪੰਡਤ ਸਾਰੇ ਇਸ ਗੱਲ ਤੋਂ ਈਰਖਾਵਾਦੀ ਹੋ ਜਾਂਦੇ ਹਨ ਕਿ ਇਕ ਨੀਵੀਂ ਜਾਤ ਦੇ ਕੋਲ ਜਾ ਕੇ, ਸਾਰਾ ਹੀ ਸ਼ਰ੍ਹਾ ਸ਼ਰਮ ਭੰਗ ਕਰ ਦਿਤਾ ਤੇ ਉਹਦੇ ਲੰਗਰਾਂ 'ਚ ਭਾਂਡੇ ਮਾਂਜਦੀ ਹੈ ਕਿਉਂਕਿ ਭਗਤ ਜੀ ਨੇ ਪਹਿਲਾਂ ਹੀ ਉਹਨੂੰ ਕਿਹਾ ਕਿ ਜੇ ਤੂੰ ਇਸ ਰਸਤੇ 'ਤੇ ਆਉਣਾ, ਇਨ੍ਹਾਂ ਗੱਲਾਂ ਦਾ ਤੈਨੂੰ ਟਾਕਰਾ ਕਰਨਾ ਹੈ। ਮੀਰਾ ਬਾਈ ਵੀ ਆਈ। ਮੀਰਾ ਬਾਈ ਨੇ ਤਾਂ ਕ੍ਰਿਸ਼ਨ ਨੂੰ ਆਪਣਾ ਪਤੀ ਮੰਨ ਲਿਆ ਸੀ। ਉਹਦਾ ਵਿਆਹ ਵੀ ਰਾਣੇ ਨਾਲ ਹੋ ਗਿਆ, ਉਹਨੇ ਉਸ ਦੀ ਪ੍ਰਵਾਹ ਨਹੀਂ ਕਰੀ। ਰਾਣਾ ਉਸਨੂੰ ਕਈ ਵਾਰੀ ਬਹੁਤ ਤੰਗ ਕਰਦਾ ਹੈ, ਕਈ ਵਾਰੀ ਉਹਨੂੰ ਜ਼ਹਿਰ ਵੀ ਭੇਜੀ, ਮੀਰਾ ਜ਼ਹਿਰ ਵੀ ਪੀ ਲੈਂਦੀ ਹੈ। ਹੁਣ ਉਹਦੇ ਉਤੇ ਇਨ੍ਹਾਂ ਚੀਜ਼ਾਂ ਦਾ ਕੋਈ ਅਸਰ ਨਹੀਂ ਹੁੰਦਾ।

ਕਹਿੰਦੇ, ਵੇਖੋ ਤੁਸੀਂ ਇਸ ਰਸਤੇ 'ਤੇ ਜੇ ਚੱਲਣਾ ਹੈ ਤਾਂ ਇਹ ਸਭ ਕਰਨਾ ਪੈਣਾ ਹੈ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- ੧੪੧੨*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ - ੧੧੦੨*

ਹੁਣ ਬੀਬੀ ਮੀਰਾ ਬਾਈ, ਐਨੀ ਸ਼ਰਾ-ਸ਼ਰਮ ਤੋਂ ਉੱਚੀ ਉੱਠ ਗਈ ਕਿਉਂਕਿ ਇਹ ਮੰਜ਼ਲ ਹੈ ਸ਼ਰਾ, ਸ਼ਰੀਅਤ, ਤਰੀਕਤ, ਹਕੀਕਤ, ਮਾਰਫਤ; ਹੁਣ ਇਕ ਤਾਂਤਰਿਕ ਆਉਂਦਾ ਹੈ ਜਿਹੜਾ ਅਹੰਬ੍ਰਹਮ ਅਸਵੀ ਹੈ, ਮੀਰਾ ਨੂੰ ਕਹਿੰਦਾ ਹੈ ਕਿ ਮੈਂ ਤੇਰਾ ਗਿਰਧਰ, ਮੈਂ ਤੇਰਾ ਪਤੀ ਹਾਂ, ਮੈਨੂੰ ਇਸ ਸਰੂਪ ਵਿਚ ਪ੍ਰਮੇਸ਼ਰ ਨੇ ਤੇਰੇ ਕੋਲ ਭੇਜਿਆ ਹੈ। ਕਹਿੰਦੀ, ਤੈਨੂੰ ਪ੍ਰਮੇਸ਼ਰ ਨੇ ਭੇਜਿਆ ਹੈ ਉਹ ਤਾਂ ਮੰਦ ਵਾਸ਼ਨਾ ਲੈ ਕੇ ਆਇਆ ਸੀ। ਭੇਖੀ ਸੀ, ਦੰਭੀ ਸੀ, ਪਾਖੰਡੀ ਸੀ। ਕਹਿੰਦੇ, ਫੇਰ ਪ੍ਰਮੇਸ਼ਰ ਤਾਂ ਸਾਰੇ ਹੀ ਹੈ। ਪਲੰਘ ਵਿਛਾ ਦਿਤਾ, ਉਸ 'ਤੇ ਬਿਠਾ ਦਿਤਾ, ਪਰ ਉਸ ਸਮੇਂ ਉਹ ਐਨਾ ਲੱਜਾਵਾਨ ਹੋਇਆ ਕਿ ਹੈਂ! ਐਸੀ ਮਾਰਫਤ, ਐਸੀ ਆਰਫ, ਐਸੀ ਰੂਹ,

ਜਿਸਨੂੰ ਕੁਛ ਹੈ ਹੀ ਨਹੀਂ। ਜਿਸਨੂੰ ਕੇਵਲ ਪ੍ਰਮੇਸ਼ਰ ਨਾਲ ਪਿਆਰ, ਪ੍ਰੇਮ। ਪ੍ਰੇਮ 'ਚ ਐਸੀਆਂ ਝਾਲਾਂਬਾਈ ਵਰਗੀਆਂ ਅਤੇ ਮੀਰਾ ਬਾਈ ਵਰਗੀਆਂ ਆਪ ਜੀ ਦੀਆਂ ਸੇਵਕ ਬਣ ਗਈਆਂ। ਭਾਵੇਂ ਕੋਈ ਕੁਝ ਕਹੀ ਜਾਵੇ -

*ਕੋਈ ਭਲਾ ਕਹਉ ਭਾਵੈ ਬੁਰਾ ਕਹਉ*
*ਹਮ ਤਨੁ ਦੀਓ ਹੈ ਡਾਰਿ ॥* ਅੰਗ- ੫੨੮

ਜਦੋਂ ਸਮਰਪਿਤ ਹੀ ਹੋ ਗਏ, ਫੇਰ ਕੋਈ ਕੁਛ ਕਹੀ ਜਾਵੇ, ਇਸ ਗੱਲ ਦੀ ਕੋਈ ਪਰਵਾਹ ਨਹੀਂ। ਕਿਉਂਕਿ ਜੇ ਸ਼ਰਾ 'ਚ ਹੈ ਤਾਂ ਐਸੀਆਂ ਚੀਜ਼ਾਂ ਨੇ ਲੋਕ ਲਾਜ ਹੈ। ਪਰ ਇਸਨੂੰ ਐਸੀ ਕਿਸੇ ਗੱਲ ਦੀ ਕੋਈ ਪਰਵਾਹ ਨਹੀਂ ਤੇ ਉਹ ਪ੍ਰੇਮ ਪਿਆਰ 'ਚ ਐਸੀਆਂ ਸੇਵਾਵਾਂ ਕਰਦੀਆਂ ਨੇ। ਹੁਣ ਸਮਾਂ ਚਲਦਾ ਜਾ ਰਿਹਾ ਹੈ, ਭਗਤ ਜੀ! ਐਸਾ ਕਰ ਰਹੇ ਨੇ -

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥*
ਅੰਗ - ੧੧੦੬

ਉਹ ਨੀਚ ਨੂੰ ਉੱਚਾ ਕਰ ਦਿੰਦਾ ਹੈ -

*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥*
ਅੰਗ- ੧੫

ਐਸੀ ਕ੍ਰਿਪਾ, ਬਖਸ਼ਿਸ਼, ਰਹਿਮਤ ਹੋ ਜਾਂਦੀ ਹੈ। ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਹੋ ਜਾਂਦੀ ਹੈ। ਇਹ ਸਾਰੀਆਂ ਜਿਹੜੀਆਂ ਅਵਸਥਾਵਾਂ ਹਨ ਕਦੋਂ ਤੱਕ ਐਸੀਆਂ ਅਵਸਥਾਵਾਂ ਦੀ ਉਡੀਕ ਹੁੰਦੀ ਹੈ। ਕਿਉਂਕਿ ਜਦੋਂ ਤਕ ਤਾਂ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
ਅੰਗ - ੬੫੭

ਜਦੋਂ ਤਾਂ ਮੈਂ ਹੈ, ਤੂੰ ਕਿੱਥੇ ਆ ਜਾਏਗੀ, ਜਦੋਂ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
ਅੰਗ - ੧੩੭੫

ਇਹ ਜਿਹੜਾ ਤੱਤਵ ਗਿਆਨ ਹੈ ਇਹ ਅਵਸਥਾ ਕਦੋਂ ਮਿਲਦੀ ਹੈ ਜਦੋਂ ਮੈਂ, ਤੂੰ 'ਚ ਤਬਦੀਲ ਹੋ ਜਾਏ। ਜਿਹਦਾ ਧਿਆਨ ਬਣ ਗਿਆ -

*ਜੈਸਾ ਸੇਵੈ ਤੈਸੋ ਹੋਇ ॥* ਅੰਗ - ੨੨੩

ਉਹ ਉਸ ਤਰ੍ਹਾਂ ਦਾ ਹੀ ਹੋ ਜਾਂਦਾ ਹੈ -

*ਜਹਾਂ ਆਸਾ ਤਹਾਂ ਵਾਸਾ।*

ਹੁਣ ਉਸ ਗੱਲ ਦੀ ਕੋਈ ਪਰਵਾਹ ਨਹੀਂ ਕੋਈ ਕੁਝ ਵੀ ਕਹੇ। ਮੰਜ਼ਲ-ਏ-ਤਲਾਸ਼, ਜਦੋਂ ਖੋਜ ਹੁੰਦੀ ਹੈ ਉਹਦੇ ਵਿਚ ਮਹਾਂਪੁਰਸ਼, ਦਿਲਾਂ ਦਾ ਮਹਿਰਮ, ਜਿਹਨੂੰ ਦਿਲ ਦਿਤਾ ਜਾਂਦਾ ਹੈ, ਦਿਲ ਦਾ ਸੌਦਾ ਜਿਸ ਨਾਲ ਹੁੰਦਾ ਹੈ, ਉਹ ਮਿਲ ਜਾਂਦਾ ਹੈ। ਉਹਨੂੰ ਮੰਜ਼ਲ-ਏ-ਤਲਾਸ਼ ਕਿਹਾ ਹੈ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
ਅੰਗ- ੧੧੦੨

ਉਹ ਪੱਕੇ ਕਿੰਨੇ ਨੇ, ਆਹ ਦੁਨੀਆਂ ਤਾਂ ਕੱਚੀ ਹੈ, ਇਹ ਤਾਂ ਛੱਡ ਜਾਏਗੀ ਸਾਥ -

*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
ਅੰਗ - ੧੧੦੨

ਉਹ ਤਾਂ ਮੋਇਆਂ 'ਤੇ ਵੀ ਸਾਥ ਨਿਭਾਉਂਦੇ ਹਨ। ਐਨੇ ਪੱਕੇ -

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥* ਅੰਗ - ੭੨੯

ਆਪ ਫੁਰਮਾਨ ਕਰਦੇ ਹਨ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥* ਅੰਗ - ੬੫੭

ਜਦੋਂ ਮੈਂ ਸੀ ਤੂੰ ਨਹੀਂ ਸੀ। ਜਦੋਂ ਤੂੰ ਹੋ ਗਿਆ ਫੇਰ ਮੈਂ ਨਹੀਂ ਤੇ ਮੈਂ ਤੇ ਤੂੰ ਦਾ ਐਨਾ ਹੀ ਫਰਕ ਹੈ। ਹੁਣ ਬੁੱਲੇਸ਼ਾਹ, ਅਨਾਇਤ ਸ਼ਾਹ ਕੋਲ ਜਾਂਦਾ ਹੈ। ਅਨਾਇਤ ਸ਼ਾਹ ਅਰਾਈਂ ਹੈਂ, ਨੀਵੀਂ ਜਾਤ ਹੈ, ਸਬਜ਼ੀਆਂ ਲਾਉਣ ਦੇ ਕੰਮ ਵਿਚ ਸੀ। ਬੁੱਲੇਸ਼ਾਹ ਸੱਯਦ ਸੀ ਮੁਹੰਮਦ ਸਾਹਿਬ ਦੀ ਜਾਤ 'ਚੋਂ। ਹੁਣ ਸਾਰੇ ਕਹਿੰਦੇ ਨੇ ਕਿ ਇਹ ਕਿੱਥੇ ਪਹੁੰਚ ਗਿਆ। ਉਹ ਪਿਆਜ ਲਾ ਰਹੇ ਸੀ। ਉਹ ਕਹਿੰਦੇ, ਬੁੱਲ੍ਹਿਆ! 'ਰੱਬ ਦਾ ਕੀ ਪਾਉਣਾ, ਏਧਰੋਂ ਪੁੱਟਣਾ ਏਧਰ ਲਾਉਣਾ।' ਆਹ ਜਿਵੇਂ ਚੁੱਕ ਕੇ ਪਨੀਰੀ ਏਧਰ ਲਾ ਦਿਤੀ। ਮਨ ਦਾ ਕੀ ਸਮਝਾਉਣਾ ਓਧਰੋਂ ਹਟਾਇਆ ਏਧਰ ਲਾਉਣਾ। ਛੋਟਾ ਜਿਹਾ ਨੁਕਤਾ, ਪ੍ਰੈਕਟੀਕਲ 'ਚ ਸਮਝਾ ਦਿਤਾ। ਫੇਰ ਬੁੱਲੇਸ਼ਾਹ ਨੇ ਕੋਈ ਪ੍ਰਵਾਹ ਨਹੀਂ ਕੀਤੀ। ਇਸੇ ਤਰ੍ਹਾਂ ਦੇ ਨਾਲ - ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ ਅਨਲ ਕਹਿੰਦੇ ਨੇ ਵਾਯੂ ਨੂੰ ਹਵਾ ਨੂੰ ਕਿ ਉਹ ਅਨਲ ਪੰਛੀ ਅਕਾਸ਼ ਵਿਚ ਰਹਿੰਦਾ ਹੈ। ਉਥੇ ਹੀ ਆਂਡੇ ਦਿੰਦਾ ਹੈ, ਬੱਚੇ ਪਾਲਦਾ ਹੈ। ਇਸ ਤਰ੍ਹਾਂ ਦੇ ਨਾਲ ਜਿਹੜਾ ਅਨਲ ਹੈ, ਵਾਯੂ ਹੈ ਪਾਣੀ ਦੇ ਵਿਚ ਇਹਦੇ ਨਾਲ ਤਰੰਗਾਂ ਉਠਦੀਆਂ ਨੇ - '***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥*** ' ਹੁਣ ਤਰੰਗ ਉਠਦੀ ਹੈ, ਲਗਦੀ ਹੈ ਕਿ ਪਾਣੀ ਤੋਂ ਅਲੱਗ ਹੈ। ਪਰ ਹੈ ਤਾਂ ਪਾਣੀ ਹੀ - 'ਕਨਕ ਕਟਿਕ' ਜਿਵੇਂ ਸੋਨੇ ਦਾ ਕੜਾ ਬਣਦਾ ਹੈ, ਸੋਨੇ ਤੋਂ ਬਣਿਆ ਕੋਈ ਗਹਿਣਾ, ਉਹਦੇ ਵਿਚ ਕੋਈ ਫਰਕ ਨਹੀਂ। ਪਰ ਅਸੀਂ ਇਥੇ ਕਹਿੰਦੇ ਹਾਂ - 'ਭੂਲਿ ਪਰੇ' ਭੁੱਲ ਗਏ ਹਾਂ। ਉਸਨੂੰ ਕੁਝ ਹੋਰ ਸਮਝਣ ਲਗ ਗਏ ਤੇ ਏਸ ਨੂੰ ਹੋਰ ਸਮਝਣ ਲਗ ਗਏ। ਇਸ ਅਹੰਭਾਵ 'ਚ ਸਰੀਰ ਨੂੰ ਇਹ ਸਮਝਣਾ ਸ਼ੁਰੂ ਕਰ ਦਿਤਾ ਕਿ 'ਮੈਂ' ਹਾਂ ਤੇ ਭੁੱਲ ਗਏ। ਐਨਾ ਭੁੱਲ ਗਏ, ਉਸ ਭੁੱਲ ਨੂੰ ਮਾਇਆ ਕਿਹਾ ਹੈ। ਉਹਦੇ ਵਿਚ ਹੀ ਇਸਨੂੰ ਆਪਣਾ ਸਮਝਣ ਲਗ ਗਏ ਕਿ ਇਹ ਮੈਂ ਹਾਂ, ਇਹ ਮੇਰਾ ਸਰੀਰ ਹੈ, ਇਹ ਚੀਜ਼ ਮੇਰੀ ਹੈ। ਪਰ ਇਹ ਮੇਰੀ ਕਦੇ ਕਾਮਯਾਬ ਹੋਣ ਦਿੰਦੀ ਹੈ? ਨਹੀਂ -

*ਜਬ ਲਗੁ ਮੇਰੀ ਮੇਰੀ ਕਰੈ ॥*
*ਤਬ ਲਗੁ ਕਾਜੁ ਏਕੁ ਨਹੀ ਸਰੈ ॥*
*ਜਬ ਮੇਰੀ ਮੇਰੀ ਮਿਟਿ ਜਾਇ ॥*
*ਤਬ ਪ੍ਰਭ ਕਾਜੁ ਸਵਾਰਹਿ ਆਇ ॥* ਅੰਗ - ੧੧੬੦

ਹੁਣ 'ਜਬ ਹਮ ਹੋਤੇ ਤਬ ਤੂ ਨਾਹੀ'। ਜਦੋਂ ਤੱਕ ਕਹਿੰਦੇ ਹਾਂ ਕਿ ਇਹ 'ਮੇਰੀ-ਮੇਰੀ' ਕੋਈ ਸਾਡਾ ਕਾਰਜ ਨਹੀਂ ਹੁੰਦਾ। ਜਦੋਂ ਅਸੀਂ ਉਹਨੂੰ ਸਮਰਪਿਤ ਹੋ ਗਏ, ਜਿਵੇਂ ਭਗਤਾਂ ਦੇ ਕਾਰਜ ਸੰਵਾਰੇ। ਸਾਰੇ ਹੀ ਕਾਰਜ ਕੀਤੇ ਨੇ ਭਗਤਾਂ ਨੇ। ਭਗਤ ਕੀ ਕਰਦੇ ਨੇ? ਭਗਤ ਦਿਲ ਤੋਂ ਉਸ ਦੇ ਨਾਲ ਜੁੜ ਕੇ

ਭਗਤੀ ਕਰਦੇ ਨੇ। ਦਿਲ ਦਾ ਸੌਦਾ ਹੋ ਗਿਆ, ਦਿਮਾਗ 'ਚੋ, ਗਿਆਨ 'ਚੋਂ ਤਾਂ ਤਰਕ ਹੈ ਪਰ ਦਿਲ ਪਿਆਰ 'ਚ ਹੈ। ਜਦ ਸਮਰਪਿਤ ਹੋ ਗਏ ਫੇਰ ਉਨ੍ਹਾਂ ਦੇ ਕਾਰਜ ਆਪ ਪ੍ਰਮੇਸ਼ਰ ਕਰਦਾ ਹੈ। ਇਸੇ ਕਰਕੇ ਭਗਤ ਜੀ ਕਹਿੰਦੇ ਨੇ –

*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥*

*ਅੰਗ – ੬੯੫*

ਕਿਨ੍ਹਾਂ ਦੇ? 'ਤਿਨ ਕੇ' ਜਿਹੜੇ ਉਹਦੀ ਭਗਤੀ ਕਰਦੇ ਨੇ –

*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥* *ਅੰਗ – ੯੬੨*

ਪਹਿਲਾਂ ਦਸਿਆ ਕਿ ਉਹ ਵਸ ਨਹੀਂ ਆਉਂਦਾ। ਕਿੰਨਾਂ ਕੁਛ ਕਰ ਲਓ ਪਰ ਜਦੋਂ ਉਹ ਭਗਤੀ ਦੇ ਮਾਰਗ 'ਤੇ ਚੱਲੇ, ਭਗਤੀ ਗਿਆਨ ਸਹਿਤ। ਇਹ ਨਹੀਂ ਕਿ ਉਨ੍ਹਾਂ ਨੂੰ ਪਤਾ ਨਹੀਂ, ਸੂਝ, ਬੂਝ ਹੈ, ਗਿਆਨ ਹੈ, ਧਿਆਨ ਹੈ। ਉਨ੍ਹਾਂ ਦੇ ਵਿਚ ਇਹ ਨਹੀਂ ਕਿ ਸੂਝ ਨਹੀਂ, ਉਹ ਤਾਂ ਸੂਝ ਬਖਸ਼ ਦਿੰਦੇ ਨੇ ਤੇ ਬੂਝ ਆ ਜਾਂਦੀ ਹੈ। ਜਿਹੜਾ ਭਗਤੀ ਨਾਲ ਗਿਆਨ ਹੈ, ਫੇਰ ਇਹ ਜਿਹੜੀ ਮਾਇਆ ਹੈ, ਮਾਇਆ ਨੂੰ ਮਾਇਆ ਨਹੀਂ ਮੋਂਹਦੀ। ਇਸ ਕਰਕੇ ਭਗਤੀ ਸਹਿਤ ਗਿਆਨ ਹੁੰਦਾ ਹੈ। ਗਿਆਨ ਸਿਥਲ ਨਹੀਂ ਹੁੰਦਾ, ਗਿਆਨ ਪਰਪੱਕ ਹੋ ਜਾਂਦਾ ਹੈ ਕਿ ਇਥੇ ਤਾਂ ਸਾਰੇ ਹੀ ਪ੍ਰਮੇਸ਼ਰ ਹੈ। ਪਰ ਸਾਡੀ ਹਾਲਤ ਕੀ ਹੈ? ਭਗਤ ਜੀ ਕਹਿੰਦੇ–

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ॥* *ਅੰਗ – ੬੫੭*

ਨਰਪਤਿ ਰਾਜਾ ਸੀ, ਸਿੰਘਾਸ਼ਨ 'ਤੇ ਨੀਂਦ ਆ ਗਈ। ਸੁਪਨਾ ਆ ਗਿਆ। ਸੁਪਨਾ ਹੀ ਹੈ ਸਭ, ਇਹ ਵੀ ਸੁਪਨਾ ਹੀ ਹੈ ਜਿਹੜਾ ਅਸੀਂ ਦਿਨ 'ਚ ਜਾਗ ਜਾਂਦੇ ਹਾਂ, ਰਾਤ ਨੂੰ ਸੌਂ ਕੇ, ਰਾਤ ਦਾ ਸੁਪਨਾ ਦਿਨ 'ਚ ਟੁੱਟ ਜਾਂਦਾ ਹੈ। ਜਦੋਂ ਅਸੀਂ ਸੁਪਨਾ ਦੇਖਦੇ ਹਾਂ, ਸੁਪਨਾ ਸਾਨੂੰ ਸੱਚ ਭਾਸਦਾ ਹੈ, ਜਦੋਂ ਨੀਂਦ ਟੁੱਟੀ ਸੁਪਨਾ ਝੂਠਾ ਜਾਪਦਾ ਹੈ ਤੇ ਜਦੋਂ ਅਸੀਂ ਗਿਆਨ 'ਚ ਆ ਗਏ, ਗਿਆਨ 'ਚ ਸਾਨੂੰ ਇਹ ਸੰਸਾਰ ਜਿਹੜਾ ਹੈ –

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ਅੰਗ – ੮੦੮*

ਫੇਰ ਇਹ ਸੁਪਨਾ ਹੀ ਨਜ਼ਰ ਆਉਂਦਾ ਹੈ ਪਰ ਜੇ ਸੁਪਨੇ ਨਾਲ ਚਿੱਤ ਲਗ ਗਿਆ। ਹੁਣ ਉਹਨੂੰ ਸੁਪਨਾ ਹੀ ਆਇਆ, 'ਅਛਤ' ਅਛਤ ਹੁੰਦਾ ਹੈ ਕਿ ਸਭ ਕੁਛ ਹੁੰਦੇ–

*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥*

*ਅੰਗ – ੬੫੮*

*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥* *ਅੰਗ – ੬੫੭*

ਹੁਣ ਉਹ ਰਾਜਾ, ਹੈ ਤਾਂ ਰਾਜਾ ਸੀ। ਗਰਮੀ ਦੇ ਦਿਨ ਸੀ, ਠੰਢੀਆਂ ਹਵਾਵਾਂ ਦਾ ਪ੍ਰਬੰਧ ਸੀ। ਥੱਕਿਆ ਹੋਇਆ ਸੀ, ਰਾਤ ਦਾ ਉਨੀਂਦਰਾ ਸੀ, ਨੀਂਦ ਆ ਗਈ ਸਿੰਘਾਸ਼ਨ 'ਤੇ। ਬਣ ਗਿਆ ਸੁਪਨੇ ਵਿਚ ਭਿਖਾਰੀ। ਅਧਿਆਸ ਐਨਾ ਪੱਕ ਗਿਆ ਕਿ ਭੁੱਲ ਹੀ ਗਿਆ ਕਿ ਮੈਂ ਰਾਜਾ ਹਾਂ। ਸੋ ਸਾਡੀ ਗਤ ਵੀ ਐਸੀ ਹੋ ਗਈ। ਇਸ ਅਵਸਥਾ ਨੂੰ ਕਿਹਾ ਹੈ ਕਿ –

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥* *ਅੰਗ – ੭੦੭*

ਮੂਰਖਤਾਈ ਹੈ ਜੇ ਸੁਪਨੇ ਦੇ ਨਾਲ ਹੀ ਚਿੱਤ ਲਾ ਕੇ ਬੈਠ ਗਏ ਤੇ ਇਹਨੂੰ ਕੀ ਕਿਹਾ ਹੈ? ਕਹਿੰਦੇ, ਓ ਮੂਰਖਾ! ਕੀ ਤੂੰ ਕਰ ਰਿਹਾ ਹੈਂ?

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥*

*ਅੰਗ – ੬੫੯*

ਹੁਣ ਏਸ ਦੇ ਵਿਚ ਕੈਸੀ ਇਹ ਖੇਡ ਹੈ। ਮਹਾਂਪੁਰਖ ਤੋਂ ਬਗੈਰ ਨਹੀਂ ਸਮਝ ਆਉਂਦੀ, ਜਿਸਨੇ self research ਕਰਕੇ, ਆਪਾ ਚਿੰਤਨ ਕਰਕੇ, ਚੀਨ ਕੇ ਆਤਮ ਚਿੰਤਨ ਦੇ ਨਾਲ ਇਹ ਪਤਾ ਲਗਦਾ ਹੈ। ਨਹੀਂ ਤਾਂ ਸਾਰੀ ਜ਼ਿੰਦਗੀ ਲੰਘ ਜਾਂਦੀ ਹੈ।

'ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥' ਹੁਣ ਇਹ ਮੂਰਖਤਾਈ ਹੈ, ਹੁਣ ਉਹ ਰਾਜਾ ਸੀ, ਰਾਜਾ ਜਨਕ। ਸੁਪਨੇ ਦੇ ਵਿਚ ਉਹਨੂੰ ਦਿਸਿਆ ਕਿ ਮੈਂ ਭਿਖਾਰੀ ਬਣ ਗਿਆ, ਧੱਕੇ ਮਾਰ ਕੇ ਰਾਜ ਤੋਂ ਬਾਹਰ ਕੱਢ ਦਿਤਾ। ਦੂਜੇ ਰਾਜੇ ਨੇ ਰਾਜ ਭਾਗ 'ਤੇ ਕਬਜ਼ਾ ਕਰ ਲਿਆ। ਸਿੰਘਾਸਨ 'ਤੇ ਬੈਠ ਗਿਆ, ਰਾਣੀਆਂ ਪਦਮਨੀ ਪਟਰਾਣੀਆਂ ਇਹ ਵੀ ਬਦਲ ਗਈਆਂ। ਧੱਕੇ ਪੈਂਦੇ ਨੇ। ਬੜੀ ਲੰਬੀ ਕਥਾ ਹੈ ਤੇ ਉਹਨੂੰ ਅਧਿਆਸ ਐਨਾ ਪੱਕ ਗਿਆ, ਜਦੋਂ ਜਾਗ ਆਉਂਦੀ ਹੈ ਭਗਤ ਜੀ ਕਹਿੰਦੇ, ਵੇਖਦਾ ਹੈ ਕਿ ਸਭ ਕੁਛ ਹੁੰਦੇ ਹੋਏ ਫੇਰ ਕਹਿ ਰਿਹਾ ਹੈ ਕਿ ਮੈਂ ਭਿਖਾਰੀ ਹਾਂ। ਅਧਿਆਸ ਪੱਕ ਗਿਆ ਸੁਪਨੇ ਦਾ ਤੇ ਹੋਇਆ ਕੀ। ਬਾਰ-ਬਾਰ ਉਸਨੇ ਆਪਣੇ ਰਾਜ 'ਤੇ, ਰਾਜ ਪੰਡਤ ਕੀ ਸਾਰੇ ਜਿਹੜੇ ਬ੍ਰਹਮ ਵਿਚਾਰ ਕਰਨ ਵਾਲੇ ਪੰਡਤ, ਸਭ ਇਕੱਠੇ ਕਰ ਲਏ। ਕਹਿੰਦਾ, ਮੈਨੂੰ ਇਸ ਸਵਾਲ ਦਾ ਜਵਾਬ ਦਿਓ। 'ਆਹ ਸੱਚਾ ਜਾਂ ਔਹ ਸੱਚਾ।' ਹੁਣ ਜਿਹੜੇ ਗਿਆਨੀ ਸੀ ਕਿਤਾਬਾਂ ਪੜ੍ਹਨ ਵਾਲੇ, ਗ੍ਰੰਥ ਵਾਚਣ ਵਾਲੇ, ਗ੍ਰੰਥਾਂ 'ਚ ਵੇਖਦੇ ਨੇ ਉਹਦੇ 'ਚ ਲੱਭਦਾ ਨਹੀਂ, ਪੁਸਤਕਾਂ 'ਚ ਲੱਭਦੇ ਨੇ, ਉਹਦੇ 'ਚ ਤਾਂ ਲੱਭਦਾ ਨਹੀਂ ਗਿਆਨ।

ਹੁਣ ਸਾਲ ਲੰਘ ਗਏ, ਉਹ ਵਾਪਸ ਨਹੀਂ ਆਏ, ਅਸ਼ਟਾਵਕਰ ਜਿਹਦੇ ਸਰੀਰ 'ਚ ਅੱਠ ਵਲ ਪੈਂਦੇ ਸੀ। ਜਦੋਂ ਸਲੋਕ ਪੜ੍ਹਦਾ ਸੀ ਉਹਦਾ ਪਿਤਾ, ਉਹ ਗਰਭ 'ਚੋਂ ਹੀ ਬੋਲ ਪਿਆ ਕਿ ਉਹ ਗਲਤ ਉਚਾਰਨ ਕਰਦੇ ਓਂ, ਲੱਤ ਮਾਰੀ ਅੱਠ ਵਲ ਪੈ ਗਏ ਸਰੀਰ 'ਚ। ਉਹ ਬੱਚਿਆਂ 'ਚ ਖੇਡਦਾ ਹੈ, ਕਿਸੇ ਨੇ ਉਹਦੀ ਖੂੰਡੀ ਖੋਹ ਲਈ। ਕਹਿੰਦੇ, ਵਿਚਾਰੇ ਦਾ ਪਿਤਾ ਨਹੀਂ। ਇਹਨੂੰ ਇਸ ਤਰ੍ਹਾਂ ਨਾ ਕਰੋ। ਉਹ ਘਰ ਮਾਂ ਦੀ ਰੀਸ ਵਿਚ, ਆਪਣੇ ਮਾਂ ਦੇ ਪਿਤਾ ਨੂੰ, ਨਾਨੇ ਨੂੰ ਹੀ ਪਿਤਾ ਕਹਿੰਦਾ ਸੀ। ਮਾਂ ਨੂੰ ਪੁੱਛਦਾ, ਦਸ ਮੇਰਾ ਪਿਤਾ ਕਿੱਥੇ ਹੈ? ਉਹ ਕਹਿੰਦੀ ਕਿ ਉਹ ਗਿਆ ਹੈ ਰਾਜੇ ਕੋਲ, ਉਹਦਾ ਇਹ ਸਵਾਲ ਹੈ ਕਿ 'ਇਹ ਸੱਚਾ ਕਿ ਉਹ ਸੱਚਾ।' ਕਹਿੰਦੇ, ਉਹ ਦੇ ਨਹੀਂ ਸਕੇ। ਸਾਰੇ ਇਕੱਠੇ ਕਰੇ ਹੋਏ ਨੇ, ਵਿਦਵਾਨ ਪੰਡਤ ਤੇ ਆਹ ਕੀ ਔਖੀ ਗੱਲ ਹੈ। ਕਹਿੰਦਾ, ਮੈਂ ਜਾ ਕੇ ਕਰਾਉਂਦਾ ਹਾਂ ਉਨ੍ਹਾਂ ਦਾ ਛੁਟਕਾਰਾ। ਹੁਣ ਪਾਲਕੀ 'ਚ ਬੈਠ ਕੇ, ਜਾ ਰਹੇ ਨੇ ਸਤਿਕਾਰ ਸਹਿਤ। ਪਾਲਕੀ ਰਸਤੇ 'ਚ ਰੱਖ ਲਈ, ਓਧਰੋਂ ਰਾਜੇ ਦੀ ਪਾਲਕੀ ਆ ਰਹੀ ਹੈ। ਕਹਿੰਦੇ, ਇਹਨੂੰ ਪਾਸੇ ਹਟਾਓ। ਕਹਿੰਦੇ, ਕਿਉਂ ਪਾਸੇ ਹਟਾਇਆ ਜਾਵੇ। ਇਕ ਤਾਂ ਮੇਰੇ ਅੰਗ ਐਸੇ ਨੇ, ਦੂਸਰਾ ਮੈਂ ਸਾਧੂ ਹਾਂ, ਫੇਰ ਤੀਸਰਾ ਸਾਧੂ ਵੀ ਐਸਾ ਨਹੀਂ ਕਿ ਜਿਹੜਾ ਮੇਰਾ ਕਿਸੇ ਚੀਜ਼ ਨਾਲ ਸਬੰਧ ਹੋਵੇ। ਵਿਰਕਤ ਹਾਂ। ਰਾਜੇ ਦਾ ਕੀ ਕੰਮ ਹੈ ਕਿ ਮੈਨੂੰ ਪਾਸੇ ਹਟਾਵੇ। ਰਾਜਾ ਹੋਏਗਾ ਆਪਣੀ ਜਗ੍ਹਾ।

ਰਾਜੇ ਨੂੰ ਜਾ ਕੇ ਦੱਸਿਆ ਕਿ ਉਹ ਤਾਂ ਇਹ ਕਹਿ ਰਿਹਾ ਹੈ। ਰਾਜਾ ਕਹਿੰਦਾ, ਚਲੋ ਸਤਿਕਾਰ ਸਹਿਤ ਲਿਆਓ। ਉਹ ਕਹਿੰਦੇ ਕਿ ਮੈਂ ਕਿਉਂ ਜਾਵਾਂ, ਆਪ ਰਾਜਾ ਚੱਲ ਕੇ ਆਵੇ। ਬੇਨਤੀ ਕੀਤੀ, ਚੰਦਨ ਦੀ ਚੌਂਕੀ 'ਤੇ ਬਿਠਾਉਣ ਵਾਸਤੇ, ਰਾਜ ਸਿੰਘਾਸ਼ਨ 'ਚ ਲੈ ਕੇ ਜਾਂਦੇ ਨੇ। ਸਾਰੇ ਹੱਸ ਪੈਂਦੇ ਨੇ ਕਿ ਇਹ ਜਵਾਬ ਦਏਗਾ ਰਾਜੇ ਦੇ ਸਵਾਲ ਦਾ।

ਅਸ਼ਟਾਵਕਰ ਨੇ ਕਿਹਾ ਕਿ ਤੁਸੀਂ ਸਾਰੇ ਹੀ ਚਮ ਨੂੰ ਪਿਆਰ ਕਰਨ ਵਾਲੇ ਬੈਠੇ ਓਂ ਸਭਾ 'ਚ। ਜਾਤੀ ਸੂਚਕ ਅੱਖਰ ਜੇ ਵਰਤ ਲਓ ਐਸਾ, ਤਾਂ ਛੇ ਮਹੀਨੇ ਦੀ ਸਜ਼ਾ ਹੈ। ਐਸਾ ਅੱਖਰ ਵਰਤਿਆ ਤਾਂ ਸਭਾ 'ਚ ਸਾਰੇ ਬੈਠੇ ਕਹਿੰਦੇ ਕਿ ਇਹਨੇ ਤਾਂ ਸਾਡੀ ਤੌਹੀਨ ਕੀਤੀ ਹੈ। ਕਿਉਂਕਿ ਉਹ ਸਾਰੇ ਉਸ ਵਲ ਦੇਖ ਕੇ ਹੱਸ ਪਏ ਸੀ ਕਿ ਅੱਠ ਵਿੰਗ ਵਲ ਪੈਂਦੇ ਤੁਰਿਆ ਆਉਂਦਾ ਹੈ।

ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਇਨ੍ਹਾਂ ਨੇ ਮੇਰੇ ਚਮ ਵਲ ਹੀ ਦੇਖਿਆ, ਇਨ੍ਹਾਂ ਚਮ ਦ੍ਰਿਸ਼ਟੀ ਵਾਲਿਆਂ ਤੋਂ ਤੇਰੇ ਸਵਾਲ ਦਾ ਜਵਾਬ ਆਉਣਾ ਹੈ ਰਾਜਾ? ਇਹ ਤਾਂ ਚਮ ਦਰਸ਼ੀ ਨੇ, ਇਹ ਚਮ ਦੀ ਪਰਖ ਕਰਦੇ ਨੇ, ਇਸ ਕਰਕੇ ਇਨ੍ਹਾਂ ਲਈ ਮੈਂ ਇਹ ਸ਼ਬਦ ਵਰਤਿਆ ਹੈ। ਜੇ ਮੇਰੇ ਸਰੀਰ 'ਚ ਵਲ ਹਨ, ਮੇਰੀ ਆਤਮਾ 'ਚ ਤਾਂ ਕੋਈ ਵਲ ਨਹੀਂ। ਮੈਂ ਆਤਮ ਦਾ ਦਰਸ਼ ਕਰਦਾ ਹਾਂ, ਆਤਮ ਦਰਸ਼ੀ ਹਾਂ। ਬ੍ਰਹਮ ਬਕਤਾ, ਬ੍ਰਹਮਾ ਨਿਸ਼ਟਾ, ਬ੍ਰਹਮ ਸਰੋਤਰੀ ਹਾਂ। ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ ਹੈ। ਕਹਿੰਦੇ ਜੇ ਗੰਨੇ 'ਚ ਵਲ ਹੈ, ਤਾਂ ਰਸ 'ਚ ਤਾਂ ਕੋਈ ਵਲ ਨਹੀਂ ਹੁੰਦਾ। ਆਤਮਾ ਤਾਂ ਸਾਰਿਆਂ 'ਚ ਓਹੀ ਹੈ।

*ਤੋਹੀ ਮੋਹੀ ਮੋਹੀ ਤੋਹੀ.......॥* *ਅੰਗ - ੯੩*

ਹੁਣ ਜਦੋਂ ਉਹਨੇ ਸਾਰੇ ਲ-ਜਵਾਬ ਕਰ ਦਿਤੇ। ਕਹਿੰਦੇ, ਰਾਜਨ! ਹੁਣ ਤੂੰ ਆਪਣਾ ਸਵਾਲ ਕਰ।

ਕਹਿੰਦਾ ਕਿ ਸਵਾਲ ਸੀ ਕਿ ਆਹ ਸੱਚਾ ਜਾਂ ਔਹ ਸੱਚਾ।

ਕਹਿੰਦੇ ਰਾਜਨ! ਇਹ ਵੀ ਸੱਚਾ, ਔਹ ਵੀ ਸੱਚਾ।

ਕਹਿੰਦਾ - ਇਹ ਝੂਠਾ, ਔਹ ਝੂਠਾ?

ਕਹਿੰਦੇ, ਇਹ ਵੀ ਝੂਠਾ ਔਹ ਵੀ ਝੂਠਾ।

ਕਹਿੰਦੇ, ਸਵਾਲ ਦਾ ਜਵਾਬ? ਕਹਿੰਦੇ, ਜਿਹੋ ਜਿਹਾ ਤੂੰ to the point ਸਵਾਲ ਕਰ ਰਿਹਾ ਹੈਂ, ਉਸੇ ਤਰ੍ਹਾਂ ਦੇ ਨਾਲ ਜਵਾਬ ਹੈ। objective type ਹੈ, ਤੂੰ subject ਦਸ ਨਹੀਂ ਰਿਹਾ, objective type 'ਤੇ ਟਿਕ ਮਾਰ ਕੇ ਹੋਣਾ ਹੈ। ਇਸ ਕਰਕੇ ਤੂੰ ਸਵਾਲ ਖੁਲ੍ਹ ਕੇ ਕਰ।

ਇਹੀ ਪੀਰ ਬੁੱਧੂ ਸ਼ਾਹ ਨੇ ਕਿਹਾ ਸੀ ਗੁਰੂ ਦਸ਼ਮੇਸ਼ ਪਿਤਾ ਨੂੰ ਕਿ ਪਾਤਸ਼ਾਹ! ਰੂਹ ਦਾ ਅਤੇ ਜੀਵ ਦਾ, ਪ੍ਰਮੇਸ਼ਰ ਦਾ, ਨਾਮ ਦਾ ਮਿਲਾਪ ਕਿਵੇਂ ਹੋ ਸਕਦਾ ਹੈ। ਗੁਰੂ ਪਾਤਸ਼ਾਹ ਉਸੇ ਤਰ੍ਹਾਂ ਜਵਾਬ ਦੇਈ ਜਾਂਦੇ ਨੇ। ਕਹਿੰਦੇ, 'ਝੂਠ ਤੇ ਸੱਚ ਜੈਸੇ; ਦਿਨ ਤੇ ਰਾਤ ਜੈਸੇ। ਉਹ ਕਹਿੰਦੇ ਰਾਤ ਤੇ ਦਿਨ ਤਾਂ ਕਦੇ ਮਿਲਦੇ ਹੀ ਨਹੀਂ, ਜੇ ਦਿਨ ਹੈ ਤਾਂ ਰਾਤ ਨਹੀਂ, ਰਾਤ ਹੈ ਤਾਂ ਦਿਨ ਨਹੀਂ -

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥* *ਅੰਗ- ੧*

ਮਹਾਂਪੁਰਸ਼ਾਂ ਨੇ ਇਸ ਦੇ ਉਤੇ ਹੀ ਇੱਕ ਪੁਸਤਕ ਲਿਖੀ ਹੈ, ਕਹਿੰਦੇ ਸੀ ਕਿ ਇਹ ਤਾਂ ਬਹੁਤ ਵੱਡਾ ਗ੍ਰੰਥ ਬਣ ਸਕਦਾ ਹੈ - ***'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥'*** ਕਿ ਇਹ ਕੂੜ ਦੀ ਕੰਧ ਕਿਵੇਂ ਟੁੱਟੇ।

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ - ੧*

ਰਜ਼ਾ 'ਚ, ਹੁਕਮ 'ਚ ਚੱਲਣਾ। ਸੋ ਇਹ ਹੁਕਮ ਦੀ ਖੇਡ ਹੈ।

ਕਹਿੰਦੇ, ਰਾਜਨ! ਤੇਰਾ ਮੇਰਾ ਜੋ ਜਵਾਬ ਹੈ ਉਹ ਵੀ ਤੇਰੇ ਸਵਾਲ ਵਰਗਾ ਹੈ। ਖੋਲ੍ਹ ਕੇ ਤੂੰ ਸਵਾਲ ਨਹੀਂ ਕਰਦਾ।

ਕਹਿੰਦੇ, ਤੈਨੂੰ ਆਇਆ ਸੀ ਸੁਪਨਾ, ਸੁਪਨੇ ਦੇ ਵਿਚ-

*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥*
*ਅੰਗ - ੬੫੮*

ਤਾਂ ਤੇਰੀ ਇਹ ਹਾਲਤ ਹੋਈ ਹੈ। ਕਹਿੰਦੇ, ਇਹਦਾ ਗਿਆਨ ਪਰਪੱਕ ਕਿਵੇਂ ਹੋਵੇ? ਕਹਿੰਦੇ ਇਹਦੇ ਵਾਸਤੇ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ - ੯੧੮*

ਹੁਕਮ ਦੀ ਖੇਡ ਕੀ ਹੈ? ਕਹਿੰਦੇ ਤਨ, ਮਨ, ਧਨ। ਕਹਿੰਦੇ ਜੇ ਤੂੰ ਤਿੰਨ ਨਹੀਂ ਦੇ ਸਕਦਾ, ਇੱਕ ਹੀ ਦੇ ਦੇ। ਰਾਜਾ ਸੀ, ਵਿਚਾਰ ਕਰਨ ਗਿਆ ਰਾਣੀਆਂ ਨਾਲ ਕਿ ਕੀ ਦੇਈਏ? ਕਹਿੰਦੀਆਂ, ਜੇ ਧਨ ਦੇ ਦਿਤਾ ਗਰੀਬ ਹੋ ਜਾਵਾਂਗਾ, ਕੰਗਾਲ ਹੋ ਜਾਵਾਂਗੇ, ਜੇ ਤਨ ਦੇ ਦਿਤਾ ਫੇਰ ਤੂੰ ਸਾਡੇ ਜੋਗਾ ਹੀ ਨਹੀਂ ਰਹਿਣਾ, ਇਸ ਕਰਕੇ ਇਕ ਮਨ ਹੈ, ਮਨ ਹੀ ਵਿਹਲਾ ਹੈ।

ਕਹਿੰਦੇ, ਆ ਜਾ ਦੇ ਦੇ। ਮਨ ਦੇ ਦਿਤਾ। ਮਨ ਦੇ ਨਾਲ ਹੀ ਸਬੰਧ ਹੈ ਸਭ ਕੁਝ ਦਾ। ਰਾਜੇ ਦੀ ਸ਼ਰਤ ਸੀ ਕਿ ਜਿਹੜਾ ਮੈਨੂੰ ਘੋੜੇ ਦੀ ਕਾਠੀ 'ਤੇ ਚੜ੍ਹਨ ਲਈ ਰਕਾਬ 'ਚ ਪੈਰ ਧਰਨ ਦੇ ਸਮੇਂ ਵਿਚ ਮੈਨੂੰ ਗਿਆਨ ਕਰਾ ਦੇਵੇ। ਹੁਣ ਜਦੋਂ ਜਾਣ ਲਗਦਾ ਹੈ ਓਧਰ ਨੂੰ ਕਹਿੰਦੇ ਰਾਜਨ! ਕਿੱਧਰ ਚੱਲਿਆ। ਕਹਿੰਦਾ, ਆਹ ਜਿਹੜੀ ਮੇਰੀ ਪ੍ਰਤੱਗਿਆ, ਪ੍ਰਤੱਗਿਆ ਕਾਹਦੀ ਹੈ ਮਨ ਦੀ। ਕਹਿੰਦੇ, ਮਨ ਤੂੰ ਤਾਂ ਮੈਨੂੰ ਦੇ ਦਿਤਾ ਤੇ ਕਾਰਜ ਤੇਰਾ ਤਾਂ ਰਾਸ ਹੋਣਾ ਹੈ ਜੇ ਤੂੰ ਆਪਣਾ ਮਨ ਦੇ ਦਿਤਾ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥* *ਅੰਗ - ੨੮੬*

ਹੁਣ ਭਗਤ ਜੀ ਕਹਿੰਦੇ, ਉਹ ਰਾਜਾ ਜਿਸਦੀ ਇਹ ਅਵਸਥਾ ਹੈ। ਕਹਿੰਦੇ, ਰਾਜਨ! ਤੈਨੂੰ ਕੀਹਨੇ ਕਿਹਾ ਹੈ? ਕਹਿੰਦਾ, ਮਨ ਨੇ। ਕਹਿੰਦੇ ਮਨ ਤਾਂ ਤੂੰ ਸਾਨੂੰ ਦੇ ਦਿਤਾ। ਮਨ ਦਾ ਪ੍ਰੇਰਿਆ ਕਿਉਂ ਜਾਂਦਾ ਹੈਂ। ਐਨੇ 'ਚ ਇਕ ਬ੍ਰਾਹਮਣ ਆਇਆ ਜਿਹਦੀ ਲੜਕੀ ਨੂੰ ਲੁਟੇਰੇ, ਡਾਕੂ ਖੋਹ ਕੇ ਲੈ ਗਏ, ਉਹ ਪੁਕਾਰਾਂ ਕਰਦਾ ਹੈ। ਉਹ ਕਹਿੰਦਾ, ਓ ਰਾਜਨ! ਧਰਮ ਪਾਲ। ਹੁਣ ਇਹ ਕਿਵੇਂ ਕਰੇ ਰਾਜ ਧਰਮ। ਮਨ ਤਾਂ ਸੌਂਪ ਦਿਤਾ। ਮਹਾਂਪੁਰਸ਼ ਕਹਿੰਦੇ, ਦੇਖ ਹੁਣ ਮਨ ਸਾਡਾ ਹੋਇਆ, ਰਾਜ ਵੀ ਤੁਹਾਡਾ ਹੋਇਆ। ਉਹਨੇ ਉਸ ਰਾਜ ਧਰਮ ਦੀ ਪਾਲਣਾ ਕੀਤੀ। ਕਿੱਡਾ ਵੱਡਾ ਬਣਿਆ -

ਭਗਤ ਵੱਡਾ ਰਾਜਾ ਜਨਕ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ॥ ਭਾਈ ਗੁਰਦਾਸ ਜੀ ਤੇ ਗ੍ਰਿਹਸਤ ਨੂੰ ਤਿਆਗ ਦਾ

ਮਾਰਗ ਨਹੀਂ ਕਿਹਾ ਕਿ ਤਿਆਗ ਕੇ ਵਣਾਂ ਨੂੰ ਚਲੇ ਜਾਓ। ਗੁਰੂ ਨਾਨਕ ਪਾਤਸ਼ਾਹ ਜੀ ਨੇ ਉਦਾਸੀਆਂ ਧਾਰਨ ਕੀਤੀਆਂ ਕਹਿੰਦੇ ਇਹ ਉਦਾਸ ਮਾਰਗ ਹੈ। ਸਭ ਕੁਛ ਕਰਦੇ ਹੋਏ, ਜ਼ਿੰਮੇਵਾਰੀਆਂ ਨਿਭਾਉਂਦੇ ਹੋਏ, ਜ਼ਿੰਮੇਵਾਰੀਆਂ ਤੋਂ ਦੌੜਨਾ ਨਹੀਂ –

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥*
*ਅੰਗ – ੯੫੨*

ਫੇਰ ਤਾਂ ਗੰਗਾ ਦੇ ਨੀਰ ਵਰਗਾ ਹੋ ਜਾਏਗਾ। ਗੰਗਾ 'ਤੇ ਭੇਟ ਵਾਸਤੇ ਪ੍ਰੇਮ ਭੇਟਾ ਦਮੜੀ ਭੇਜਦੇ ਨੇ। ਗੰਗਾ ਬਾਂਹ ਕੱਢ ਕੇ ਉਹ ਦਮੜੀ ਲੈਂਦੀ ਹੈ। ਪਿਆਰੇ ਦੇ ਕੰਗਣ ਦਿੰਦੀ ਹੈ। ਬਾਮ੍ਹਣ ਕੰਗਣ ਇੱਕ ਆਪਣੇ ਕੋਲ ਰੱਖ ਲੈਂਦਾ ਹੈ। ਇਕ ਰਾਜੇ ਕੋਲ ਲੈ ਕੇ ਜਾਂਦਾ ਹੈ, ਰਾਜਾ ਕਹਿੰਦਾ, ਦੂਸਰਾ ਵੀ ਲਿਆ। ਫਸ ਜਾਂਦਾ ਹੈ, ਹੁਣ ਪ੍ਰੇਮ ਭੇਟ ਦੇ ਬਦਲੇ ਕੰਗਣ ਮਿਲੇ ਸੀ, ਕਿੱਥੋਂ ਲਿਆਵੇ। ਫੇਰ ਭਗਤ ਜੀ ਦੀ ਸ਼ਰਨਾਗਤ ਲੈਂਦਾ ਹੈ। ਭਗਤ ਜੀ ਜਿੱਥੇ ਚਮੜੇ ਨੂੰ ਨਰਮ ਕਰਨ ਵਾਸਤੇ ਪਾਣੀ ਰੱਖਦੇ, ਉਥੋਂ ਹੀ ਗੰਗਾ ਨੂੰ ਪ੍ਰਗਟ ਕਰਦੇ ਨੇ। ਕਿਉਂਕਿ –

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਅੰਗ – ੧੨੬੩*

ਭਗਤ ਜੀ ਦੀ ਬਾਣੀ, ਬ੍ਰਹਮਗਿਆਨ ਦੀ ਬਖਸ਼ਿਸ਼ ਕਰ ਦਿੰਦੀ ਹੈ। ਅੱਜ ਉਨ੍ਹਾਂ ਦਾ ਦਿਨ ਮਨਾਇਆ ਗਿਆ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਸ਼ਬਦ ਤੋਂ ਇਹ ਸਿਖਿਆ ਮਿਲਦੀ ਹੈ ਕਿ ਮਨ ਨੂੰ ਮਨਾਈਏ ਤਾਂ ਇਹ ਦਿਨ ਮਨਾਏ, ਪ੍ਰਕਾਸ਼ ਦਿਹਾੜੇ ਮਨਾਏ ਗਏ ਸਫਲੇ ਨੇ। ਭਗਤ ਜੀ ਨੇ ਬੜੀ ਲੰਮੀ ਆਯੂ 115 ਸਾਲ, 1491 ਵਿਚ ਸਰੀਰ ਦਾ ਪ੍ਰਤਿਆਗ ਕੀਤਾ। ਪਰ ਸਰੀਰ ਦਾ ਨਾ ਜਨਮ ਹੈ ਨਾ ਮਰਨ ਹੈ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ – ੭੪੯*

ਦਿਨ ਮਨਾਉਣੇ ਤਾਂ ਹੀ ਸਫਲੇ ਹਨ ਜੇ ਮਨ ਮੰਨ ਗਿਆ। ਹੁਣ ਮਨ ਮਹਾਂਪੁਰਸ਼ਾਂ ਨੂੰ ਦਿਤਾ ਉਸ ਰਾਜਨ ਨੇ, ਕਿੱਡਾ ਬ੍ਰਹਮਗਿਆਨ ਮਿਲ ਗਿਆ। ਮਹਾਂਪੁਰਸ਼ਾਂ ਨੇ ਮਨ ਨੂੰ ਕਾਬੂ ਕਰਨ ਦਾ ਢੰਗ ਦਸਿਆ ਕਿ ਇਹ ਮਨ ਪਵਣ ਦੀ ਸਵਾਰੀ ਕਰਦਾ ਹੈ। ਸਵਾਸ ਨੂੰ ਕਾਬੂ ਕਰੋ। ਮਨ ਆਪੇ ਹੀ ਕਾਬੂ ਆ ਜਾਣਾ ਹੈ –

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ – ੨੯੫*

ਆਓ, ਇਸ ਦਰ 'ਤੇ (ਨਿਰਮਲ ਡੇਰਾ ਹਿਰਦਾਪੁਰ ਖੇੜੀ) ਸਤਿਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਕਰੀਏ। ਸਬਕ ਯਾਦ ਕਰੀਏ। ਸਵਾਸ ਨੂੰ (ਵੇਖੋ) watch ਕਰੋ ਇਹ ਆ ਰਿਹਾ ਹੈ, ਜਾ ਰਿਹਾ ਹੈ।

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥*
*ਅੰਗ – ੬੬੦*

ਸਵਾਸ ਡੂੰਘਾ ਲਓ, ਪਵਿੱਤਰ ਵਾਤਾਵਰਣ ਹੈ, ਪੂਰਨਮਾਸ਼ੀ ਦੀ ਰੈਣ ਸਬਾਈ, ਟਿਕੀ ਰਾਤ ਹੈ। ਜਿੰਨਾਂ ਡੂੰਘਾ ਸਵਾਸ ਲੈ ਸਕਦੇ ਓਂ, ਓਨਾਂ ਲਓ। ਐਨਾ ਕੁ ਤਾਂ ਕਰ ਹੀ ਸਕਦੇ ਹੋ, ਸਿੱਧੇ ਬੈਠ ਜਾਓ, ਬੈਠ ਕੇ ਸਵਾਸ ਨੂੰ watch ਕਰੋ, ਵੇਖੋ, ਧਿਆਨ ਕਰੋ। ਅੰਦਰ ਨੂੰ ਜਾ ਰਿਹਾ ਹੈ, ਪੇਟ ਪੂਰਾ ਬਾਹਰ ਨੂੰ ਆ ਗਿਆ। ਆਕਸੀਜਨ, ਪ੍ਰਾਣ ਵਾਯੂ ਅੰਦਰ ਚਲੇ ਗਈ। ਇਹਦੇ ਨਾਲ ਅੰਦਰ ਸੁਣੋ ਵਾਹਿ........। ਜਦੋਂ ਬਾਹਰ ਨੂੰ ਸਵਾਸ ਨਿਕਲਿਆ, ਇਕ ਨਾ ਇਕ ਦਿਨ ਤਾਂ ਇਹਨੇ ਨਿਕਲ ਹੀ ਜਾਣਾ ਹੈ।

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥*
*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ਅੰਗ– ੬੫੯*

ਉਹ ਭੌਰ ਉਡਾਰੀ ਮਾਰਦਾ ਤੇਰੇ ਕਿਸ ਕੰਮ ਆਉਣਾ ਹੈ ਪਰ ਉਸ ਦਿਨ ਦੀ ਤਿਆਰੀ ਕਰੀਏ, ਜਿਸ ਦਿਨ ਜਾਣਾ ਹੈ। ਕੀ ਕਰਿਆ ਕਰੀਏ –

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥*
*ਅੰਗ – ੬੧੧*

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ – ੩੪੦*

ਮਨ ਨੂੰ ਕਾਬੂ ਕਰਨ ਦਾ ਇਹ ਸਿਧਾਂਤ ਹੈ। ਨਹੀਂ ਦਸਦੇ ਮਹਾਂਪੁਰਸ਼। ਪਰ ਇਹ ਤਾਂ ਦਿਆਲੂ, ਕ੍ਰਿਪਾਲੂ, ਸਤਿਪੁਰਸ਼ਾਂ ਨੇ ਭੰਡਾਰੇ ਹੀ ਖੋਲ੍ਹ ਦਿਤੇ। ਪੁਸਤਕਾਂ ਦੇਖ ਲਓ, ਆਤਮ ਮਾਰਗ ਪੜ੍ਹ ਲਓ, ਗਿਆਨ ਹੀ ਗਿਆਨ, ਬ੍ਰਹਮਗਿਆਨ ਹੈ। ਹੁਣ ਸਵਾਸ ਜਦੋਂ ਛੱਡਣਾ ਹੈ, ਸਵਾਸ ਛੱਡਣ ਸਮੇਂ ਕਰਨਾ ਕੁਛ ਨਹੀਂ ਪੂਰੇ ਜ਼ੋਰ ਨਾਲ ਛੱਡ ਦਿਓ। ਖਾਲੀ ਪੇਟ ਜਦੋਂ ਹੈ, ਸੌਂ ਕੇ ਉਠਦੇ ਹਾਂ ਅੰਮ੍ਰਿਤ ਵੇਲੇ ਇਹ ਅਭਿਆਸ ਜ਼ਰੂਰ ਕਰੋ। ਪਰਪੱਕ ਕਰ ਲਓ। ਇਸਨੂੰ ਨਾ ਤਿਆਗੋ। ਸਰੀਰ ਤਿਆਗਣ ਸਮੇਂ ਇਹੀ ਕੰਮ ਆਉਣਾ ਹੈ।

ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ।

ਉਸ ਸਮੇਂ ਹੋਰ ਕੰਮ ਤੇਰੇ ਕੰਮ ਨਹੀਂ ਆਉਣੇ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ – ੨੬੪*

ਹੁਣ ਮਨ ਦੀਆਂ ਵਾਂਗਾਂ ਨੂੰ ਮੋੜੋ, ਨਾਮ ਨਾਲ ਬਿਰਤੀਆਂ ਜੋੜੋ। ਅੰਮ੍ਰਿਤ ਵੇਲੇ ਉਠੋ, ਦਿਮਾਗ ਤੇ ਪੇਟ ਇਨ੍ਹਾਂ 'ਤੇ ਭਾਰ ਨਹੀਂ ਹੁੰਦਾ ਕੋਈ, ਸ਼ਾਂਤ ਸਮਾਂ ਹੈ, ਵਾਤਾਵਰਣ ਸ਼ਾਂਤ ਹੈ, ਖਾਲੀ ਪੇਟ ਇਹ ਅਭਿਆਸ ਜ਼ਰੂਰ ਕਰੋ ਤੇ ਇਹ ਸਾਰੇ ਦੁਖਾਂ ਦਾ, ਰੋਗਾਂ ਦਾ ਇਲਾਜ ਹੈ। ਕਰਨਾ ਕਿਵੇਂ ਹੈ ਦਸਣ 'ਚ ਇਉਂ ਆਉਂਦਾ ਹੈ। ਸਵਾਸ ਨੂੰ watch ਕਰੋ, ਧੁਨ 'ਚ ਧਿਆਨ ਲਗਾਓ, ਸ਼ਬਦ ਦੀ ਜਿਧਰੋਂ ਆਵਾਜ਼ ਆਉਂਦੀ ਹੈ, ਸੁਰਤ ਉਸ ਪਾਸੇ ਵਲ ਨੂੰ ਜਾਵੇ ਤੇ ਸਵਾਸ ਨਾਲ, ਪ੍ਰਾਣ ਦੀ ਮਦਦ ਲੈ ਕੇ ਇਹ ਕਰਨਾ ਹੈ। ਸਵਾਸ ਅੰਦਰ ਨੂੰ ਜਾਂਦਾ 'ਵਾਹਿ' ਬਾਹਰ ਨੂੰ ਆਉਂਦਾ ਹੈ 'ਗੁਰੂ' ਕਹੀਏ।ਇਹ ਕਰਨ ਤੋਂ ਬਾਅਦ ਅਰਦਾਸ ਕਰੀਏ ਗੁਰੂ ਕ੍ਰਿਪਾ ਕਰਨ, ਅਰਦਾਸ ਨਾਲ ਫੇਰ ਸਾਰੇ ਕੰਮ ਹੁੰਦੇ ਨੇ। ਮਨ ਨੂੰ ਟਿਕਾਓ, ਇਸ ਵਾਸਤੇ ਲੋੜ ਹੈ ਇਕਾਂਤ ਅਸਥਾਨ ਦੀ, ਗਿਆਨਵਾਨ ਵਾਸਤੇ ਇਹ ਵਰਦਾਨ ਹੈ। ਅੰਦਰ ਸੁਣੋ, ਫੇਰ ਅਰਦਾਸ ਵਿਚ ਜੁੜੋ। ਹੁਣ ਚੁੱਪ ਕਰਕੇ ਇੱਕ ਮਿੰਟ ਅੰਦਰ ਸੁਣ ਕੇ, ਅਰਦਾਸ ਵਿਚ ਜੁੜੀਏ।

# ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ ਫਰਵਰੀ ਮਹੀਨੇ ਵਿਚ ਪ੍ਰਾਪਤ ਵਿਸ਼ੇਸ਼ ਇਤਿਹਾਸਕ ਘਟਨਾਵਾਂ ਦੀ ਸੰਖੇਪ ਵਾਰਤਾ –

## 1. ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮਨੁੱਖੀ ਸਮਾਨਤਾ (ਜਨਮ ਦਿਵਸ 3 ਫਰਵਰੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤਵਾਸੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਦਾ ਇਕ ਮਾਣਯੋਗ, ਦਾਰਸ਼ਨਿਕ, ਸਾਹਿਤਕ, ਭਾਸ਼ਾਈ ਅਤੇ ਸਭਿਆਚਾਰਕ ਵਿਰਸਾ ਹੈ ਜਿਸ ਤੋਂ ਉਤਸ਼ਾਹ, ਪ੍ਰੇਰਨਾ ਅਤੇ ਪ੍ਰਭਾਵ ਲੈਣਾ ਜ਼ਰੂਰੀ ਬਣ ਜਾਂਦਾ ਹੈ। ਦਸਾਂ ਪਾਤਸ਼ਾਹੀਆਂ ਦੀ ਜੋਤ, ਜੁਗੋ-ਜੁਗ ਅਟੱਲ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਸਤਿਕਾਰਯੋਗ ਭਗਤ ਸਾਹਿਬਾਨ ਦੀ ਬਾਣੀ ਅੰਕਿਤ ਹੈ। ਜਿਸ ਵਿਚ ਭਗਤ ਰਵਿਦਾਸ ਜੀ ਨੂੰ ਸਤਿਕਾਰਤ ਦਰਜਾ ਪ੍ਰਾਪਤ ਹੈ।

ਭਗਤ ਰਵਿਦਾਸ ਜੀ ਦੀ ਬਾਣੀ 'ਚ ਵਾਹਿਗੁਰੂ ਦੀ ਭਗਤੀ ਦਾ ਰਾਹ ਹੈ। ਵਾਹਿਗੁਰੂ ਸਾਹਮਣੇ ਜਾ ਕੇ ਖੜੌਣ ਅਤੇ ਫਿਰ ਲੀਨ ਹੋਣ ਦੀ ਦਿਸ਼ਾ ਪ੍ਰਦਾਨ ਕਰਦੀ ਹੈ। ਉਸ ਬਾਣੀ ਵਿਚ ਕਰਮਾਂ 'ਤੇ ਜ਼ੋਰ ਦਿਤਾ ਗਿਆ ਹੈ। ਫਿਰ ਵਾਹਿਗੁਰੂ ਦੀ ਮਿਹਰ ਚਾਹੀਦੀ ਹੈ, ਪ੍ਰਮਾਤਮਾ ਹੀ ਨੀਚਾਂ ਨੂੰ ਉੱਚਾ ਬਣਾ ਦਿੰਦਾ ਹੈ। ਇਸ ਨੂੰ ਉਹ ਕਈ ਵਾਰ ਦ੍ਰਿੜ੍ਹ ਕਰਦੇ ਹਨ –

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥*
*ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥*
*ਅੰਗ – ੧੧੦੬*

ਪ੍ਰਭੂ ਭਗਤੀ ਦੇ ਬਰਾਬਰ ਹੋਰ ਕੋਈ ਵਸਤੂ ਨਹੀਂ। ਵਾਹਿਗੁਰੂ ਸਰਬ ਸਿਰਜਣਹਾਰ, ਸਰਬ ਪਾਲਣਹਾਰ ਹੈ ਤੇ ਸਰਬ ਵਿਨਾਸ਼ਕਾਰ ਹੈ। ਜਿਸ 'ਤੇ ਉਸ ਦੀਆਂ ਬਖਸ਼ਿਸ਼ਾਂ ਦੀ ਰਹਿਮਤ ਦੀ ਬਾਰਿਸ਼ ਹੋ ਜਾਵੇ ਉਹ ਸਫਲਤਾ ਤੇ ਖੁਸ਼ੀਆਂ ਪ੍ਰਾਪਤ ਕਰੀਂ ਜਾਂਦਾ ਹੈ ਸੋ ਵਾਹਿਗੁਰੂ 'ਤੇ ਵਿਸ਼ਵਾਸ਼ ਨਾਲ ਹੀ ਉਸ ਦੀਆਂ ਮਿਹਰਾਂ ਪ੍ਰਾਪਤ ਹੁੰਦੀਆਂ ਹਨ। ਆਪ ਜੀ ਦੀ ਬਾਣੀ ਹੈ –

*ਹੋਇ ਪੁਨੀਤ ਭਗਵੰਤ ਭਜਨ ਤੇ*
*ਆਪੁ ਤਾਰਿ ਤਾਰੇ ਕੁਲ ਦੋਇ ॥ ੧ ॥*
*ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥*
*ਜਿਨਿ ਪੀਆ ਸਾਰ ਰਸੁ ਤਜੇ*
*ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥ ੨ ॥*
*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ – ੮੫੮*

ਭਗਤ ਰਵਿਦਾਸ ਜੀ ਦਾ ਜਨਮ ਵਾਰਾਨਸੀ (ਬਨਾਰਸ) ਵਿਚ ਹੋਇਆ ਹੈ। ਬਨਾਰਸ ਉਨ੍ਹਾਂ ਦਿਨਾਂ ਵਿਚ ਬ੍ਰਾਹਮਣਵਾਦਾਂ ਦੇ ਪ੍ਰਵਾਹ ਦਾ ਮੁੱਖ ਕੇਂਦਰ ਸੀ। ਗੰਗਾ ਦਰਿਆ ਤੇ ਕੰਢੇ ਵਸੇ ਸ਼ਹਿਰ ਵਿਚ ਵੱਖ-ਵੱਖ ਵਿਚਾਰਧਾਰਾਵਾਂ ਦੇ ਪ੍ਰਵਾਹ ਉਠੇ ਸਨ। ਭਾਰਤੀ ਸਮਾਜ ਦੀ ਬਣਤਰ ਵਿਚ ਜਾਤ-ਪਾਤ ਤੇ ਵਰਣਵਾਦੀ-ਵਿਚਾਰਧਾਰਾ, ਮਾਰੂ ਤੇ ਹਾਨੀਕਾਰਕ ਸਿੱਧ ਹੋਈ ਹੈ। ਇਸ ਵਿਚਾਰਧਾਰਾ ਦੇ ਬਾਨੀ ਸ੍ਰੀ ਮਨੂੰ ਜੀ ਸਨ। ਉਸ ਦਾ ਵਰਣ-ਸਿਧਾਂਤ ਉਸ ਸਮੇਂ ਦੇ ਭਾਰਤੀ ਸਮਾਜ ਲਈ ਸਮਾਜਿਕ ਨਾ-ਬਰਾਬਰੀ ਲਈ ਜ਼ਿੰਮੇਵਾਰ ਸੀ। ਇਸ ਜ਼ਿੱਲ੍ਹਤ ਨੂੰ ਗਲੋਂ ਲਾਹੁਣ ਲਈ ਭਾਰਤ ਵਾਸੀਆਂ ਨੂੰ ਇਕ ਲੰਮਾ ਸੰਘਰਸ਼ ਕਰਨਾ ਪਿਆ।

ਭਗਤ ਰਾਮਾਨੁਜ ਜੀ ਨੇ ਸਰਗੁਣ-ਭਗਤੀ ਲਹਿਰ ਦੀ ਪਰੰਪਰਾ ਚਲਾਈ। ਇਸ ਵਿਚਾਰਧਾਰਾ ਦਾ ਭਾਰਤੀਆਂ ਨੇ ਬੜੇ ਚਾਹ ਨਾਲ ਸੁਆਗਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀਕਾਰਾਂ ਨੂੰ ਪ੍ਰੇਮ ਜਾਂ ਭਗਤੀ ਰਾਹੀਂ ਹਿੰਦੂ, ਮੁਸਲਿਮ ਤੇ ਸਿੱਖ ਏਕਤਾ ਨੂੰ ਇਕ ਮੰਚ 'ਤੇ ਲਿਆ ਕੇ ਮਾਨਵਵਾਦ ਅਤੇ ਮਨੁੱਖੀ-ਏਕਤਾ ਵਲ ਪ੍ਰੇਰਿਤ ਕੀਤਾ।

ਭਗਤ ਰਵਿਦਾਸ ਜੀ ਭਗਤੀ ਲਹਿਰ ਦੀ ਨਿਰਗੁਣਧਾਰਾ ਦੇ ਪ੍ਰਮੁੱਖ ਭਗਤਾਂ 'ਚੋਂ ਇਕ ਮੰਨੇ ਜਾਂਦੇ ਹਨ। ਭਗਤ ਰਵਿਦਾਸ ਜੀ ਦੂਰ-ਅੰਦੇਸ਼ੀ ਸਨ। ਉਹ ਅੰਤਰਮੁਖੀ ਹੋ ਕੇ ਆਪਣੇ ਵੱਲ ਸੰਕੇਤ ਕਰਦੇ ਹਨ –

*ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥ ਅੰਗ – ੪੮੬*

*ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥*
*ਅੰਗ – ੬੫੮*

ਉਹ ਇਸ ਗੱਲ 'ਤੇ ਫਖਰ ਮਹਿਸੂਸ ਕਰਦੇ ਹਨ ਕਿ ਮੈਂ ਅਖੌਤੀ ਨੀਵੀਂ ਜਾਤ ਦਾ ਹਾਂ –

*ਚਮਰਟਾ ਗਾਂਠਿ ਨ ਜਨਈ ॥ ਲੋਗੁ ਗਠਾਵੈ ਪਨਹੀ ॥ ੧ ॥*
*ਰਹਾਉ ॥*
*ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥*
*ਅੰਗ – ੬੫੯*

ਉਹ ਆਪਣੇ ਆਪ ਨੂੰ ਖਾਲਸ ਚਮਾਰ ਜਾਤ ਨਾਲ ਸਬੰਧਿਤ ਕਹਿਣ ਵਿਚ ਗੌਰਵ ਸਮਝਦੇ ਸਨ। ਉਨ੍ਹਾਂ ਹਮੇਸ਼ਾਂ ਕਿਰਤ ਕਰਨ ਨੂੰ ਵਡਿਆਇਆ ਹੈ। ਕਿਰਤ ਸਦਕਾ ਹੀ, ਕਰਮ ਸਦਕਾ ਹੀ ਭਗਤ ਰਵਿਦਾਸ ਜੀ ਨੂੰ ਵਡਿਆਈ ਤੇ ਉਤਮਤਾ ਮਿਲੀ ਹੈ। ਉਨ੍ਹਾਂ ਦੀ ਆਪਣੀ ਸ਼ਖਸੀਅਤ ਇਸ ਸੱਚਾਈ 'ਤੇ ਨਿਰਭਰ ਕਰਦੀ ਹੈ –

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥*
*ਅੰਗ – ੧੧੦੬*

ਉਨ੍ਹਾਂ ਦੀ ਤਾਲੀਮ ਦਾ ਮੁੱਖ ਧੁਰਾ ਇਹ ਹੈ ਕਿ ਮਨੁੱਖਾ

ਜੀਵਨ ਆਤਮਾ ਹੈ ਜੋ ਉਸ ਪਰਮ+ਆਤਮਾ ਪ੍ਰਮਾਤਮਾ ਨੂੰ ਮਿਲਣ ਲਈ ਤੀਬਰ ਹੈ। ਭਗਤੀ ਪ੍ਰਭੂ-ਮਿਲਾਪ ਤੇ ਪ੍ਰਭੂ-ਪ੍ਰੇਮ ਦਾ ਇਕ ਅਹਿਮ ਜ਼ਰੀਆ ਹੈ। ਉਨ੍ਹਾਂ ਦੀ ਬਾਣੀ ਵਿਚ ਪਿਆਰ, ਭਗਤੀ ਦੀ ਤੀਬਰਤਾ ਤੇ ਤੀਖਣਤਾ ਪ੍ਰਗਟ ਹੁੰਦੀ ਹੈ। ***'ਪ੍ਰੇਮ ਕੀ ਜੇਵਰੀ ਬਾਧਿਓ ਤੇਰੇ ਜਨ'*** ਵਾਹਿਗੁਰੂ ਪ੍ਰੇਮ ਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਬਿੰਬਾਂ, ਰੂਪਕਾਂ ਤੇ ਪ੍ਰਤੀਕਾਂ ਵਿਚ ਕੀਤਾ ਹੈ -

*ਜਉ ਤੁਮ ਗਿਰਿਵਰ ਤਉ ਹਮ ਮੋਰਾ ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥ ੧ ॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ ॥*
*ਜਉ ਤੁਮ ਦੀਵਰਾ ਤਉ ਹਮ ਬਾਤੀ ॥*
*ਜਉ ਤੁਮ ਤੀਰਥ ਤਉ ਹਮ ਜਾਤੀ ॥ ੨ ॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥* *ਅੰਗ - ੬੫੮*

ਭਗਤ ਰਵਿਦਾਸ ਜੀ ਨੇ ਭਾਰਤੀ ਅਧਿਆਤਮਕਤਾ ਦ੍ਰਿਸ਼ਟੀ ਤੋਂ ਮਨੁੱਖੀ ਹੋਂਦ ਨੂੰ ਪੰਛੀ ਨਾਲ ਉਪਮਾ ਦਿਤੀ ਹੈ। ਉਨ੍ਹਾਂ ਬੜੇ ਹੀ ਪ੍ਰਭਾਵਸ਼ਾਲੀ ਬਿੰਬਾਂ ਰਾਹੀਂ ਅੰਕਿਤ ਕੀਤਾ ਹੈ -

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥*
*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥*
*ਅੰਗ - ੬੫੯*

ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਚ ਫਸਿਆ ਹੋਇਆ ਹੈ। ਸ਼ਬਦ, ਸਪਰਸ਼, ਰੂਪ, ਰਸ ਤੇ ਸਾੜਾ ਉਸ ਦੇ ਮੁਕਤੀ-ਮਾਰਗ ਵਿਚ ਰੋੜੇ ਅਟਕਾਉਂਦੇ ਹਨ। ਧਰਤੀ ਦੇ ਸਾਰੇ ਜੀਵ-ਜੰਤੂ ਆਪਣੇ-ਆਪਣੇ ਕਰਮਾਂ ਦਾ ਫਲ ਭੁਗਤਦੇ ਹਨ। ਮਨ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਵਸ ਪੈ ਕੇ ਸਦਾ ਭਟਕਦਾ ਰਹਿੰਦਾ ਹੈ। ਆਵਾਗਵਣ ਦੇ ਚੱਕਰ 'ਤੋਂ ਨਿਕਲਣ ਲਈ ਸ਼ੁਭਕਰਮਾਂ ਦੀ ਜ਼ਰੂਰਤ ਹੁੰਦੀ ਹੈ। ਸੋ ਸ਼ੁਭ ਕਰਮਾਂ ਵਿਚ ਲਿਵ ਲਾਉਣ ਲਈ ਪ੍ਰਭੂ-ਭਗਤੀ 'ਤੇ ਬਲ ਦੇਣਾ ਜ਼ਰੂਰੀ ਹੈ।

*ਕਰਿ ਬੰਦਿਗੀ ਛਾਡਿ ਮੈ ਮੇਰਾ ॥*
*ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥* *ਅੰਗ - ੭੯੪*

ਸ਼ੁਭ ਕਰਮਾਂ ਦੇ ਸਾਥ ਨਾਲ ਭਾਉ-ਭਾਵ ਪੈਦਾ ਹੁੰਦਾ ਹੈ ਜੋ ਭਗਤੀ ਲਈ ਜ਼ਰੂਰੀ ਸ਼ਰਤ ਹੈ। ਮਨੁੱਖ ਉਸ ਇਕੱਠ ਤੋਂ ਵਾਰੇ ਜਾਂਦਾ ਹੈ, ਜਿੱਥੇ ਨਾਮ ਦਾ ਸੰਕਲਪ ਹੋਵੇ। ਨਾਮ ਦੇ ਸੰਕਲਪ ਵਾਲੀ ਸੰਗਤ ਸਦਾ ਲਾਭਕਾਰੀ ਹੁੰਦੀ ਹੈ -

*ਸਾਧਸੰਗਤਿ ਬਿਨਾ ਭਾਉ ਨਹੀ ਊਪਜੈ*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥* *ਅੰਗ - ੬੯੪*

ਭਗਤ ਰਵਿਦਾਸ ਜੀ ਦੀ ਬਾਣੀ ਮਨੁੱਖੀ-ਏਕਤਾ ਤੇ ਸਰਬ ਸਾਂਝੀਵਾਲਤਾ ਦੀ ਸਮਰਥਕ ਹੈ। ਉਨ੍ਹਾਂ ਮਨੁੱਖ ਦੀਆਂ ਬਣਾਈਆਂ ਦੀਵਾਰਾਂ ਵਿਰੁੱਧ ਅਵਾਜ਼ ਉਠਾਈ। ਉਨ੍ਹਾਂ ਮੰਦਰ-ਮਸਜਿਦਾਂ ਨੂੰ ਰੱਬ ਦਾ ਘਰ ਆਖਿਆ। ਉਨ੍ਹਾਂ 'ਮਾਨਵ ਸਭੀ ਸਮਾਨ' ਦੇ ਸਿਧਾਂਤ ਨੂੰ ਉਤਮਤਾ ਪ੍ਰਦਾਨ ਕੀਤੀ।

ਚੰਗੀ, ਸ਼ੁਭ ਕਰਮਾਂ ਵਾਲੀ ਤੇ ਮਾਨਵ ਦੇ ਭਲੇ ਨਾਲ ਭਰਪੂਰ ਉਨ੍ਹਾਂ ਦੀ ਬਾਣੀ ਹਰ ਇਨਸਾਨ ਨੂੰ ਸੱਚੇ-ਸੁੱਚੇ ਜੀਵਨ ਦਾ ਸਦੀਵੀ ਸੰਦੇਸ਼ਾ ਦੇ ਰਹੀ ਹੈ।

ਭਗਤ ਰਵਿਦਾਸ ਜੀ ਦਾ ਵਿਅਕਤੀਗਤ ਅਨੁਭਵ ਅਧਿਆਤਮਿਕ ਸੀ। ਜਿਸ ਦਾ ਮੰਤਵ ਸੀ ਇਕ ਈਸ਼ਵਰ ਵਿਚ ਵਿਸ਼ਵਾਸ ਕਰਨਾ, ਮਾਨਵਤਾ ਲਈ ਪ੍ਰੇਮ-ਭਾਵਨਾ ਪੈਦਾ ਕਰਨਾ, ਈਰਖਾ ਨੂੰ ਰੱਦ ਕਰਨਾ, ਜ਼ਾਤ-ਪਾਤ, ਛੂਤ-ਛਾਤ, ਮੂਰਤੀ ਪੂਜਾ ਤੇ ਫੋਕੇ ਕਰਮ-ਕਾਂਡਾਂ ਦਾ ਵਿਰੋਧ ਕਰਨਾ ਹੈ। ਲੋਕ ਚਿੰਤਨ ਨੂੰ ਲੋਕ-ਲਹਿਰ ਵਲ ਰੁਚਿਤ ਕਰਨ ਲਈ ਉਨ੍ਹਾਂ ਕਾਵਿ-ਮਾਧਿਅਮ ਨੂੰ ਚੁਣਿਆ।

*ਡਾ. ਕੀਰਤ ਸਿੰਘ*

## 2. ਵੱਡਾ ਘੱਲੂਘਾਰਾ

ਲਾਹੌਰ ਦੀ ਜਿੱਤ ਮਗਰੋਂ ਇਕ ਨਵੇਂ ਦੌਰ ਦਾ ਆਰੰਭ ਹੋਇਆ। ਇਤਿਹਾਸ ਦਾ ਰੁਖ ਬਦਲ ਗਿਆ। ਲਾਹੌਰ 'ਤੇ ਭਾਵੇਂ ਸਿੱਖਾਂ ਦਾ ਪੂਰੀ ਤਰ੍ਹਾਂ ਕਬਜ਼ਾ ਨਹੀਂ ਸੀ ਹੋਇਆ ਪਰ ਉਨ੍ਹਾਂ ਦੀ ਜਿੱਤ ਨਾਲ ਹਿੰਦੋਸਤਾਨ ਵਿਚ ਅਫਗਾਨੀ ਸਲਤਨਤ ਦੀਆਂ ਦੀਵਾਰਾਂ ਹਿੱਲ ਗਈਆਂ। ਹੁਣ ਸਿੱਖਾਂ ਨੇ ਆਪਣੇ ਆਪ ਨੂੰ ਮੁੜ ਕੇ ਸੰਗਠਿਤ ਕੀਤਾ। ਜਿਸ ਤਰ੍ਹਾਂ ਕਿ ਗੁਰਮਤਾ ਪਾਸ ਕੀਤਾ ਜਾ ਚੁੱਕਿਆ ਸੀ, ਸਿੱਖਾਂ ਦਾ ਧਿਆਨ ਜੰਡਿਆਲੇ ਦੇ ਆਕਲ ਦਾਸ ਵੱਲ ਗਿਆ ਸੀ ਜਿਸ ਨੇ ਸਿੱਖਾਂ ਵਿਰੁੱਧ ਮੁਗਲ ਹਾਕਮਾਂ ਦਾ ਸਾਥ ਦਿਤਾ ਸੀ। ਆਕਲ ਦਾਸ ਦੇ ਵਡੇਰੇ ਨਰਿੰਜਨੀਏ ਸਦਾ ਮੁਗਲ ਹਾਕਮਾਂ ਦਾ ਸਾਥ ਦਿੰਦੇ ਸਨ। ਇਹ ਨਿਰਅਪਰਾਧੀ ਸਿੱਖਾਂ ਦਾ ਮੁਗਲ ਹਾਕਮਾਂ ਨੂੰ ਪਤਾ ਦਸਦੇ ਸਨ ਅਤੇ ਮਗਰੋਂ ਉਨ੍ਹਾਂ ਨੂੰ ਫੜ੍ਹ-ਫੜ੍ਹ ਕੇ ਲਾਹੌਰ ਭੇਜਦੇ ਸਨ। ਭਾਈ ਸੁੱਖਾ ਸਿੰਘ ਨੂੰ ਗ੍ਰਿਫਤਾਰ ਕਰਵਾਉਣ ਵਾਲੇ ਵੀ ਇਹੋ ਲੋਕ ਸਨ ਤੇ ਮਗਰੋਂ ਉਸ ਦੀ ਸ਼ਹੀਦੀ ਵਿਚ ਵੀ ਇਨ੍ਹਾਂ ਨੇ ਆਪਣਾ ਹਿੱਸਾ ਪਾਇਆ। ਇਸ ਤੋਂ ਇਲਾਵਾ ਨਰਿੰਜਨੀਆਂ ਨੇ ਭਾਈ ਮਹਿਤਾਬ ਸਿੰਘ ਦੇ ਪਿੰਡ 'ਤੇ ਹਮਲਾ ਕਰਵਾਇਆ ਤੇ ਉਸ ਦੇ ਪਰਿਵਾਰ ਨੂੰ ਮਰਵਾਇਆ।

ਆਕਲ ਦਾਸ ਨੇ ਆਪਣੇ ਆਪ ਨੂੰ ਅਹਿਮਦ ਸ਼ਾਹ ਅਬਦਾਲੀ ਅੱਗੇ ਲੰਮਾ ਪਾ ਦਿਤਾ ਸੀ। ਸਿੱਖਾਂ ਨੇ ਜੰਡਿਆਲੇ ਵਲ ਕੂਚ ਕੀਤਾ ਪਰ ਆਕਲ ਦਾਸ ਨੂੰ ਸੂਚਨਾ ਮਿਲ ਗਈ ਕਿ ਸਿੱਖ ਉਸ ਦੇ ਉਤੇ ਹਮਲਾ ਕਰਨ ਵਾਲੇ ਹਨ। ਉਸ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਸੁਨੇਹਾ ਭੇਜਿਆ ਕਿ ਉਹ ਝੱਟ-ਪੱਟ ਹਿੰਦੁਸਤਾਨ 'ਤੇ ਹਮਲਾ ਕਰ ਦੇਵੇ। ਆਕਲ ਦਾਸ ਦਾ ਏਲਚੀ ਅਬਦਾਲੀ ਨੂੰ ਰੁਹਤਾਸ ਮਿਲਿਆ। ਅਬਦਾਲੀ ਪਹਿਲਾਂ ਹੀ ਉੱਥੇ ਪਹੁੰਚਿਆ ਹੋਇਆ ਸੀ। ਹੁਣ ਉਹ ਤੇਜ਼ੀ ਨਾਲ ਅੱਗੇ ਵਧਿਆ ਤੇ 3 ਫਰਵਰੀ, 1762 ਨੂੰ ਲਾਹੌਰ ਪਹੁੰਚ ਗਿਆ।

ਸਿੱਖਾਂ ਨੇ ਜੰਡਿਆਲੇ ਨੂੰ ਘੇਰਾ ਪਾ ਲਿਆ ਸੀ। ਕੁਝ

ਦਿਨਾਂ ਬਾਅਦ ਉਨ੍ਹਾਂ ਸ਼ਹਿਰ ਦਾ ਘੇਰਾ ਉਠਾ ਲਿਆ ਅਤੇ ਸਰਹਿੰਦ ਵੱਲ ਕੂਚ ਕੀਤਾ। ਜਦ ਅਬਦਾਲੀ ਜੰਡਿਆਲੇ ਪਹੁੰਚਿਆ ਤਾਂ ਸਿੱਖ ਉਥੋਂ ਜਾ ਚੁੱਕੇ ਸਨ। ਉਸ ਸਮੇਂ ਸਰਹਿੰਦ ਦਾ ਸੂਬੇਦਾਰ ਜੈਨ ਖਾਨ ਸੀ। ਅਬਦਾਲੀ ਜੰਡਿਆਲੇ ਤੋਂ ਲਾਹੌਰ ਪਰਤ ਗਿਆ ਜਿੱਥੇ ਉਸ ਨੂੰ ਪਤਾ ਚੱਲਿਆ ਕਿ ਮਲੇਰਕੋਟਲੇ ਦੇ ਨੇੜੇ ਸਿੱਖ ਸੈਨਾ ਤੇ ਜੈਨ ਖਾਨ ਦਾ ਟਕਰਾਉ ਹੋ ਰਿਹਾ ਹੈ। ਅਬਦਾਲੀ ਦੇ ਗੁੱਸੇ ਦਾ ਕੋਈ ਅੰਤ ਨਹੀਂ ਸੀ। ਉਹ ਸਿੱਖਾਂ ਦਾ ਬੀਜ ਨਾਸ ਕਰਨਾ ਚਾਹੁੰਦਾ ਸੀ। ਉਸ ਨੇ ਮਲੇਰਕੋਟਲੇ ਵੱਲ ਕੂਚ ਕੀਤਾ ਅਤੇ 5 ਫਰਵਰੀ 1762 ਨੂੰ ਆਪਣੀ ਸੈਨਾ ਸਹਿਤ ਉਥੇ ਪਹੁੰਚ ਗਿਆ। ਜਦ ਜੈਨ ਖਾਨ ਨੂੰ ਅਬਦਾਲੀ ਦੇ ਆਉਣ ਦੀ ਸੂਚਨਾ ਮਿਲੀ ਤਾਂ ਉਸ ਦਾ ਉਤਸ਼ਾਹ ਤੇ ਹੌਂਸਲਾ ਹੋਰ ਵੀ ਵੱਧ ਗਿਆ। ਉਸ ਨੇ ਸਿੱਖਾਂ ਉੱਤੇ ਜ਼ੋਰਦਾਰ ਹਮਲੇ ਕਰਨੇ ਸ਼ੁਰੂ ਕਰ ਦਿਤੇ।

ਸਵੇਰ ਦਾ ਵੇਲਾ, ਸਿੰਘ ਹਾਲੇ ਸਜੇ ਵੀ ਨਹੀਂ ਸਨ ਕਿ ਅਚਾਨਕ ਹਮਲਾ ਹੋ ਗਿਆ। ਅਬਦਾਲੀ ਨੇ ਆਪਣੀ ਸੈਨਾ ਨੂੰ ਦੋ ਭਾਗਾਂ ਵਿਚ ਵੰਡਿਆ। ਇਕ ਭਾਗ ਦੀ ਕਮਾਨ ਆਪ ਸੰਭਾਲੀ ਅਤੇ ਦੂਜੇ ਦੀ ਆਪਣੇ ਵਜ਼ੀਰ ਸ਼ਾਹ ਵਲੀ ਖਾਨ ਨੂੰ ਸੌਂਪੀ। ਉਨ੍ਹਾਂ ਸਿੱਖਾਂ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਸਿੱਖਾਂ ਦੀ ਕੁੱਲ ਗਿਣਤੀ 50,000 ਦੇ ਕਰੀਬ ਸੀ ਜਿਹੜੇ ਪਿੰਡ ਕੁੱਪ ਰੁਹੀੜੇ ਵਿਚ ਡੇਰਾ ਜਮਾਈ ਬੈਠੇ ਸਨ। ਪਿੰਡ ਕੁੱਪ ਰੁਹੀੜਾ ਮਲੇਰਕੋਟਲੇ ਤੋਂ 8 ਕਿਲੋਮੀਰ ਦੀ ਦੂਰੀ 'ਤੇ ਹੈ। ਸਿੱਖਾਂ ਦੇ ਪਰਿਵਾਰ ਗੁਰਮਾ ਪਿੰਡ ਵਿਚ ਬੈਠੇ ਸਨ। ਜੈਨ ਖਾਨ ਸਿੱਖਾਂ 'ਤੇ ਟੁੱਟ ਕੇ ਪੈ ਗਿਆ ਤਾਂ ਜੋ ਉਹ ਪਿੰਡ ਗੁਰਮਾ ਆਪਣੇ ਪਰਿਵਾਰਾਂ ਕੋਲ ਨਾ ਪਹੁੰਚ ਸਕਣ। ਜੈਨ ਖਾਨ ਮੁਸ਼ਕਿਲ ਨਾਲ ਹਾਲੇ ਢਾਈ ਕਿਲੋਮੀਟਰ ਹੀ ਵਧਿਆ ਸੀ ਕਿ ਸਿੱਖ ਉਸ ਦੀ ਸੈਨਾ 'ਤੇ ਟੁੱਟ ਪਏ। ਉਸਨੂੰ ਬੁਰੀ ਤਰ੍ਹਾਂ ਨਾਲ ਹਾਰ ਦਿਤੀ ਅਤੇ ਆਪਣੇ ਪਰਿਵਾਰਾਂ ਵੱਲ ਵਧਣ ਲੱਗੇ। ਜਦ ਉਹ ਗੁਰਮਾ ਪਿੰਡ ਵਿਚ ਦਾਖਲ ਹੋਣ ਲੱਗੇ ਤਾਂ ਅਫਗਾਨੀਆਂ ਨੇ ਜ਼ੋਰਦਾਰ ਹਮਲਾ ਕੀਤਾ। ਸਾਰੇ ਸਿੱਖ ਘੇਰੇ ਵਿਚ ਆ ਗਏ। ਉਨ੍ਹਾਂ ਨੇ ਜਮ ਕੇ ਲੜਾਈ ਲੜੀ। ਕੁਝ ਸਰਦਾਰਾਂ ਨੂੰ ਪਰਿਵਾਰਾਂ ਦੀ ਦੇਖ-ਭਾਲ ਲਈ ਭੇਜਿਆ ਤਾਂ ਜੋ ਵਹੀਰ ਨੂੰ ਬਰਨਾਲੇ ਪਹੁੰਚਾ ਦਿਤਾ ਜਾਵੇ। ਸਿੱਖਾਂ ਦੇ ਪੈਰ ਉਖੜ ਗਏ। ਬੇਅੰਤ ਸਿੱਖ ਸ਼ਹੀਦ ਹੋਏ। ਪਰਿਵਾਰਾਂ ਦੇ ਪਰਿਵਾਰ ਮਾਰੇ ਗਏ। ਵਹੀਰ ਦਾ ਬਹੁਤ ਨੁਕਸਾਨ ਹੋਇਆ। ਅਬਦਾਲੀ ਦੀ ਇਹ ਇੱਛਾ ਸੀ ਕਿ ਵਹੀਰ ਦੇ ਐਨ ਵਿਚਕਾਰ ਪਹੁੰਚ ਕੇ ਇਹੋ ਜਿਹਾ ਕਤਲ-ਏ-ਆਮ ਕੀਤਾ ਜਾਏ ਕਿ ਸਿੱਖਾਂ ਦੀ ਕਮਰ ਟੁੱਟ ਜਾਏ। ਅਬਦਾਲੀ ਦੀ ਚਾਲ ਸਿੱਖ ਸਮਝ ਗਏ। ਸਾਰੇ ਜੱਥੇ ਇਕੱਠੇ ਹੋ ਗਏ ਅਤੇ ਲੜਨ ਦੀ ਨਵੀ ਵਿਉਂਤ ਬਣਾਈ।

ਅਚਾਨਕ ਹਮਲਿਆਂ ਕਾਰਨ ਸਿੱਖ ਸਰਦਾਰਾਂ ਨੇ ਬੜੀ ਹੁਸ਼ਿਆਰੀ ਤੇ ਫੁਰਤੀ ਨਾਲ ਆਪਣੇ ਆਪ ਨੂੰ ਬਚਾਇਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸ਼ਾਮ ਸਿੰਘ ਅਤੇ ਸਰਦਾਰ ਚੜਤ ਸਿੰਘ ਨੇ ਉਹ ਹੱਥ ਦਿਖਾਏ ਕਿ ਦੁਨੀਆਂ ਵੇਖ-ਸੁਣ ਕੇ ਦੰਗ ਰਹਿ ਗਈ। ਸਰਦਾਰ ਆਹਲੂਵਾਲੀਆ ਦੇ ਸਰੀਰ 'ਤੇ 22 ਅਤੇ ਸ਼ੁਕਰਚੱਕੀਆ ਸਰਦਾਰ ਦੇ ਸਰੀਰ 'ਤੇ 19 ਜ਼ਖਮ ਆਏ।

ਤੋਪਾਂ ਦੀ ਗੜਗੜਾਹਟ ਮੈਦਾਨ-ਏ-ਜੰਗ ਵਿਚ ਗੂੰਜ ਰਹੀ ਸੀ। ਅਬਦਾਲੀ ਦੀ ਸੈਨਾ 1,50,000 ਤੋਂ ਵੱਧ ਸੀ। ਸਿੱਖਾਂ ਵਿਚ ਦ੍ਰਿੜ੍ਹਤਾ ਅਤੇ ਨਿਸ਼ਚਾ ਸੀ। ਕੌਮ ਦਾ ਸਿਰ ਉੱਚਾ ਕਰਨ ਦੀ ਭਾਵਨਾ ਸੀ। ਹਜ਼ਾਰਾਂ ਬੁੱਢੇ, ਬੱਚੇ ਤੇ ਇਸਤ੍ਰੀਆਂ ਵੀ ਸ਼ਹੀਦ ਹੋਈਆਂ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਹਰ ਪਾਸੇ ਲਹੂ ਦਾ ਦਰਿਆ ਵਗ ਰਿਹਾ ਸੀ। ਕੱਟ-ਵੱਢ ਹੁੰਦੀ ਰਹੀ ਪਰ ਸਿੱਖ ਅੱਗੇ ਵਧਦੇ-ਵਧਦੇ ਰਾਤ ਪੈਣ ਤਕ ਕੁਤਬ ਪਿੰਡ ਪਹੁੰਚ ਗਏ। ਉਥੇ ਇਕ ਤਲਾਅ ਸੀ। ਅਬਦਾਲੀ ਦੀ ਸੈਨਾ ਨੇ ਰੱਜ ਕੇ ਪਾਣੀ ਪੀਤਾ। ਸਿੱਖਾਂ ਨੇ ਵੀ ਆਪਣੀ ਪਿਆਸ ਬੁਝਾਈ। ਇਕ ਪਾਸੇ ਅਫਗਾਨੀ ਤੇ ਦੂਜੇ ਪਾਸੇ ਸਿੱਖ ਪਾਣੀ ਪੀ ਰਹੇ ਸਨ। ਇਥੇ ਅਬਦਾਲੀ ਦੀ ਸੈਨਾ ਰਾਤ ਲਈ ਰੁਕ ਗਈ ਪਰ ਪਰ ਸਿੱਖ ਅੱਗੇ ਚਲਦੇ-ਚਲਦੇ ਬਰਨਾਲੇ ਜਾ ਪਹੁੰਚੇ।

ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਇਕੋ ਦਿਨ ਵਿਚ ਤਕਰੀਬਨ 30,000 ਸਿੱਖ ਸ਼ਹੀਦ ਹੋ ਗਏ। ਕੁੱਲ ਗਿਣਤੀ 50,000 ਤੇ ਸ਼ਹੀਦ 30,000। ਇਹੋ ਜਿਹੀ ਇਕੱਠਿਆਂ ਸ਼ਹਾਦਤ ਵਾਲੀ ਉਦਾਹਰਣ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਇਸ ਖੂਨੀ ਘਟਨਾ ਨੂੰ 'ਵੱਡਾ ਘੱਲੂਘਾਰਾ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਸਿੱਖਾਂ ਦੇ ਮਨ ਛਲਣੀ ਹੋ ਗਏ ਜਦ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਪਵਿੱਤਰ ਬੀੜਾਂ ਦੇ ਸੜਨ ਦਾ ਪਤਾ ਲੱਗਾ।

ਅਬਦਾਲੀ ਨੇ ਸੋਚਿਆ ਸੀ ਕਿ ਸਿੱਖ ਹੁਣ ਮੁੜ ਕਦੇ ਵੀ ਨਹੀਂ ਉਠ ਸਕਣਗੇ। ਅੱਧੀ ਤੋਂ ਵੱਧ ਕੌਮ ਸ਼ਹੀਦ, ਉਸ ਦਾ ਸੋਚਣਾ ਸੁਭਾਵਕ ਸੀ ਪਰ ਉਸ ਦਾ ਅੰਦਾਜ਼ਾ ਗਲਤ ਨਿਕਲਿਆ। ਸਿੱਖਾਂ ਨੂੰ ਮੌਤ ਨਾ ਡਰਾ ਸਕੀ। ਜ਼ੁਲਮ ਉਨ੍ਹਾਂ ਨੂੰ ਦਬਾ ਨਾ ਸਕਿਆ। ਲੜਾਈ ਤੋਂ ਅਗਲੇ ਦਿਨ ਸਿੱਖਾਂ ਨੇ ਅਕਾਲ ਪੁਰਖ ਅੱਗੇ ਮੁੜ ਚੜ੍ਹਦੀ ਕਲਾ ਲਈ ਅਰਦਾਸ ਕੀਤੀ, ਜਿਸ ਸਦਕਾ ਸਿੱਖਾਂ ਨੇ ਤਿੰਨ ਮਹੀਨਿਆਂ ਦੇ ਵਿਚ-ਵਿਚ ਸਰਹਿੰਦ ਉਤੇ ਹਮਲਾ ਕਰਕੇ ਜੈਨ ਖਾਨ ਕੋਲੋਂ ਈਨ ਮਨਵਾਈ।

ਸਿੱਖ ਬਰਨਾਲੇ ਪਹੁੰਚ ਗਏ। ਉਨ੍ਹਾਂ ਨੂੰ ਪੂਰੀ ਆਸ ਸੀ ਕਿ ਪਟਿਆਲੇ ਦਾ ਆਲਾ ਸਿੰਘ ਉਨ੍ਹਾਂ ਦੀ ਪੂਰੀ ਸਹਾਇਤਾ ਕਰੇਗਾ ਪਰ ਆਲਾ ਸਿੰਘ ਨੇ ਆਪਣੀ ਨਿਰਪੱਖਤਾ ਦੀ ਪੁਰਾਣੀ ਨੀਤੀ ਅਪਣਾਈ ਰੱਖੀ। ਉਹ ਪਟਿਆਲਾ ਛੱਡ ਕੇ ਡੰਡਹੂਟਾ ਜਿਹੜਾ ਉਥੋਂ 25 ਕਿਲੋਮੀਟਰ ਦੂਰ ਸੀ, ਜਾ ਡੇਰਾ ਜਮਾਇਆ।

ਅਹਿਮਦ ਸ਼ਾਹ ਚਾਹੁੰਦਾ ਸੀ ਕਿ ਆਲਾ ਸਿੰਘ ਨੂੰ ਚਾਹੀਦਾ ਹੈ ਕਿ ਉਹ ਉਸ ਦੇ ਦਰਬਾਰ ਵਿਚ ਆ ਕੇ ਸਜਦਾ ਕਰੇ ਕਿਉਂਕਿ ਉਹ ਉਸ ਦੇ ਇਲਾਕੇ ਵਿਚ ਆਇਆ ਹੋਇਆ ਹੈ। ਆਲਾ ਸਿੰਘ ਦੁਚਿੱਤੀ ਵਿਚ ਫਸਿਆ ਹੋਇਆ ਸੀ। ਜੇ ਉਹ ਅਬਦਾਲੀ ਅੱਗੇ ਝੁਕਦਾ ਹੈ ਤਾਂ ਸਿੱਖ ਉਸ

ਨਾਲ ਸਖਤ ਨਰਾਜ਼ ਹੋ ਜਾਣਗੇ ਅਤੇ ਉਹ ਨਹੀਂ ਜਾਂਦਾ ਤਾਂ ਅਬਦਾਲੀ ਦੀ ਕਰੋਪੀ ਦਾ ਸ਼ਿਕਾਰ ਹੁੰਦਾ ਹੈ। ਅੰਤ ਬੜੀ ਸੋਚ ਵਿਚਾਰ ਮਗਰੋਂ ਉਸ ਨੇ ਅਬਦਾਲੀ ਨੂੰ ਨਾ ਮਿਲਣ ਦਾ ਨਿਸ਼ਚਾ ਕੀਤਾ। ਆਲਾ ਸਿੰਘ ਦੇ ਦੋਖੀ ਹਰਕਤ ਵਿਚ ਆ ਗਏ ਅਤੇ ਅਬਦਾਲੀ ਦੇ ਕੰਨ ਭਰਨ ਲੱਗੇ। ਇਨ੍ਹਾਂ ਦੋਖੀਆਂ ਵਿਚ ਮਲੇਰਕੋਟਲੇ ਦਾ ਨਵਾਬ, ਲਛਮੀ ਨਰਾਇਣ, ਜੈਨ ਖਾਨ ਦਾ ਦੀਵਾਨ ਅਤੇ ਰਾਏ ਕੋਟ ਦਾ ਰਾਏ ਸ਼ਾਮਲ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਅਬਦਾਲੀ ਦੀ ਸੈਨਾ ਨੇ ਬਰਨਾਲੇ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਉਸਨੂੰ ਅੱਗ ਲਗਾ ਦਿਤੀ ਅਤੇ ਆਲੇ-ਦੁਆਲੇ ਦਾ ਸਾਰਾ ਇਲਾਕਾ ਉਜਾੜ ਦਿਤਾ। ਫਿਰ ਅਬਦਾਲੀ ਡੰਡਹੂਟਾ ਵਲ ਵਧਿਆ ਪਰ ਆਲਾ ਸਿੰਘ ਉਥੋਂ ਨਿਕਲ ਗਿਆ। ਉਹ ਨਜੀਬ-ਉਦ-ਦੌਲਾ ਨੂੰ ਮਿਲਿਆ ਜਿਸ ਨੇ ਆਲਾ ਸਿੰਘ ਨੂੰ ਅਬਦਾਲੀ ਦੇ ਸਾਮ੍ਹਣੇ ਪੇਸ਼ ਹੋਣ ਦਾ ਸੁਝਾਅ ਦਿਤਾ। ਆਲਾ ਸਿੰਘ ਲਈ ਹੋਰ ਕੋਈ ਚਾਰਾ ਨਹੀਂ ਸੀ। ਉਹ ਅਬਦਾਲੀ ਦੇ ਸਾਮ੍ਹਣੇ ਪੇਸ਼ ਹੋਇਆ ਜਿਸ ਨੇ ਉਸ ਦੇ ਕੇਸ ਕੱਟੇ ਜਾਣ ਦਾ ਹੁਕਮ ਦਿਤਾ। ਆਲਾ ਸਿੰਘ ਨੇ ਸਵਾ ਲੱਖ ਰੁਪਏ ਦੇ ਕੇ ਆਪਣੇ ਕੇਸਾਂ ਦੀ ਰੱਖਿਆ ਕੀਤੀ। ਇਹ ਵੀ ਦੱਸਿਆ ਜਾਂਦਾ ਹੈ ਆਲਾ ਸਿੰਘ ਦੀ ਰਾਣੀ ਬੀਬੀ ਫੱਤੂ ਨੇ 4 ਲੱਖ ਰੁਪਿਆ ਅਬਦਾਲੀ ਨੂੰ ਹੋਰ ਭੇਟ ਕੀਤਾ ਤਾਂ ਜੋ ਉਸਨੂੰ ਕੋਈ ਹਾਨੀ ਨਾ ਪਹੁੰਚਾਈ ਜਾਵੇ। ਅਬਦਾਲੀ ਨੇ ਵੀ ਨਰਮ ਵਤੀਰਾ ਅਪਣਾਇਆ ਅਤੇ ਆਲਾ ਸਿੰਘ ਨੂੰ ਬਖਸ਼ ਦਿਤਾ। ਉਸਨੂੰ ਖਿਲਅਤ ਪੇਸ਼ ਕੀਤੀ ਗਈ ਅਤੇ ਸਰਹਿੰਦ ਦੇ ਸੂਬੇਦਾਰ ਦੇ ਨਾਂ 'ਤੇ ਇਕ ਫੁਰਮਾਨ ਜਾਰੀ ਕੀਤਾ ਗਿਆ ਕਿ ਆਲਾ ਸਿੰਘ ਦੀਆਂ ਜਬਤ ਕੀਤੀਆਂ ਹੋਈਆਂ ਜਾਗੀਰਾਂ ਉਸਨੂੰ ਮੋੜ ਦਿਤੀਆਂ ਜਾਣ। ਆਲਾ ਸਿੰਘ ਨੂੰ ਰਾਜਾ ਦਾ ਖਿਤਾਬ ਦਿਤਾ ਗਿਆ ਅਤੇ ਉਸ ਦੇ ਬਦਲੇ ਵਿਚ ਸਾਲਾਨਾ ਖਰਾਜ ਦੇਣਾ ਮੰਨ ਲਿਆ। ਆਲਾ ਸਿੰਘ ਨੇ ਸ਼ਾਹ ਦੇ ਨਾਂ ਦਾ ਇਕ ਸਿੱਕਾ ਜਾਰੀ ਕੀਤਾ। 15 ਫਰਵਰੀ 1762 ਨੂੰ ਅਬਦਾਲੀ ਲਾਹੌਰ ਲਈ ਚੱਲ ਪਿਆ। ਉਹ ਆਪਣੇ ਨਾਲ ਸਿੱਖਾਂ ਦੇ ਸਿਰਾਂ ਦੇ ਪੰਜਾਹ ਗੱਡੇ ਭਰ ਕੇ ਲੈ ਗਿਆ। ਜਿਹੜੇ ਸਿੱਖ ਕੈਦੀ ਬਣਾਏ ਗਏ ਸਨ, ਉਹ ਵੀ ਨਾਲ ਲੈ ਤੁਰਿਆ। ਅਬਦਾਲੀ 3 ਮਾਰਚ, 1762 ਤੋਂ 17 ਦਸੰਬਰ, 1762 ਤਕ ਲਾਹੌਰ ਰਿਹਾ।

ਲਾਹੌਰ ਵਿਚ ਸਿੱਖਾਂ ਦੇ ਸਿਰਾਂ ਦੇ ਮਿਨਾਰ ਖੜ੍ਹੇ ਕੀਤੇ ਗਏ। ਸ਼ਹਿਰ ਦੀਆਂ ਮਸੀਤਾਂ ਨੂੰ ਸਿੱਖਾਂ ਦੇ ਖੂਨ ਨਾਲ ਧੋਤਾ ਗਿਆ। ਅਬਦਾਲੀ ਕੁਝ ਮਹੀਨਾ ਲਾਹੌਰ ਟਿਕਿਆ ਤਾਂ ਜੋ ਸਿੱਖ ਮੁੜ ਕੇ ਸਿਰ ਨਾ ਚੁੱਕ ਸਕਣ। ਉਸ ਨੇ ਆਪਣੇ ਖਜ਼ਾਨੇ ਨੂੰ ਵੀ ਭਰਨ ਦਾ ਯਤਨ ਕੀਤਾ। ਉਸ ਨੇ ਆਪਣੇ ਹਿੰਦੁਸਤਾਨੀ ਸਾਥੀਆਂ ਨੂੰ ਲਿਖਿਆ ਕਿ ਉਹ ਆਪਣੇ ਪ੍ਰਤੀਨਿਧ ਉਸ ਦੇ ਕੋਲ ਭੇਜਣ। ਮਰਹੱਟਿਆਂ ਦੇ ਦਿਲੀ ਵਿਚ ਰਹਿੰਦੇ ਰਾਜਦੂਤਾਂ ਬਾਪੂ ਅਤੇ ਪਰਸ਼ੋਤਮ ਨੂੰ ਚਿੱਠੀ ਲਿਖੀ। ਉਹ ਅਬਦਾਲੀ ਦੇ ਦਰਬਾਰ ਵਿਚ ਹਾਜ਼ਰ ਹੋਏ। ਪੇਸ਼ਵਾ ਨਾਲ ਉਨ੍ਹਾਂ ਰਾਹੀਂ ਗੱਲਬਾਤ ਹੋਈ। ਪੇਸ਼ਵਾ ਹਾਜ਼ਰ ਹੋਇਆ ਅਤੇ ਉਸ ਦੇ ਅਧਿਕਾਰਾਂ ਨੂੰ ਮੰਨ ਲਿਆ ਗਿਆ। ਅਬਦਾਲੀ ਅਤੇ ਪੇਸ਼ਵਾ ਵਿਚ ਮਿਤਰਤਾ ਹੋ ਗਈ।

10 ਅਪ੍ਰੈਲ, 1762 ਨੂੰ ਲਾਹੌਰ ਤੋਂ ਅਬਦਾਲੀ ਸ੍ਰੀ ਅੰਮ੍ਰਿਤਸਰ ਪਹੁੰਚਿਆ। ਉਸ ਨੇ ਹੁਕਮ ਦਿਤਾ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਤੋਪਾਂ ਬੀੜ ਕੇ ਉਡਾ ਦਿਤਾ ਜਾਵੇ। ਸ੍ਰੀ ਹਰਿਮੰਦਰ ਸਾਹਿਬ ਉਡਾ ਦਿਤਾ ਗਿਆ, ਬੁੰਗੇ ਢਾਹ ਦਿਤੇ ਗਏ। ਪਵਿੱਤਰ ਸਰੋਵਰ ਨੂੰ ਪੂਰ ਦਿਤਾ ਗਿਆ। ਅਬਦਾਲੀ ਚਾਹੁੰਦਾ ਸੀ ਕਿ ਸਿੱਖਾਂ ਦੀ ਸ਼ਕਤੀ ਦਾ ਸੋਮਾ ਹੀ ਜੜ੍ਹੋਂ ਉਖਾੜ ਦਿਤਾ ਜਾਏ। ਦੱਸਿਆ ਜਾਂਦਾ ਹੈ ਕਿ ਜਦ ਅਬਦਾਲੀ ਤੋਪਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਉਡਾ ਰਿਹਾ ਸੀ ਤਾਂ ਇਕ ਇੱਟ ਆ ਕੇ ਉਸ ਦੀ ਨੱਕ 'ਤੇ ਵੱਜੀ ਅਤੇ ਜਿਹੜਾ ਜ਼ਖਮ ਉਸ ਦੇ ਨੱਕ 'ਤੇ ਹੋਇਆ ਉਹ ਕੈਂਸਰ ਦਾ ਰੂਪ ਧਾਰਨ ਕਰ ਗਿਆ ਤੇ ਉਸ ਦੇ ਲਈ ਜਾਨ-ਲੇਵਾ ਸਾਬਤ ਹੋਇਆ।

*ਸ. ਸੁਰਿੰਦਰ ਸਿੰਘ*

## 3. ਸਾਕਾ ਸ੍ਰੀ ਨਨਕਾਣਾ ਸਾਹਿਬ -

ਸਿੱਖ ਧਰਮ ਨੂੰ ਸੰਸਥਾਗਤ ਸਰੂਪ ਪ੍ਰਦਾਨ ਕਰਨ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਹੀ ਹੋ ਗਈ ਸੀ। ਸਿੱਖ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਸਥਾਪਤੀ ਅਤੇ ਭਵਿੱਖ ਮੁਖੀ ਪਹੁੰਚ ਨੂੰ ਮੁੱਖ-ਰਖਦਿਆਂ ਵੱਖ-ਵੱਖ ਸੰਸਥਾਵਾਂ ਦਾ ਮੁੱਢ ਬੰਨ੍ਹਿਆ, ਜਿਨ੍ਹਾਂ 'ਚੋਂ ਪ੍ਰਮੁੱਖ ਸਨ ਸੰਗਤ, ਪੰਗਤ, ਧਰਮਸਾਲ ਆਦਿ। ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਧਰਮਸਾਲ ਦੀ ਸੰਸਥਾ ਨੇ ਆਰੰਭ ਹੋ ਕੇ ਸਮੇਂ ਦੇ ਬੀਤਣ ਨਾਲ ਧਰਮਸਾਲ ਤੋਂ ਗੁਰਦੁਆਰਾ ਤਕ ਦਾ ਸਫਰ ਤੈਅ ਕੀਤਾ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਅਤੇ ਸੇਵਾ-ਸੰਭਾਲ ਪ੍ਰਤੀ ਹਰੇਕ ਸਿੱਖ ਆਪਣੇ ਦਿਲ ਵਿਚ ਹਮੇਸ਼ਾਂ ਅਥਾਹ ਸ਼ਰਧਾ ਸਮੋਈ ਰਖਦਾ ਹੈ, ਪਰ ਜਦ ਕਦੇ ਗੁਰਦੁਆਰਾ ਪ੍ਰਬੰਧ 'ਚ ਖਾਮੀਆਂ ਆਈਆਂ, ਇਨ੍ਹਾਂ ਤੋਂ ਨਿਜਾਤ ਦਿਵਾਉਣ ਲਈ ਸਿੱਖ ਸੰਗਤਾਂ ਹਮੇਸ਼ਾਂ ਇਕ ਜੁਟ ਹੋ ਕੇ ਯਤਨਸ਼ੀਲ ਰਹੀਆਂ। ਪਿਛਲੀ ਸਦੀ ਵਿਚ ਅਜਿਹੇ ਨਿਘਾਰ ਤੋਂ ਮੁਕਤ ਕਰਵਾ ਗੁਰਮਤਿ ਅਨੁਸਾਰੀ ਪ੍ਰਬੰਧ ਚਲਾਉਣ ਦੇ ਯਤਨ ਨੂੰ ਸਿੱਖ ਇਤਿਹਾਸ ਵਿਚ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਸੇ ਨੂੰ ਹੀ 'ਅਕਾਲੀ ਲਹਿਰ' ਦਾ ਨਾਮ ਵੀ ਦਿਤਾ ਗਿਆ ਹੈ।

ਪੰਥਕ ਪ੍ਰਬੰਧ ਹੇਠ ਆਉਣ ਤੋਂ ਪਹਿਲਾ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਉਦਾਸੀ, ਨਿਰਮਲੇ ਸਾਧੂ ਤੇ ਸੰਪਰਦਾਵਾਂ ਕਰਦੀਆਂ ਸਨ। ਮਹਾਰਾਜ ਰਣਜੀਤ ਸਿੰਘ ਨੇ ਆਪਣੇ ਰਾਜਕਾਲ ਦੌਰਾਨ ਗੁਰਦੁਆਰਾ ਸਾਹਿਬਾਨ ਦੇ ਨਾਲ ਜ਼ਮੀਨਾਂ-ਜਾਗੀਰਾਂ ਆਦਿ ਲਗਵਾਈਆਂ ਅਤੇ ਗੁਰਦੁਆਰਾ ਸਾਹਿਬਾਨ ਦੀਆਂ ਨਵੀਆਂ ਇਮਾਰਤਾਂ ਵੀ ਤਿਆਰ ਕਰਵਾਈਆਂ। ਗੁਰਦੁਆਰਾ ਸਾਹਿਬਾਨ ਦੀ ਆਮਦਨ ਵਿਚ ਵਾਧਾ ਹੋਣ ਅਤੇ ਪੰਜਾਬ ਉਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਪਿੱਛੋਂ ਪ੍ਰਬੰਧ ਵਿਚ ਵਿਗਾੜ ਆਉਣੇ ਸ਼ੁਰੂ ਹੋ ਗਏ। ਅੰਗਰੇਜ਼ਾਂ

ਦੁਆਰਾ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਵਿਚ ਸਿੱਧੀ ਦਖਲ-ਅੰਦਾਜ਼ੀ ਹੋਣ ਲੱਗੀ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਮਨਮਾਨੀਆਂ ਅਤੇ ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਲੱਗ ਪਏ। ਇਸ ਨਾਲ ਸਿੱਖਾਂ 'ਚ ਰੋਸ ਤੇ ਰੋਹ ਪੈਦਾ ਹੋ ਗਿਆ ਅਤੇ ਇਸੇ ਰੋਸ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਨੂੰ ਜਨਮ ਦਿਤਾ ਜਿਸ ਵਿਚ ਸਿੰਘਾਂ ਨੂੰ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ। ਇਸ ਲਹਿਰ ਦੇ ਦੌਰਾਨ ਸਿੱਖਾਂ ਵਲੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ 'ਚ ਸੁਧਾਰ ਹਿਤ ਗੁਰਦੁਆਰਾ ਸਾਹਿਬ ਦੇ ਮਹੰਤਾਂ ਨੂੰ ਹਟਾਉਣ ਲਈ ਭਾਰੀ ਇਕੱਠ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੌਰਾਨ ਉਥੇ ਹੋਏ ਕਤਲ-ਏ-ਆਮ ਦੀ ਘਟਨਾ ਨੂੰ 'ਸਾਕਾ ਸ੍ਰੀ ਨਨਕਾਣਾ ਸਾਹਿਬ' ਵਜੋਂ ਜਾਣਿਆ ਜਾਂਦਾ ਹੈ।

ਸ੍ਰੀ ਨਨਕਾਣਾ ਸਾਹਿਬ 'ਤੇ ਕਾਬਜ਼ ਮਹੰਤ ਨਰਾਇਣ ਦਾਸ ਗੁਰਮਤਿ ਵਿਰੋਧੀ ਕਾਰਵਾਈਆਂ ਕਾਰਨ ਬਹੁਤ ਬਦਨਾਮ ਹੋ ਚੁੱਕਾ ਸੀ। ਅਗਸਤ, 1917 ਈ: ਵਿਚ ਇਸ ਮਹੰਤ ਨੇ ਗੁਰਮਤਿ ਦੇ ਉਲਟ ਗੁਰਦੁਆਰਾ ਜਨਮ ਅਸਥਾਨ ਕੋਲ ਕੰਜਰੀਆਂ ਦਾ ਨਾਚ ਕਰਾਇਆ। ਇਸ ਦਾ ਸੰਗਤਾਂ ਨੇ ਬਹੁਤ ਬੁਰਾ ਮਨਾਇਆ। ਅਖਬਾਰਾਂ ਵਿਚ ਵੀ ਖਬਰਾਂ ਛਪੀਆਂ ਅਤੇ ਸਿੰਘ ਸਭਾਵਾਂ ਨੇ ਰੋਸ ਮਤੇ ਪਾਸ ਕੀਤੇ ਤੇ ਸਰਕਾਰ ਤੋਂ ਮਹੰਤ ਨੂੰ ਹਟਾਉਣ ਦੀ ਮੰਗ ਕੀਤੀ ਗਈ। 1918 ਈ: ਵਿਚ ਸਿੰਧ ਦਾ ਰਹਿਣ ਵਾਲਾ ਇਕ ਰਿਟਾਇਰਡ ਅਫਸਰ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਪਣੇ ਪਰਿਵਾਰ ਨਾਲ ਆਇਆ। ਮਹੰਤ ਨੇ ਉਸ ਦੇ ਪਰਿਵਾਰ ਨਾਲ ਦੁਰਵਿਵਹਾਰ ਕੀਤਾ। ਪੁਜਾਰੀਆਂ ਦੀਆਂ ਅਜਿਹੀਆਂ ਹਰਕਤਾਂ ਤੋਂ ਲੋਕ ਤੰਗ ਆ ਚੁੱਕੇ ਸਨ ਅਤੇ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ। ਅਕਤੂਬਰ, 1920 ਈ: ਵਿਚ ਜ਼ਿਲ੍ਹਾ ਸ਼ੇਖੂਪੁਰਾ ਦੇ ਪਿੰਡ ਧਾਰੋਵਾਲੀ ਵਿਖੇ ਇਕ ਸਜੇ ਦੀਵਾਨ ਵਿਚ ਸੰਗਤਾਂ ਦੇ ਇਕੱਠ 'ਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਲਈ ਮਤਾ ਪਾਸ ਕੀਤਾ ਗਿਆ, ਜਿਸ ਦੀ ਜਾਣਕਾਰੀ ਮਹੰਤ ਨੂੰ ਵੀ ਪਹੁੰਚ ਗਈ ਸੀ, ਇਸ ਲਈ ਉਸ ਨੇ ਚਾਰ-ਪੰਜ ਸੌ ਭਾੜੇ ਦੇ ਆਦਮੀ ਸਿੰਘਾਂ ਨੂੰ ਭਜਾਉਣ ਲਈ ਸੱਦ ਲਏ।

1920 ਈ: ਨੂੰ ਕੱਤਕ ਦੀ ਪੂਰਨਮਾਸ਼ੀ ਦੇ ਮੇਲੇ 'ਤੇ ਮਹੰਤ ਨਰਾਇਣ ਦਾਸ ਨੇ ਚਾਰ-ਪੰਜ ਸੌ ਆਦਮੀਆਂ ਦਾ ਮੁਜ਼ਾਹਰਾ ਕੀਤਾ। ਸੰਗਤਾਂ ਵਿਚੋਂ ਜਿਸ ਉਤੇ ਵੀ ਅਕਾਲੀ ਹੋਣ ਦਾ ਸ਼ੱਕ ਪਿਆ, ਉਸਨੂੰ ਅੰਦਰ ਜਾਣ ਤੋਂ ਰੋਕ ਦਿਤਾ। ਇਸ ਪਿੱਛੋਂ ਇਸ ਮਸਲੇ ਨੂੰ ਸਿੱਖ ਜਗਤ ਦੇ ਨੁਮਾਇੰਦਿਆਂ ਨੇ ਪੰਥਕ ਤੌਰ 'ਤੇ ਆਪਣੇ ਹੱਥ ਵਿਚ ਲੈ ਲਿਆ। 23 ਜਨਵਰੀ ਤੇ 6 ਫਰਵਰੀ 1921 ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਗਮ ਵਿਚ ਇਸ ਸਬੰਧੀ ਵਿਚਾਰਾਂ ਹੋਈਆਂ। ਉਸ ਸਮੇਂ ਕਮੇਟੀ ਦੇ ਪ੍ਰਧਾਨ ਸ. ਸੁੰਦਰ ਸਿੰਘ ਰਾਮਗੜ੍ਹੀਆ ਤੇ ਮੀਤ ਪ੍ਰਧਾਨ ਸ. ਹਰਬੰਸ ਸਿੰਘ ਵੱਲੋਂ ਕਮੇਟੀ ਦੀ ਰਾਏ ਅਨੁਸਾਰ ਮਹੰਤ ਦੇ ਨਾਲ ਉਸ ਦੇ ਆਚਰਣ ਸਬੰਧੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਸੁਧਾਰ ਲਈ ਖੁੱਲ੍ਹੀ ਚਿੱਠੀ ਲਿਖੀ ਗਈ। ਇਸ ਦੇ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਦੀਵਾਨ ਤੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ, ਸ. ਦਲੀਪ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਕਰਤਾਰ ਸਿੰਘ ਝੱਬਰ ਅਤੇ ਸ. ਬਖਸ਼ੀਸ਼ ਸਿੰਘ 'ਤੇ ਆਧਾਰਿਤ ਇਕ ਕਮੇਟੀ ਬਣਾ ਦਿਤੀ ਗਈ। ਇਨ੍ਹਾਂ ਤੋਂ ਇਲਾਵਾ ਮਾਸਟਰ ਤਾਰਾ ਸਿੰਘ, ਭਾਈ ਤੇਜਾ ਸਿੰਘ ਚੂਹੜਕਾਣਾ, ਸ. ਸੁੱਚਾ ਸਿੰਘ ਜੈ ਚੱਕ, ਭਾਈ ਬੂਟਾ ਸਿੰਘ, ਸ. ਰਾਜਾ ਸਿੰਘ ਜੜ੍ਹਾਂਵਾਲਾ ਆਦਿ ਵੀ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਸਬੰਧੀ ਸੰਗਤਾਂ ਨੂੰ ਜਾਗਰੂਕ ਕਰਦੇ ਰਹੇ। ਦੂਜੇ ਪਾਸੇ ਮਹੰਤ ਨਰਾਇਣ ਦਾਸ ਨੇ 7 ਫਰਵਰੀ ਨੂੰ ਆਪਣੇ ਹਮਾਇਤੀਆਂ ਦੀ ਇਕਤਰਤਾ ਬੁਲਾਈ। ਇਨ੍ਹਾਂ ਵਿਚ ਭੱਟੀ ਮੁਸਲਮਾਨ, ਬਾਬਾ ਕਰਤਾਰ ਸਿੰਘ (ਬੇਦੀ), ਸ. ਮੰਗਲ ਸਿੰਘ ਕੂਕਾ ਆਦਿ ਸ਼ਾਮਲ ਹੋਏ।

ਸਿੱਖ ਸੰਗਤਾਂ ਨੇ ਮਹੰਤ ਦੀਆਂ ਘਟੀਆਂ ਕਾਰਵਾਈਆਂ ਨੂੰ ਰੋਕਣ ਲਈ 19 ਫਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪਹੁੰਚਣ ਦਾ ਫੈਸਲਾ ਕੀਤਾ। ਸਿੱਖ ਸੰਗਤਾਂ ਦੇ ਮੁਖੀਆਂ ਨੇ 'ਅਕਾਲੀ ਅਖਬਾਰ' ਦੇ ਦਫਤਰ ਵਿਚ ਫੈਸਲਾ ਕੀਤਾ ਕਿ ਕੋਈ ਪੱਕੀ ਤਾਰੀਖ ਨਿਸ਼ਚਿਤ ਕੀਤੇ ਬਿਨਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ। ਭਾਈ ਲਛਮਣ ਸਿੰਘ ਧਾਰੋਵਾਲੀ ਤੇ ਸ. ਕਰਤਾਰ ਸਿੰਘ ਝੱਬਰ ਆਪਣੇ-ਆਪਣੇ ਜਥੇ ਲੈ ਕੇ ਸ੍ਰੀ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਦੋਹਾਂ ਜਥਿਆਂ ਨੂੰ ਰੋਕਣ ਦਾ ਯਤਨ ਕੀਤਾ। ਭਾਈ ਕਰਤਾਰ ਸਿੰਘ ਝੱਬਰ ਦਾ ਜਥਾ ਰੋਕ ਲਿਆ ਗਿਆ, ਪਰ ਭਾਈ ਲਛਮਣ ਸਿੰਘ ਦਾ ਜਥਾ ਨਾ ਰੁਕਿਆ ਅਤੇ ਇਹ ਜਥਾ 20 ਫਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਿਆ।

ਮਹੰਤ ਨਰਾਇਣ ਦਾਸ ਨੇ ਸਿੰਘਾਂ 'ਤੇ ਹਮਲਾ ਕਰਨ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਉਸ ਨੇ ਮਿੱਟੀ ਦਾ ਤੇਲ, ਛਵੀਆਂ, ਗੰਡਾਸੇ, ਲੱਕੜਾਂ, ਬੰਦੂਕਾਂ ਤੇ ਕਾਰਤੂਸ ਆਦਿ ਕਾਫੀ ਮਾਤਰਾ ਵਿਚ ਮੰਗਵਾ ਲਏ। ਜਦੋਂ ਸਿੰਘਾਂ ਦਾ ਜਥਾ ਗੁਰਦੁਆਰਾ ਜਨਮ ਅਸਥਾਨ ਦਾਖਲ ਹੋਇਆ ਤਾਂ ਮਹੰਤ ਦੇ ਬਾਹਰਲੇ ਦਰਵਾਜ਼ੇ ਬੰਦ ਕਰਵਾ ਦਿਤੇ ਅਤੇ ਉਸ ਦੇ ਭਾੜੇ ਦੇ ਗੁੰਡਿਆਂ ਨੇ ਸਿੰਘਾਂ ਉਤੇ ਵਾਰ ਕਰਨੇ ਸ਼ੁਰੂ ਕਰ ਦਿਤੇ; ਛੱਤ ਦੇ ਉਪਰੋਂ ਵੀ ਗੋਲੀਆਂ ਚਲਾਈਆਂ ਗਈਆਂ। ਹਰੀ ਦਾਸ ਜੋਗੀ, ਗੁਰਮੁਖ ਦਾਸ, ਸ਼ੇਰ ਦਾਸ, ਲੱਧੇ, ਰਾਂਝੇ ਆਦਿ ਹਮਲਾਵਰਾਂ ਨੇ ਗੋਲੀਆਂ ਦੀਆਂ ਬੁਛਾੜਾਂ ਨਾਲ ਸ਼ਾਂਤਮਈ ਸਿੰਘਾਂ ਨੂੰ ਵਿੰਨ੍ਹ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਬੈਠੇ ਸਿੰਘ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜ਼ਖਮੀ ਸਿੰਘਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਸ. ਦਲੀਪ ਸਿੰਘ ਜੀ ਉਸ ਸਮੇਂ ਸ. ਉਤਮ ਸਿੰਘ ਦੇ ਕਾਰਖਾਨੇ ਵਿਚ ਸਨ। ਜਦੋਂ ਉਨ੍ਹਾਂ ਨੇ ਗੋਲੀਆਂ ਦੀ ਅਵਾਜ਼ ਸੁਣੀ, ਉਹ ਵੀ ਭੱਜ ਕੇ ਗੁਰਦੁਆਰਾ ਸਾਹਿਬ ਆ ਗਏ। ਮਹੰਤ ਦੇ ਗੁੰਡਿਆਂ ਨੇ

ਛਵੀਆਂ ਤੇ ਗੰਡਾਸਿਆਂ ਦੇ ਵਾਰ ਉਨ੍ਹਾਂ ਉਪਰ ਕੀਤੇ। ਫਿਰ ਉਨ੍ਹਾਂ ਨੂੰ ਭੱਖਦੀ ਭੱਠੀ ਵਿਚ ਸੁੱਟ ਦਿਤਾ। ਇਸ ਖੂਨੀ ਸਾਕੇ ਸਬੰਧੀ ਸ. ਉਥਮ ਸਿੰਘ ਕਾਰਖਾਨੇ ਵਾਲਿਆਂ ਨੇ ਪੰਥਕ ਜਥੇਬੰਦੀ ਤੇ ਸਰਕਾਰੀ ਅਫਸਰਾਂ ਨੂੰ ਤਾਰਾਂ ਭੇਜੀਆਂ। 21 ਫਰਵਰੀ, 1921 ਈ: ਨੂੰ ਸਿੱਖ ਮੁਖੀ ਤੇ ਅਣਗਿਣਤ ਸੰਗਤਾਂ ਨਨਕਾਣਾ ਸਾਹਿਬ ਪੁੱਜੀਆਂ। ਉਸੇ ਦਿਨ ਸ਼ਾਮ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਆ ਗਿਆ। 22 ਫਰਵਰੀ ਦੀ ਸ਼ਾਮ ਨੂੰ ਸ਼ਹੀਦ ਸਿੰਘਾਂ ਦਾ ਅੰਤਮ ਸੰਸਕਾਰ ਕਰ ਦਿਤਾ ਗਿਆ।

ਸ੍ਰੀ ਨਨਕਾਣਾ ਸਾਹਿਬ ਦੇ ਇਸ ਖੂਨੀ ਸਾਕੇ ਦੀ ਖਬਰ ਨੇ ਸਿੱਖਾਂ ਵਿਚ ਰੋਹ ਦੀ ਜਵਾਲਾ ਭੜਕਾ ਦਿਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਪੁੱਜੀਆਂ। ਸਾਰੇ ਕੌਮੀ ਅਖਬਾਰਾਂ ਨੇ ਸਿੱਖਾਂ ਵਿਰੁੱਧ ਪ੍ਰਾਪੇਗੰਡਾ ਕੀਤਾ ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਾਪਰੇ ਇਸ ਸ਼ਹੀਦੀ ਸਾਕੇ ਨੂੰ ਇਕ ਸੰਪ੍ਰਦਾਇਕ ਝਗੜਾ ਤੇ ਬਦਅਮਨੀ ਦੀ ਕਾਰਵਾਈ ਦੱਸਣ ਦਾ ਕੋਝਾ ਯਤਨ ਕੀਤਾ।

ਓਧਰ ਸਰਕਾਰ ਨੇ ਸਿੱਖਾਂ ਦੇ ਅੱਥਰੂ ਪੂੰਝਣ ਲਈ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੇ ਦੋਸ਼ੀ ਮਹੰਤ ਨਰਾਇਣ ਦਾਸ ਤੇ ਉਸ ਦੇ ਕੁਝ ਗੁੰਡਿਆਂ ਵਿਰੁੱਧ ਮੁਕੱਦਮਾ ਚਲਾਇਆ। 12 ਅਕਤੂਬਰ ਨੂੰ ਅਦਾਲਤ ਨੇ ਮਹੰਤ ਤੇ ਉਸ ਦੇ 7 ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦਿਤੀ, 8 ਕਾਤਲਾਂ ਨੂੰ ਕਾਲੇ ਪਾਣੀ ਦੀ ਤੇ 16 ਨੂੰ ਸੱਤ-ਸੱਤ ਸਾਲ ਦੀ ਕੈਦ ਹੋਈ ਅਤੇ 16 ਆਦਮੀਆਂ ਨੂੰ ਸੈਸ਼ਨ ਜੱਜ ਨੇ ਬਰੀ ਕਰ ਦਿਤਾ। ਹਾਈਕੋਰਟ ਵਿਚ ਅਪੀਲ ਕੀਤੇ ਜਾਣ ਕਾਰਨ ਅੰਤ ਮਹੰਤ ਦੀ ਸਜ਼ਾ ਘਟਾ ਕੇ ਕਾਲੇ ਪਾਣੀ ਦੀ ਕਰ ਦਿਤੀ। ਕੇਵਲ ਤਿੰਨ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਕਾਇਮ ਰਹੀ, ਬਾਕੀ ਦੇ ਸਾਰੇ ਬਰੀ ਕਰ ਦਿਤੇ ਗਏ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੇ ਸਿੱਖ ਜਗਤ 'ਚ ਰੋਹ ਤੇ ਜੋਸ਼ ਪੈਦਾ ਕਰ ਦਿਤਾ। ਸਿੱਖ ਸੰਗਤਾਂ ਨੇ ਸਮੂੰਹ ਗੁਰਦੁਆਰਾ ਸਾਹਿਬਾਨ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕਮਰਕੱਸੇ ਕਰ ਲਏ। ਇਸ ਸਾਕੇ ਨੇ ਗੁਰਦੁਆਰਾ ਪ੍ਰਬੰਧ ਵਿਚ ਗੁਰਮਤਿ ਮਰਿਯਾਦਾ ਦੀ ਇਕਸੁਰਤਾ ਦਾ ਮੁੱਢ ਬੰਨ੍ਹਿਆ। ਖਾਲਸਾ ਪੰਥ ਦੀ ਇਸ ਜਿੱਤ ਨੇ ਇਕ ਅਜਿਹੀ ਕੇਂਦਰੀ ਸੰਸਥਾ ਨੂੰ ਜਨਮ ਦੇਣ ਵਿਚ ਅਹਿਮ ਭੂਮਿਕਾ ਨਿਭਾਈ, ਜਿਸ ਨਾਲ ਭਵਿੱਖ ਵਿਚ ਗੁਰਦੁਆਰਾ ਸਾਹਿਬਾਨ ਦਾ ਸਮੁੱਚਾ ਪ੍ਰਬੰਧ ਸਿੱਖ ਸੰਗਤਾਂ ਦੇ ਚੁਣੇ ਹੋਏ ਮੁਖੀਆਂ ਦੇ ਹੱਥਾਂ ਵਿਚ ਸੁਰੱਖਿਅਤ ਹੋ ਗਿਆ। ਆਓ! ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੇ ਮਹਾਨ ਸ਼ਹੀਦਾਂ ਨੂੰ ਯਾਦ ਕਰਦਿਆਂ ਗੁਰਦੁਆਰਾ ਪ੍ਰਬੰਧ ਨੂੰ ਸੁਚਾਰੂ ਬਣਾਈ ਰੱਖਣ ਲਈ ਦ੍ਰਿੜ੍ਹ ਹੋਈਏ।

*ਜਥੇਦਾਰ ਅਵਤਾਰ ਸਿੰਘ ਜੀ*

## 4. ਸਭਰਾਉਂ ਦੀ ਲੜਾਈ - ਇਤਿਹਾਸ ਦੀ ਲਹੂ-ਭਿੱਜੀ ਅਮਰ ਦਾਸਤਾਨ (10 ਫਰਵਰੀ)

10 ਫਰਵੀ, 1846 ਨੂੰ ਸਭਰਾਉਂ ਵਿਖੇ ਅੰਗਰੇਜ਼ਾਂ ਤੇ ਸਿੱਖਾਂ ਦਾ ਯੁੱਧ ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ। ਅੰਗਰੇਜ਼ਾਂ ਜਿਹੀ ਚਤੁਰ, ਸ਼ਕਤੀਸ਼ਾਲੀ ਕੌਮ ਤੋਂ ਬਿਨਾਂ ਗਦਾਰਾਂ ਦੀਆਂ ਗਹਿਰੀਆਂ ਸਾਜ਼ਿਸ਼ਾਂ ਦਾ ਸਿਦਕਦਿਲੀ ਨਾਲ ਸਿੱਖਾਂ ਨੇ ਟਾਕਰਾ ਕਰਦਿਆਂ ਆਪਣੇ ਲਹੂ ਨਾਲ ਇਤਿਹਾਸ ਦੇ ਸਫੇ 'ਤੇ ਦੇਸ਼-ਭਗਤੀ ਅਤੇ ਸੂਰਬੀਰਤਾ ਦੀ ਅਣਖੀ ਕਹਾਣੀ ਲਿਖੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਅੰਦਰ ਡੋਗਰਿਆਂ ਦੀਆਂ ਸਾਜ਼ਿਸਾਂ ਸਦਕਾ ਹੋਈ ਬੁਰਛਾਗਰਦੀ ਤੇ ਖੂਨ-ਖਰਾਬੇ ਦੇ ਕਾਲੇ ਦੌਰ ਵਿਚ ਆਖਰ ਨਵੰਬਰ 1845 ਨੂੰ ਮਿਸਰ ਲਾਲ ਸਿੰਘ ਵਜ਼ੀਰ ਅਤੇ ਤੇਜ ਸਿੰਘ 'ਖਾਲਸਾ ਫੌਜ' ਦਾ ਸੈਨਾਪਤੀ ਬਣਿਆ। ਲੰਮੇ ਸਮੇਂ ਤੋਂ ਪੰਜਾਬ ਨੂੰ ਹੜੱਪਣ ਲਈ ਤਰਲੋਮੱਛੀ ਹੋ ਰਹੇ ਅੰਗਰੇਜ਼ਾਂ ਨਾਲ ਇਨ੍ਹਾਂ ਦੋਵਾਂ ਗਦਾਰਾਂ ਨੇ ਰਲ ਕੇ ਬੜੀ ਮਕਾਰੀ ਨਾਲ ਮੁੱਦਕੀ ਅਤੇ ਫਿਰੋਜ਼ਸ਼ਾਹ ਦੇ ਯੁੱਧਾਂ ਵਿਚ ਸਿੱਖ ਸੈਨਾ ਨੂੰ ਨਸ਼ਟ ਕਰਵਾਉਣ ਵਿਚ ਕੋਈ ਕਸਰ ਨਾ ਛੱਡੀ। ਮਹਾਰਾਜਾ ਰਣਜੀਤ ਸਿੰਘ ਜਿਹੇ ਮਹਾਨ ਯੋਧੇ ਦੁਆਰਾ ਤਿਆਰ ਕੀਤੀ ਸੈਨਾ ਨੂੰ ਨਸ਼ਟ ਕਰਵਾਉਣਾ ਇੰਨਾ ਆਸਾਨ ਕਾਰਜ ਨਹੀਂ ਸੀ। ਆਖਰ ਨਵੇਂ ਬਣੇ ਵਜ਼ੀਰ ਗੁਲਾਬ ਸਿੰਘ ਜੰਮੂ ਵਾਲੇ ਨਾਲ ਮਿਲ ਕੇ ਇਨ੍ਹਾਂ ਨੇ ਅੰਗਰੇਜ਼ਾਂ ਨਾਲ ਗੁਪਤ ਸੰਧੀ ਕਰਕੇ ਸਭਰਾਉਂ ਦਾ ਯੁੱਧ ਲੜਨ ਦਾ ਫੈਸਲਾ ਕੀਤਾ।

ਮਿ.ਜੇ.ਡੀ ਕਨਿੰਘਮ ਇਸ ਸੰਧੀ ਬਾਰੇ ਲਿਖਦਾ ਹੈ - The Sikh army should be attacked by the English, and that when beaten, it should be openly abandonded by its own government; and further, that the passage of the sutlej should be unoppsed and the road to the capital laid open to the victors."

ਉਪਰੋਕਤ ਗੁਪਤ ਸੰਧੀ ਤੋਂ ਸਪੱਸ਼ਟ ਹੈ ਕਿ ਯੋਜਨਾ ਅਨੁਸਾਰ ਅੰਗਰੇਜ਼ਾਂ ਨੇ ਸਿੱਖਾਂ 'ਤੇ ਹਮਲਾ ਕਰਨ ਅਤੇ ਸੈਨਾਪਤੀਆਂ ਦਾ ਫੌਜ ਨੂੰ ਇਕੱਲੇ ਛੱਡ ਕੇ ਦੌੜਨਾ ਤੈਅ ਕੀਤਾ ਗਿਆ। ਇਸ ਪਿੱਛੋਂ ਜੇਤੂ ਅੰਗਰੇਜ਼ ਸੈਨਾ ਦੇ ਬਿਨਾਂ ਕਿਸੇ ਵਿਰੋਧ ਤੋਂ ਲਾਹੌਰ ਦਾਖਲ ਹੋ ਜਾਣ ਦੀ ਸਾਜਿਸ਼ ਵੀ ਇਸ ਵਿਚ ਸ਼ਾਮਲ ਸੀ।

ਮਹਾਰਾਣੀ ਜਿੰਦਾਂ ਵਲੋਂ ਪੈਗਾਮ ਮਿਲਣ 'ਤੇ ਸ. ਸ਼ਾਮ ਸਿੰਘ ਅਟਾਰੀ ਵਾਲੇ ਨੇ ਅਜਿਹੇ ਬਿਖੜੇ ਮੌਕੇ 'ਤੇ ਆਪਣੇ ਕੌਮੀ ਗੌਰਵ ਲਈ ਸਿਰ-ਧੜ ਦੀ ਬਾਜ਼ੀ ਲਾਉਣ ਦਾ ਫੈਸਲਾ ਕਰ ਲਿਆ।

ਸਿੱਖ ਸੈਨਾ ਬੇੜੀਆਂ ਦਾ ਪੁਲ ਬੰਨ੍ਹ ਕੇ ਸਤਲੁਜ ਪਾਰ ਕਰ ਗਈ। ਸਿੱਖਾਂ ਦੀਆਂ 67 ਤੋਪਾਂ ਅਤੇ 25 ਹਜ਼ਾਰ

ਸੈਨਿਕ ਅੰਗਰੇਜ਼ਾਂ ਖਿਲਾਫ ਯੁੱਧ ਲਈ ਉਤਾਵਲੇ ਹੋ ਰਹੇ ਸਨ। ਇੱਕ-ਇੱਕ ਆਦਮੀ ਤਰਖਾਣ, ਮਜ਼ਦੂਰ ਅਤੇ ਰਾਜ ਦਾ ਕੰਮ ਵੀ ਕਰਦਾ ਅਤੇ ਫਿਰ ਵੇਲਾ ਆਉਣ 'ਤੇ ਮੌਢੇ 'ਤੇ ਬੰਦੂਕ ਰੱਖ ਕੇ ਸਿਪਾਹੀ ਦੀ ਡਿਊਟੀ ਵੀ ਦਿੰਦਾ।

ਮਿ. ਕਨਿੰਘਮ ਅਨੁਸਾਰ, 'At Sabraon, as in the other battles of the campaign, the soldiers did everything and the leaders nothing. ਗੁਲਾਬ ਸਿੰਘ ਨੇ ਤਾਂ ਸਿੱਖ ਫੌਜ ਨੂੰ ਖਾਣਾ-ਦਾਣਾ ਅਤੇ ਗੋਲੀ-ਬਾਰੂਦ ਭੇਜਣਾ ਵੀ ਬੰਦ ਕਰ ਦਿਤਾ। ਗਦਾਰ ਲਾਲ ਸਿੰਘ ਨੇ ਮੁਨਸ਼ੀ ਸਮਸ਼ੁਦੀਨ ਕਸੂਰੀਏ ਰਾਹੀਂ 8 ਫਰਵਰੀ ਨੂੰ ਮੇਜਰ ਲਾਰੰਸ ਕੋਲ ਖਾਲਸਾ ਫੌਜ ਦੀ ਤਰਤੀਬ ਦਾ ਵੇਰਵਾਪੂਰਨ ਨਕਸ਼ਾ ਭੇਜ ਦਿਤਾ ਜੋ ਯੁੱਧ ਸਮੇਂ ਅੰਗਰੇਜ਼ਾਂ ਦੇ ਬਹੁਤ ਕੰਮ ਆਇਆ। 9 ਫਰਵਰੀ ਨੂੰ ਗਦਾਰ ਤੇਜ ਸਿੰਘ ਨੇ ਸਰਦਾਰ ਸ਼ਾਮ ਸਿੰਘ ਨੂੰ ਰਣਭੂਮੀ ਵਿਚੋਂ ਦੌੜ ਜਾਣ ਦੀ ਸਾਜਿਸ਼ ਵਿਚ ਸ਼ਰੀਕ ਕਰਨ ਲਈ ਮਨਾਉਣਾ ਚਾਹਿਆ ਤਾਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਇਹ ਘਟੀਆ ਪੇਸ਼ਕਸ਼ ਠੁਕਰਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰ ਕੇ ਪ੍ਰਤਿੱਗਿਆ ਕੀਤੀ ਕਿ ਜੇ ਸਿੱਖ ਹਾਰ ਗਏ ਤਾਂ ਮੈਂ ਯੁੱਧ ਦੇ ਮੈਦਾਨ ਵਿਚੋਂ ਵਾਪਸ ਨਹੀਂ ਜਾਵਾਂਗਾ। ਇਸ ਨਾਲ ਸਿੱਖ ਫੌਜ ਵਿਚ ਨਵਾਂ ਜੋਸ਼ ਤੇ ਉਤਸ਼ਾਹ ਭਰ ਗਿਆ।

15 ਹਜ਼ਾਰ ਸੈਨਿਕਾਂ ਅਤੇ 60 ਤੋਪਾਂ ਨਾਲ ਅੰਗਰੇਜ਼ਾਂ ਨੇ ਸਵੇਰੇ 6.30 ਵਜੇ 10 ਫਰਵਰੀ, 1846 ਨੂੰ ਸਿੱਖਾਂ 'ਤੇ ਹਮਲਾ ਸ਼ੁਰੂ ਕਰ ਦਿਤਾ। ਤੋਪਾਂ ਦੀ ਜ਼ਬਰਦਸਤ ਗੋਲਾਬਾਰੀ ਨਾਲ ਧਰਤੀ ਕੰਬਣ ਲੱਗੀ, ਅਕਾਸ਼ ਗੂੰਜ ਉਠਿਆ। ਰੇਤ ਦੇ ਢੇਰ ਹਵਾ 'ਚ ਉਛਲਣ ਲੱਗੇ। ਇਸ ਗੋਲਾਬਾਰੀ ਦਾ ਸਿਦਕੀ ਸਿੱਖਾਂ 'ਤੇ ਕੋਈ ਖਾਸ ਅਸਰ ਨਾ ਹੋਇਆ ਸਗੋਂ ਉਨ੍ਹਾਂ ਨੇ ਨਿਰਭੈਤਾ ਨਾਲ ਆਪਣੀਆਂ ਤੋਪਾਂ ਨਾਲ ਹਮਲੇ ਦਾ ਮੂੰਹ-ਤੋੜ ਜਵਾਬ ਦਿਤਾ। ਇਹ ਸਿਲਸਿਲਾ 3 ਘੰਟੇ ਤਕ ਜਾਰੀ ਰਿਹਾ। ਲਾਲ ਸਿੰਘ ਦੀ ਭੇਜੀ ਗੁਪਤ ਰਿਪੋਰਟ ਅਨੁਸਾਰ ਅੰਗਰੇਜ਼ ਪੈਦਲ ਸੈਨਾ ਨੇ ਜਨਰਲ ਡਿਕ ਦੀ ਕਮਾਨ ਹੇਠ ਸਿੱਖਾਂ ਦੇ ਸੱਜੇ ਹਿੱਸੇ 'ਤੇ ਜ਼ੋਰਦਾਰ ਹੱਲਾ ਕਰ ਦਿਤਾ ਪਰ ਸਿੱਖਾਂ ਦੀ ਹਰ ਗੋਲੀ ਅੰਗਰੇਜ਼ ਸੈਨਾ ਲਈ ਮੌਤ ਦਾ ਪੈਗਾਮ ਸਾਬਤ ਹੋਈ। ਅੰਗਰੇਜ਼ ਡਿਵੀਜ਼ਨ ਦਾ ਵੱਡਾ ਹਿੱਸਾ ਸਿੱਖਾਂ ਦੀਆਂ ਬੰਦੂਕਾਂ, ਜੰਬੂਰਕ (ਊਠ 'ਤੇ ਲੱਦ ਕੇ ਚਲਾਈ ਜਾਣ ਵਾਲੀ ਛੋਟੀ ਤੋਪ) ਅਤੇ ਤੋਪਖਾਨੇ ਦੀ ਗੋਲਾਬਾਰੀ ਕਾਰਨ ਪਿੱਛੇ ਧੱਕਿਆਂ ਗਿਆ। ਇਸ ਹਮਲੇ ਵਿਚ ਜਨਰਲ ਡਿਕ ਜ਼ਖਮੀ ਹੋ ਗਿਆ। ਗਿਲਬਰਟ ਦਾ ਡਿਵੀਜ਼ਨ ਉਸ ਦੀ ਮਦਦ ਲਈ ਆਇਆ ਤੇ ਸਿੱਖਾਂ ਨਾਲ ਭਿਅੰਕਰ ਹੱਥੋਪਾਈ ਯੁੱਧ ਸ਼ੁਰੂ ਹੋ ਗਿਆ।

ਸ. ਸ਼ਾਮ ਸਿੰਘ ਅਟਾਰੀ ਵਾਲੇ ਭਿੰਨ-ਭਿੰਨ ਮੋਰਚਿਆਂ 'ਤੇ ਜਾ ਕੇ ਸਿੱਖਾਂ ਨੂੰ ਯੋਗ ਅਗਵਾਈ ਅਤੇ ਉਤਸ਼ਾਹ ਦੇ ਰਹੇ ਸਨ। ਦੂਜੇ ਪਾਸੇ ਤੇਜ ਸਿੰਘ ਤੇ ਲਾਲ ਸਿੰਘ ਮਿੱਥੀ ਸਾਜਿਸ਼ ਅਨੁਸਾਰ ਖਿਸਕ ਗਏ। ਤੇਜ ਸਿੰਘ ਜਾਂਦਾ ਹੋਇਆ ਬੇੜੀਆਂ ਦਾ ਪੁਲ ਵੀ ਤੋੜ ਗਿਆ ਤਾਂ ਜੋ ਸਿੱਖ ਸੈਨਾ ਸਤਲੁਜ ਪਾਰ ਵਾਪਸ ਨਾ ਜਾ ਸਕੇ। ਮਿ. ਅਲੈਗਜੈਂਡਰ ਗਾਰਡਨਰ ਅਨੁਸਾਰ, ਲਾਲ ਸਿੰਘ ਅਤੇ ਤੇਜ ਸਿੰਘ ਦੋਵੇਂ ਜਨਰਲਾਂ ਜਿਹੇ ਘ੍ਰਿਣਤ ਨਿਪੁੰਸਕ ਕਾਇਰ ਕਦੇ ਸੰਸਾਰ ਵਿਚ ਪੈਦਾ ਨਹੀਂ ਹੋਏ। Two more contemptible poltroons than the two generals of the Khalsa army Lal singh and Tej Singh, both Brahmans never breathed.

ਗਿਲਬਰਟ ਦਾ ਡਿਵੀਜ਼ਨ ਸਿੱਖਾਂ ਦੇ ਕੇਂਦਰੀ ਮੋਰਚੇ 'ਤੇ ਹਮਲਾ ਕਰਕੇ ਉਨ੍ਹਾਂ ਦੇ ਮੋਰਚਿਆਂ ਤਕ ਪਹੁੰਚਣ ਅਤੇ ਤੋਪਾਂ 'ਤੇ ਕਬਜ਼ਾ ਕਰਨ ਵਿਚ ਸਫਲ ਹੋ ਗਿਆ। ਸ. ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੀ ਕੌਮ ਦੀ ਕਿਸਮਤ ਪਲਟਣ ਲਈ ਆਖਰੀ ਹੰਭਲਾ ਮਾਰਿਆ। ਉਹ ਆਪਣੇ ਨਾਲ ਚੋਣਵੇਂ 50 ਕੁ ਸਿਰਲੱਥ ਘੋੜ-ਸਵਾਰ ਲੈ ਕੇ ਘੋੜੇ ਨੂੰ ਸਪਟ ਦੁੜਾਉਂਦਾ ਹੋਇਆ ਬਿਜਲੀ ਵਾਂਗ 50ਵੀਂ ਪੈਦਲ ਫੌਜ 'ਤੇ ਜਾ ਕੜਕਿਆ –

*ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,*
*ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।*
*ਸ਼ਾਹ ਮੁਹੰਮਦ ਸਿੰਘਾਂ ਨੇ ਗੋਰਿਆਂ ਦੇ,*
*ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।*

ਤੂਫਾਨ ਵਾਂਗ ਅੰਗਰੇਜ਼ ਸੈਨਾ ਨੂੰ ਪਛਾੜਦੇ ਹੋਏ ਸ. ਸ਼ਾਮ ਸਿੰਘ 'ਤੇ ਜਦ ਅੰਗਰੇਜ਼ ਸੈਨਾ ਦੀਆਂ ਗੋਲੀਆਂ ਦੀ ਬਰਸਾਤ ਹੋਈ ਤਾਂ ਸਿੱਖ ਰਾਜ ਦਾ ਮਹਾਨ ਥੰਮ੍ਹ ਛਾਤੀ ਵਿਚ ਸੱਤ ਗੋਲੀਆਂ ਖਾ ਕੇ ਧਰਤੀ ਉਤੇ ਡਿੱਗ ਪਿਆ। ਇਸ ਪਿੱਛੋਂ ਸ. ਮੇਵਾ ਸਿੰਘ ਤੇ ਸ. ਹੁਕਮ ਸਿੰਘ ਨੇ ਸਿੱਖ ਫੌਜ ਦੀ ਕਮਾਨ ਕਰਦਿਆਂ ਦੁਸ਼ਮਣ ਨੂੰ ਥੰਮ੍ਹਣ ਦਾ ਯਤਨ ਕੀਤਾ। ਇਹ ਦੋਵੇਂ ਸੂਰਮੇ ਵੀ ਸੀਨੇ 'ਤੇ ਗੋਲੀਆਂ ਖਾ ਕੇ ਇਤਿਹਾਸ 'ਚ ਸੂਰਬੀਰਤਾ ਦਾ ਇਕ ਨਵਾਂ ਅਮਰ ਪੰਨਾ ਜੋੜ ਗਏ।

ਲਾਰਡ ਹਾਰਡਿੰਗ ਅਤੇ ਲਾਰਡ ਗੱਫ ਜਿਹੇ ਸੁਲਝੇ ਹੋਏ ਸੈਨਾਪਤੀਆਂ ਅੱਗੇ ਸ. ਸ਼ਾਮ ਸਿੰਘ ਦੀ ਸ਼ਹੀਦੀ ਤੋਂ ਬਾਅਦ ਆਗੂ ਵਿਹੂਣੀ ਹੋਈ ਸਿੱਖ ਸੈਨਾ ਭਲਾ ਕਿੰਨੀ ਕੁ ਦੇਰ ਟਿਕ ਸਕਦੀ ਸੀ! ਹਜ਼ਾਰਾਂ ਸਿਪਾਹੀ ਸਤਲੁਜ ਦਰਿਆ ਵਿਚ ਕੁੱਦ ਪਏ। ਭਾਵੇਂ ਸਿੱਖਾਂ 'ਤੇ ਅੰਗਰੇਜ਼ ਘੋੜ-ਸਵਾਰ ਤੇ ਪੈਦਲ ਸੈਨਾ ਚੜ੍ਹ ਰਹੀ ਸੀ, ਪਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਸੇ ਵੀ ਸਿੱਖ ਨੇ ਹਾਰ ਨਾ ਮੰਨੀ, ਨਾ ਹੀ ਜਾਨ ਬਖਸ਼ੀ ਲਈ ਤਰਲਾ ਕੀਤਾ। ਦਰਿਆ 'ਚ ਕੁੱਦੇ ਸਿੱਖਾਂ 'ਤੇ ਅੰਗਰੇਜ਼ ਸੈਨਾ ਨੇ ਬੇਰਹਿਮੀ ਨਾਲ ਗੋਲੇ ਵਰਸਾਏ। ਘੱਟੋ-ਘੱਟ 5 ਹਜ਼ਾਰ ਸਿੱਖ ਵੀਰਗਤੀ ਨੂੰ ਪ੍ਰਾਪਤ ਹੋਏ। ਸਤਲੁਜ ਦਾ ਪਾਣੀ ਸਿੱਖਾਂ ਦੇ ਲਹੂ ਨਾਲ ਲਾਲ ਹੋ ਗਿਆ। ਪੰਜਾਬ ਦਾ ਕੌਮੀ ਕਵੀ ਸ਼ਾਹ ਮੁਹੰਮਦ ਇਸ ਦੁਖਾਂਤ 'ਤੇ ਖੂਨ ਦੇ ਹੰਝੂ ਕੇਰਦਾ ਹੈ –

*ਕਈ ਮਾਵਾਂ ਦੇ ਪੁੱਤਰ ਮੋਏ ਉਥੇ, ਸੀਨੇ ਲੱਗੀਆਂ ਤੇਜ਼ ਕਟਾਰੀਆਂ*

*ਨੀ।*
*ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ, ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।*
*ਚੰਗੇ ਜਿਨ੍ਹਾਂ ਦੇਸਿਰਾਂ ਦੇ ਮੋਏ ਵਾਲੀ, ਖੁਲ੍ਹੇ ਵਾਲ ਤੇ ਫਿਰਨ ਵਿਚਾਰੀਆਂ ਨੀ।*
*ਸ਼ਾਹ ਮੁਹੰਮਦਾ ਬਹੁਤ ਸਰਦਾਰ ਮਰੇ, ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।*

ਸਿੱਖਾਂ ਦੀ ਸ਼ਾਨਦਾਰ ਬਹਾਦਰੀ ਅਤੇ ਕੌਮੀ ਸ਼ਰਧਾ ਦੇਖ ਕੇ ਅੰਗਰੇਜ਼ ਜਨਰਲ ਗੱਫ ਅਸ਼-ਅਸ਼ ਕਰ ਉੱਠਿਆ। ਸਿੱਖਾਂ ਦਾ ਜਿਸ ਪ੍ਰਕਾਰ ਭਿਅੰਕਰ ਕਤਲ-ਏ-ਆਮ ਉਸਨੂੰ ਅੰਗਰੇਜ਼ ਹਿੱਤਾਂ ਲਈ ਕਰਨਾ ਪਿਆ, ਉਸ ਦੀ ਜ਼ਮੀਰ ਰੋ ਉੱਠੀ। ਇੰਗਲੈਂਡ ਦੇ ਪ੍ਰਧਾਨ ਮੰਤਰੀ ਰਾਬਰਟ ਪੀਲ ਨੂੰ ਭੇਜੀ ਚਿੱਠੀ ਇਸ ਦਾ ਪ੍ਰਤੱਖ ਪ੍ਰਮਾਣ ਹੈ -

'Policy precluded me from publicly recording my sentiments in the splendid gallantry of our fallen foe, or to record the acts of heroism displayed not only individually but almost collectively by the Sikh Sardars and army; and I declare, were it not from a deep conviction that my country's good demanded the sacrifice, I could have wept to witness the fearful slaughter of so devoted body of men.

ਇਸ ਪ੍ਰਕਾਰ ਅੰਗਰੇਜ਼ਾਂ ਦੀਆਂ ਤੋਪਾਂ ਦੀ ਅੱਗ ਅਤੇ ਗਦਾਰਾਂ ਦੇ ਵਿਸ਼ਵਾਸਘਾਤ ਦੇ ਜ਼ਹਿਰੀਲੇ ਸਾਜ਼ਿਸੀ ਖੰਜਰਾਂ ਨਾਲ ਲਹੂ-ਲੁਹਾਣ ਹੋਏ ਸਿੱਖ ਯੋਧਿਆਂ ਨੇ ਮਾਨਵੀ ਇਤਿਹਾਸ 'ਚ ਕੌਮਪ੍ਰਸਤੀ ਅਤੇ ਦੇਸ਼-ਭਗਤੀ ਦੇ ਜਜ਼ਬੇ ਨੂੰ ਅਣਖੀਲੇ ਸੂਰਜ ਵਾਂਗ ਬਲਦੇ ਅਮਰ ਅਰਥ ਪ੍ਰਦਾਨ ਕੀਤੇ।

*ਰਾਜਿੰਦਰ ਸਿੰਘ ਕੁਰਾਲੀ*

**ਨੋਟ :** ਸੁਹਿਰਦ ਪਾਠਕਾਂ ਨੂੰ ਬੇਨਤੀ ਹੈ ਕਿ ਮੈਟਰ ਵੱਧ ਜਾਣ ਕਾਰਨ ਜੈਤੋ ਦੇ ਮੋਰਚੇ ਵਾਲਾ ਪ੍ਰਸੰਗ ਅਗਲੇ ਅੰਕ ਵਿਚ ਦਿਤਾ ਜਾਵੇਗਾ।

****************************************************************************************************************************

(ਪੰਨਾ 6 ਦੀ ਬਾਕੀ)

ਪ੍ਰਸੰਗ ਵਿਚ ਵਿਸ਼ੇਸ਼ ਲੇਖ ਦਿਤੇ ਜਾ ਰਹੇ ਹਨ। ਜਿਨ੍ਹਾਂ ਜੈਤੋ ਦਾ ਮੋਰਚਾ, ਨਨਕਾਣਾ ਸਾਹਿਬ ਦੇ ਮੋਰਚੇ ਅਤੇ ਹੋਰ ਇਤਿਹਾਸਿਕ ਦਿਹਾੜਿਆਂ ਬਾਰੇ ਵਿਸ਼ੇਸ਼ ਜਾਣਕਾਰੀ ਦਿਤੀ ਜਾ ਰਹੀ ਹੈ। ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਵੀ ਇਸੇ ਮਹੀਨੇ ਹੈ। ਸੋ ਉਨ੍ਹਾਂ ਬਾਰੇ ਵੀ ਸੰਖੇਪ ਵਿਚ ਉਨ੍ਹਾਂ ਦੀ ਜੀਵਨੀ ਅਤੇ ਉਨ੍ਹਾਂ ਦੀ ਬਾਣੀ ਦੇ ਸਿਧਾਂਤਾਂ ਦਾ ਸਾਖੀਆਂ ਰਾਹੀਂ ਜ਼ਿਕਰ ਬਾਬਾ ਹਰਪਾਲ ਸਿੰਘ ਜੀ ਐਡੀਟਰ-ਇਨ-ਚੀਫ 'ਆਤਮ ਮਾਰਗ' ਵਲੋਂ ਇਕ ਲੇਖ ਦੇ ਰੂਪ ਵਿਚ ਦਿਤਾ ਜਾ ਰਿਹਾ ਹੈ। ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਰੂਹਾਨੀ ਪ੍ਰਵਚਨ 'ਸੰਤ ਬਚਨ' ਲੇਖ ਲੜੀਵਾਰ ਦਿਤੇ ਜਾ ਰਹੇ ਹਨ ਜੋ ਕਿ ਇਸ ਜੀਵ ਨੂੰ ਪ੍ਰਮੇਸ਼ਰ ਵਿਚ ਅਭੇਦ ਹੋਣ ਦੀ ਜੁਗਤੀ ਦਸਦੇ ਹਨ। ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਜਿਨ੍ਹਾਂ ਦੀ ਸਰਪ੍ਰਸਤੀ ਹੇਠ ਸਮੂੰਹ ਅਦਾਰੇ, ਅਨੇਕਾਂ ਪਰਉਪਕਾਰੀ ਸੇਵਾਵਾਂ ਅਤੇ ਗੁਰਮਤਿ ਦੇ ਪ੍ਰਸਾਰ ਅਤੇ ਪ੍ਰਚਾਰ ਦੇ ਕਾਰਜ ਚਲ ਰਹੇ ਹਨ ਉਨ੍ਹਾਂ ਵਲੋਂ 'ਗੁਰੂ ਮਾਨਿਓ ਗ੍ਰੰਥ' ਲੇਖ ਵਿਚ ਸਾਲਾਨਾ ਸਮਾਗਮ ਦੇ ਪਹਿਲੇ ਦਿਨ ਕੀਤੇ ਪ੍ਰਵਚਨ ਸੰਗਤਾਂ ਦੇ ਗੁਰੂ ਪਿਆਰ ਵਿਚ ਵਾਧਾ ਕਰਨਗੇ। 'ਬਾਲਮ ਸਾਖੀਆਂ' ਅਤੇ 'ਗੁਰੂ ਨਾਨਕ ਆਗਮਨ' ਲੇਖ ਡਾ. ਭਾਈ ਵੀਰ ਸਿੰਘ ਵਲੋਂ ਰਚਿਤ ਹਨ ਜੋ ਕਿ ਬੱਚਿਆਂ ਵਾਸਤੇ ਅਤੀ ਲਾਭਦਾਇਕ ਹਨ ਜਿਨ੍ਹਾਂ ਦੀ ਬੋਲੀ ਸਰਲ ਹੈ ਤਾਂ ਜੋ ਸਾਡੇ ਬੱਚੇ ਵੀ ਗੁਰ-ਇਤਿਹਾਸ ਨੂੰ ਪੜ੍ਹ ਕੇ ਗੁਰੂ ਪਿਆਰ ਮਾਣ ਸਕਣ। ਸੋ ਇਸ ਤਰ੍ਹਾਂ ਆਤਮ ਮਾਰਗ ਦੀ ਰੂਹਾਨੀਅਤ ਭਰਪੂਰ ਪਟਾਰੀ ਵਿਚ ਅਨੇਕਾਂ ਖੁਸ਼ਬੂਆਂ ਖਿਲਾਰਨ ਵਾਲੇ ਤੱਤ ਬੇਤੇ ਮਹਾਂਪੁਰਸ਼ਾਂ ਦੇ ਪ੍ਰਵਚਨ ਆਪ ਜੀ ਤੱਕ ਪਹੁੰਚ ਰਹੇ ਹਨ। ਆਸ ਹੈ ਕਿ ਆਪ ਜੀ ਇਨ੍ਹਾਂ ਪ੍ਰਵਚਨਾਂ ਨੂੰ ਪੜ੍ਹ ਕੇ ਜੀਵਨ ਦੇ ਅੰਦਰ ਢਾਲ ਕੇ ਲੋਕ ਤੇ ਪ੍ਰਲੋਕ ਸੁਹੇਲਾ ਕਰ ਸਕੋਗੇ। ਗੁਰੂ ਮਹਾਰਾਜ ਵਲੋਂ ਦਰਸਾਈ ਜੀਵਨ ਜੁਗਤ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ - ੫੨੨*

ਤੇ ਚਲਦਿਆਂ ਜੀਵਨ ਸਫਲਾ ਕਰ ਸਕੀਏ, ਇਹੀ ਆਤਮ ਮਾਰਗ ਦੇ ਸੰਚਾਲਨ, ਪਿਆਰੇ ਮਹਾਂਪੁਰਸ਼ਾਂ ਅਤੇ ਸਤਿਕਾਰਯੋਗ ਬੀਜੀ ਦਾ ਆਸ਼ੀਰਵਾਦ ਹੈ। ਆਪ ਜੀ ਆਤਮ-ਮਾਰਗ ਦੇ ਪਾਂਧੀ ਬਣੋ ਅਤੇ ਸੁਖਮਈ ਜੀਵਨ ਬਤੀਤ ਕਰੋ। ਗੁਰੂ ਕ੍ਰਿਪਾ ਕਰਨ ਆਪ ਜੀ ਨੂੰ ਖੁਸ਼ੀਆਂ ਖੇੜੇ ਬਖਸ਼ਿਸ਼ ਹੋਣ।

***ਮੈਨੇਜਿੰਗ ਐਡੀਟਰ***
***ਭਾਈ ਸੁਖਵਿੰਦਰ ਸਿੰਘ***

********

# ਸਟੀਕ
# ਸ੍ਰੀ ਜਪੁ ਜੀ ਸਾਹਿਬ

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ - 57)*

## ਪਉੜੀ ਉਨੱਤੀਵੀਂ

ਪ੍ਰਸ਼ਨ - ਸਿੱਧਾਂ ਨੇ ਬੇਨਤੀ ਕੀਤੀ ਕਿ ਮਹਾਰਾਜ! ਸਾਡੀ ਮਾਈ ਭੰਡਾਰਣ ਭੰਡਾਰਾ ਤਿਆਰ ਕਰਦੀ ਹੈ। ਜੇਕਰ ਕਹੋ ਤਾਂ ਆਪ ਜੀ ਵਾਸਤੇ ਵੀ ਭੁਗਤ ਲਿਆ ਦੇਈਏ। ਜਦੋਂ ਭੰਡਾਰੇ ਦਾ ਨਾਦ ਵੱਜਦਾ ਹੈ ਤਾਂ ਸਾਰਿਆਂ ਨੂੰ ਇਕੱਠਾ ਵਰਤਾਇਆ ਜਾਂਦਾ ਹੈ। ਰਿੱਧੀਆਂ-ਸਿੱਧੀਆਂ ਦੁਆਰਾ ਬਰਕਤਾਂ ਬਣੀਆਂ ਰਹਿੰਦੀਆਂ ਹਨ। ਜੇਕਰ ਆਪ ਵੀ ਜੋਗ ਮੱਤ ਧਾਰਨ ਕਰ ਲਵੋ ਤਾਂ ਨਾਥ ਹੋ ਕੇ ਤੁਸੀਂ ਵੀ ਰਿੱਧੀਆਂ-ਸਿੱਧੀਆਂ ਦੇ ਮਾਲਕ ਬਣ ਜਾਵੋਗੇ ਤੇ ਆਪ ਜੀ ਦੇ ਅਨੇਕਾਂ ਚੇਲੇ ਬਣ ਜਾਣਗੇ, ਜੋ ਆਪ ਦੇ ਸਾਰੇ ਕਾਰਜ ਕਰ ਦਿਆ ਕਰਨਗੇ।

ਉੱਤਰ - ਤਦ ਉੱਤਰ ਵਿਚ ਗੁਰੂ ਜੀ ਫੁਰਮਾਉਂਦੇ ਹਨ -

### ਭੁਗਤਿ ਗਿਆਨੁ, ਦਇਆ ਭੰਡਾਰਣਿ; ਘਟਿ ਘਟਿ ਵਾਜਹਿ ਨਾਦ॥

ਹੇ ਸਿੱਧ ਪੁਰਸ਼ੋ! ਸਾਡੇ ਲਈ ਉਸ ਪ੍ਰਭੂ ਦਾ ਗਿਆਨ ਹੀ ਭੁਗਤਿ=ਭੋਜਨ (ਖੰਡ, ਘਿਉ ਤੇ ਮੈਦੇ ਤੋਂ ਬਣਿਆ ਚੂਰਮਾ ਜਿਹਾ ਜੋ ਜੋਗੀ ਲੋਕ ਛਕਦੇ ਹਨ) ਹੈ। ਦਇਆ ਹੀ ਸਾਡੀ ਭੰਡਾਰਣਿ=ਭੰਡਾਰਾ ਤਿਆਰ ਕਰਨ ਵਾਲੀ ਹੈ ਅਤੇ ਘਟਿ ਘਟਿ=ਘਟਾਂ ਘਟਾਂ ਵਿਚ ਪ੍ਰਭੂ ਦੇ ਨਾਦ ਦਾ ਜੋ ਉਚਾਰਣ ਹੋ ਰਿਹਾ ਹੈ, ਇਹੋ ਸਾਡਾ ਨਾਦ=ਵਾਜਾ ਵਾਜਹਿ=ਵਜਦਾ ਹੈ। ਨਾਦ=ਜੋ ਪਿੱਤਲ ਦਾ ਵਾਜਾ ਜੋਗੀ ਲੋਕ ਭੋਜਨ ਤਿਆਰ ਕਰਕੇ ਵਜਾਉਂਦੇ ਹਨ, ਉਸਨੂੰ ਨਾਦ ਕਹਿੰਦੇ ਹਨ। ਇਹ ਭੋਜਨ ਛਕਣ ਲੱਗਿਆਂ ਹੀ ਵਜਾਉਂਦੇ ਹਨ, ਅੱਗੋਂ ਪਿਛੋਂ ਨਹੀਂ। ਜਿਹੜੀ ਹਿਰਨ ਦੀ ਸਿੰਙੀ ਹੈ, ਜਦੋਂ ਜੀ ਚਾਹੇ ਵਜਾ ਲੈਂਦੇ ਹਨ। ਜੈਸਾ ਕਿ -

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥*

*ਅੰਗ - ੯੮੮*

ਜੋ ਘਟਿ=ਜੀਵਾਂ ਦੇ ਮੁੱਖਾਂ ਤੋਂ ਘਟਿ=ਇਕ ਰਸ ਬੋਲ-ਚਾਲ ਹੋ ਰਹੀ ਹੈ, ਇਹੀ ਨਾਦ=ਵਾਜਾ ਵਾਜਹਿ=ਵਜਦਾ ਹੈ ਭਾਵ ਗੁਰੂ ਜੀ ਨੇ ਗਿਆਨ ਨੂੰ ਭੋਜਨ, ਦਇਆ ਨੂੰ ਭੰਡਾਰਣ ਅਤੇ ਘਟਾਂ-ਘਟਾਂ 'ਚੋਂ ਹੋ ਰਹੇ ਪ੍ਰਭੂ ਦੇ ਨਾਮ ਦੇ ਉਚਾਰਣ ਨੂੰ ਨਾਦ ਕਿਹਾ ਹੈ। ਜਿਵੇਂ ਭੰਡਾਰਣ ਸਭ ਨੂੰ ਭੋਜਨ ਦਿੰਦੀ ਹੈ, ਇਵੇਂ ਹੀ ਦਇਆ ਵਿਚ ਸਾਰੇ ਧਰਮ ਦੇ ਗੁਣ ਪ੍ਰਾਪਤ ਹੁੰਦੇ ਹਨ। ਜਿਵੇਂ ਤੁਲਸੀ ਜੀ ਨੇ ਦਇਆ ਨੂੰ ਧਰਮ ਦਾ ਮੂਲ ਕਿਹਾ ਹੈ -

*ਦਇਆ ਧਰਮ ਕਾ ਮੂਲ ਪਾਪ ਮੂਲ ਅਭਿਮਾਨ।*
*ਤੁਲਸੀ ਦਇਆ ਨ ਛੋਡੀਏ ਜਬ ਲਗ ਘਟ ਮਹਿ ਪ੍ਰਾਨ।*

*(ਤੁਲਸੀ ਦਾਸ ਜੀ)*

### ਆਪਿ ਨਾਥੁ, ਨਾਥੀ ਸਭ ਜਾ ਕੀ; ਰਿਧਿ ਸਿਧਿ ਅਵਰਾ ਸਾਦ॥

ਹੇ ਸਿੱਧੋ! ਸਾਡੇ ਅੰਦਰ ਨਾਥ ਬਣਨ ਦੀ ਕੋਈ ਇੱਛਾ ਨਹੀਂ ਹੈ, ਕਿਉਂਕਿ ਅਸੀਂ ਭਲੀ ਪ੍ਰਕਾਰ ਜਾਣਦੇ ਹਾਂ ਕਿ ਉਹ ਪ੍ਰਭੂ ਆਪਿ=ਆਪਿ ਹੀ ਸਾਰੀ ਦੁਨੀਆਂ ਦਾ ਨਾਥੁ=ਸੁਆਮੀ ਜਿਸ ਦੀ ਸਾਰੀ ਸ੍ਰਿਸ਼ਟੀ ਆਪਣੇ ਹੁਕਮ ਰੂਪ ਨੱਥ ਨਾਲ ਨਾਥੀ=ਨੱਥੀ ਹੋਈ ਹੈ, ਭਾਵ ਅਧੀਨ ਕੀਤੀ ਹੋਈ ਹੈ। ਜੈਸਾ ਕਿ -

*ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥*

*ਅੰਗ - ੧੦੩੭*

*ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ ॥*

*ਅੰਗ - ੧੨੫੧*

ਸਭ=ਸਾਰੀ ਸ੍ਰਿਸ਼ਟੀ ਉਸ ਨਾਥੁ=ਪ੍ਰਭੂ ਰੂਪੀ ਜੋਗੀ ਦੀ ਨਾਥੀ=ਜਮਾਤ ਦੀ ਨਿਆਈਂ ਹੈ ਅਤੇ ਰਿਧਿ ਸਿਧਿ=ਰਿਧੀਆਂ ਤੇ ਸਿੱਧੀਆਂ ਦਾ ਸਾਦੁ=ਸੁਆਦ ਅਵਰਾ=ਹੋਰਨਾਂ ਨੂੰ ਹੀ ਹੋਵੇਗਾ। ਸਾਡਾ ਇਸ ਨਾਲ ਭਾਉਂਦਾ ਅਥਵਾ ਰਿਧੀਆਂ-ਸਿੱਧੀਆਂ ਦਾ ਸਾਦੁ=ਸੁਆਦ ਤਾਂ ਅਵਰਾ=ਹੋਰ ਹੀ ਹੈ, ਸਾਨੂੰ ਨਹੀਂ ਭਾਉਂਦਾ ਅਥਵਾ ਰਿਧੀਆਂ ਸਿਧੀਆਂ ਦਾ ਸੁਆਦ ਅਵਰਾ-ਅਵਰਨ ਅਗਿਆਨ ਵਾਲਾ ਹੈ ਭਾਵ ਢੱਕਣ ਵਾਲਾ ਹੈ ਜੋ ਪ੍ਰਭੂ ਦੇ ਅਨੰਦ ਦੀ ਪ੍ਰਾਪਤੀ 'ਚ ਰੋੜਾ ਹੈ। ਇਸ ਤੁਕ ਵਿਚ ਦੋ ਸ਼ਬਦ 'ਰਿਧਿ' ਅਤੇ 'ਸਿਧਿ' ਆਏ ਹਨ। ਰਿਧੀ=ਅੰਨ ਦੀ ਅਤੋਟਤਾ ਦਾ ਨਾਮ ਹੈ। ਜਪ ਤਪ ਕਰਕੇ ਸਾਧਨਾ ਦੁਆਰਾ ਅਜਿਹੀ ਸ਼ਕਤੀ ਮਿਲ ਜਾਣੀ ਕਿ ਸੇਰ ਅੰਨ ਪਕਾ ਕੇ ਸੈਂਕੜੇ ਹਜ਼ਾਰਾਂ ਨੂੰ ਵਰਤਾ ਦੇਣਾ ਪਰ ਉਹ ਵਸਤੂ ਮੁੱਕੇ ਨਾ। ਸਿਧੀ=ਪ੍ਰਾਣਾਯਾਮ ਕਰਨ ਵਾਲੇ ਜਪੀਆਂ ਤਪੀਆਂ ਨੂੰ ਮੁੱਖ ਅਤੇ ਗੌਣ ਸ਼ਕਤੀ ਜੋ ਪ੍ਰਾਪਤ ਹੋਵੇ ਉਸ ਦਾ ਨਾਮ ਸਿੱਧੀ ਹੈ। ਜੋ ਮੁੱਖ ਅੱਠ ਹਨ ਤੇ ਦਸ ਹੀਣ ਹਨ। ਮੁੱਖ ਸਿਧੀਆਂ - 1. ਅਣਿਮਾ=ਬਹੁਤ ਛੋਟਾ ਹੋ ਜਾਣਾ 2. ਮਹਿਮਾ=ਬਹੁਤ ਵੱਡਾ ਹੋ ਜਾਣਾ, 3. ਗਰਿਮਾ= ਭਾਰੀ ਹੋ ਜਾਣਾ, 4. ਲਘਿਮਾ=ਹੌਲਾ ਹੋ ਜਾਣਾ 5. ਪ੍ਰਾਪਤ=ਮਨ ਭਾਉਂਦੀ ਵਸਤੂ ਪ੍ਰਾਪਤ ਕਰ ਲੈਣੀ 6. ਪ੍ਰਾਕਾਮਯ=ਸਾਰਿਆਂ ਦੇ ਮਨ ਦੀ ਜਾਣ ਲੈਣੀ 7. ਈਸ਼ਿਤਾ=ਆਪਣੀ ਇੱਛਾ

ਅਨੁਸਾਰ ਸਭ ਨੂੰ ਪ੍ਰੇਰਣਾ 8. ਵਸ਼ਿਤਾ=ਸਭ ਨੂੰ ਕਾਬੂ ਕਰ ਲੈਣਾ। ਦਸ ਗੌਣ ਸਿੱਧੀਆਂ ਦੇ ਨਾਮ 1. ਅਨੂਰਿਮ=ਭੁੱਖ ਤੇਹ ਦਾ ਨਾ ਵਿਆਪਣਾ 2. ਦੂਰ ਸ੍ਰਵਨ=ਦੂਰੋਂ ਸਭ ਗੱਲ ਸੁਣ ਲੈਣੀ 3. ਦੂਰ ਦਰਸ਼ਨ=ਦੂਰ ਦੇ ਨਜ਼ਾਰੇ ਅੱਖਾਂ ਸਾਮ੍ਹਣੇ ਵੇਖਣੇ 4. ਮਨੋ ਵੇਗ=ਮਨ ਦੀ ਚਾਲ ਤੁਲ ਛੇਤੀ ਜਾਣਾ 5. ਕਾਮ ਰੂਪ=ਜੇਹਾ ਮਨ ਚਾਹੇ, ਉਸੇ ਤਰ੍ਹਾਂ ਦਾ ਰੂਪ ਧਾਰ ਲੈਣਾ 6. ਪਰ ਕਾਯਾ ਪ੍ਰਵੇਸ਼=ਦੂਸਰੇ ਦੇ ਸਰੀਰ ਵਿਚ ਪ੍ਰਵੇਸ਼ ਕਰ ਲੈਣਾ 7. ਸ੍ਵੈਛੰਦ ਮ੍ਰਿਤੂ=ਆਪਣੀ ਇੱਛਾ ਅਨੁਸਾਰ ਮਰ ਜਾਣਾ 8. ਸੁਰ ਕ੍ਰੀੜਾ=ਦੇਵਤਿਆਂ ਨਾਲ ਮਿਲ ਕੇ ਖੇਲਣਾ 9. ਸੰਕਲਪ ਸਿਧ=ਜੋ ਚਿਤਵਣਾ ਸੋ ਪੂਰਾ ਹੋ ਜਾਣਾ, 10. ਅਪ੍ਰਤਿਹਤ ਗਤਿ=ਕਿਸੇ ਥਾਂ ਜਾਣ ਵਿਚ ਕੋਈ ਰੁਕਾਵਟ ਨਾ ਪਵੇ। ਇਹ ਅੱਠ ਮੁੱਖ ਤੇ ਦਸ ਗੌਣ ਸਿੱਧੀਆਂ ਹਨ।

ਰਿੱਧੀਆਂ-ਸਿੱਧੀਆਂ ਬਾਬਤ ਸਤਿਗੁਰੂ ਜੀ ਨੇ ਇਸ ਪ੍ਰਕਾਰ ਕਥਨ ਕੀਤਾ ਹੈ -

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*

*ਅੰਗ - ੫੯੩*

ਪ੍ਰਸ਼ਨ - ਫਿਰ ਸਿੱਧ ਕਹਿਣ ਲੱਗੇ ਕਿ ਮਹਾਰਾਜ! ਸਾਡੇ ਮਤ ਵਿਚ ਦੋ ਸੇਵਾਦਾਰ ਹੁੰਦੇ ਹਨ, ਇਹ ਕੁਠਾਰੀ ਦਾ ਕੰਮ ਕਰਦਾ ਹੈ। ਆਪ ਦੇ ਮਤ 'ਚ ਕੌਣ ਹਨ?

ਉੱਤਰ - ਤਦ ਉੱਤਰ ਵਿਚ ਸਤਿਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ -

**ਸੰਜੋਗੁ ਵਿਜੋਗੁ ਦੁਇ, ਕਾਰ ਚਲਾਵਹਿ;**
**ਲੇਖੇ ਆਵਹਿ ਭਾਗ॥**

ਹੇ ਸਿੱਧ ਪੁਰਸ਼ੋ! ਪ੍ਰਾਲਬਧ ਦੇ ਸੰਜੋਗੁ ਨਾਲ ਪਦਾਰਥਾਂ ਦੀ ਪ੍ਰਾਪਤੀ ਹੀ ਸਾਡੇ ਲਈ ਕੁਠਾਰੀ ਹੈ ਤੇ ਕਰਮਾਂ ਕਰਕੇ ਜੋ ਪਦਾਰਥਾਂ ਦਾ ਵਿਜੋਗੁ=ਵਿਛੋੜਾ ਹੈ, ਇਹੋ ਸਾਡੇ ਲਈ ਭੰਡਾਰੀ ਹੈ ਅਤੇ ਮੱਥੇ ਦੇ ਲੇਖੇ=ਲੇਖਾਂ ਅਨੁਸਾਰ ਜੋ ਪਦਾਰਥ ਮਿਲਦੇ ਹਨ, ਸਾਡੇ ਮੱਤ ਅਨੁਸਾਰ ਇਹੋ ਹੀ ਭਾਗ=ਛਾਂਦਾ ਹੈ ਭਾਵ ਪਦਾਰਥ ਤਾਂ ਭਾਗਾਂ ਨਾਲ ਆ ਕੇ ਪ੍ਰਾਪਤ ਹੁੰਦੇ ਹਨ।

**ਆਦੇਸੁ; ਤਿਸੈ ਆਦੇਸੁ॥**

ਹੇ ਸਿੱਧੋ! ਆਦੇਸੁ=ਨਮਸਕਾਰ ਹੈ, ਤਿਸੈ=ਉਸ ਪ੍ਰਭੂ ਨੂੰ ਆਦੇਸੁ=ਨਮਸਕਾਰ ਹੈ, ਵਾ: ਜੋ ਆ+ਦੇਸੁ=ਦੇਸ=ਅੰਗਾਂ ਤੋਂ ਆ=ਰਹਿਤ ਹੈ ਵਾ: ਦੇਸੁ=ਅੰਗਾਂ ਵਿਚ ਆ=ਆਇਆ ਹੋਇਆ ਹੈ, ਉਸਨੂੰ ਆਦੇਸ=ਨਮਸਕਾਰ ਹੈ ਵਾ: ਨਿਰਲੇਪਤਾ ਕਰਕੇ ਰਹਿਤ ਹੈ, ਸੱਤਾ ਕਰਕੇ ਆਇਆ ਹੋਇਆ ਹੈ।

**ਆਦਿ ਅਨੀਲੁ ਅਨਾਦਿ ਅਨਾਹਤਿ;**
**ਜੁਗ ਜੁਗ ਏਕੋ ਵੇਸੁ॥**

ਜੋ ਸਾਰਿਆਂ ਦਾ ਆਦਿ=ਮੁੱਢ ਰੂਪ ਹੈ, ਅਨੀਲੁ=ਰੰਗਾਂ ਵਾ: ਗਿਣਤੀ ਵਾ: ਕਲੰਕ ਆਦਿ ਤੋਂ ਰਹਿਤ ਹੈ। ਅਨਾਦਿ=ਆਦਿ ਤੋਂ ਰਹਿਤ ਹੈ। ਅਨਾਹਤਿ=ਨਾਸ਼ ਤੋਂ ਰਹਿਤ ਹੈ ਅਤੇ ਜੁਗ-ਜੁਗ ਦਾ ਭਾਵ ਚਾਰ ਜੁੱਗ (ਸਤਿਜੁਗ, ਤ੍ਰੇਤਾ, ਦੁਆਪਰ, ਕਲਿਜੁਗ) ਸਾਰੇ ਜੁਗਾਂ ਵਿਚ ਇਕੋ ਵੇਸੁ=ਸਰੂਪ ਹੈ ਵਾ: ਜੁਗੁ ਜੁਗੁ=ਚੌਹਾਂ ਖਾਣੀਆਂ ਵਿਚ ਵਾ: ਜੁਗੁ ਜੁਗੁ=ਉਤਮ, ਮੱਧਮ, ਕਨਿਸ਼ਟ, ਨੀਚ ਸਭ ਵਿਚ ਏਕੋ=ਅਦ੍ਵੈਤ ਵੇਸੁ=ਸਰੂਪ ਹੈ।

**ਉਨੱਤੀਵੀਂ ਪਉੜੀ ਦਾ ਮੁੱਖ ਭਾਵ -** ਇਸ ਪਉੜੀ ਵਿਚ ਗੁਰੂ ਜੀ ਨੇ ਗਿਆਨ ਰੂਪੀ ਭੋਜਨ ਕਰਨ ਨਾਲ ਤ੍ਰਿਪਤੀ ਆਉਣ ਦੀ ਗੱਲ ਵਰਣਨ ਕੀਤੀ ਹੈ। ਇਹ ਭੋਜਨ ਦਇਆ ਰੂਪੀ ਭੰਡਾਰਣ ਤੋਂ ਪ੍ਰਾਪਤ ਹੋਵੇਗਾ। ਸਰੀਰਾਂ-ਸਰੀਰਾਂ ਵਿਚ ਸਤਿਨਾਮ ਰੂਪੀ ਵਾਜਾ ਵੱਜ ਰਿਹਾ ਹੈ। ਉਹ ਆਪ ਸਾਰਿਆਂ ਦਾ ਮਾਲਕ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਹੁਕਮ ਰੂਪੀ ਨੱਥ ਪਾ ਕੇ ਨੱਥੀ ਹੋਈ ਹੈ ਭਾਵ ਅਧੀਨ ਕੀਤੀ ਹੋਈ ਹੈ। ਰਿਧੀਆਂ-ਸਿੱਧੀਆਂ ਦਾ ਹੋਰ ਹੀ ਸੁਆਦ ਹੈ। ਆਤਮਾਨੰਦ ਦੇ ਸੁਆਦ ਨੂੰ ਢੱਕਣ ਵਾਲਾ ਹੈ। ਸੰਜੋਗ ਤੇ ਵਿਜੋਗ ਦੋਵੇਂ ਹੀ ਕਾਰ ਚਲਾਉਂਦੇ ਹਨ। ਜੋ ਕਰਮ ਪਦਾਰਥਾਂ ਦਾ ਸੰਜੋਗੁ-ਮਿਲਾਪ ਕਰਾਉਂਦਾ ਹੈ, ਉਹ ਕੁਠਾਰੀ ਹੈ। ਜੋ ਕਰਮ ਦਰ 'ਤੇ ਰੱਖੇ ਹੋਏ ਹਨ। ਸਾਰੇ ਜੀਵਾਂ ਨੂੰ ਕਰਮਾਂ ਅਨੁਸਾਰ ਛਾਂਦੇ ਮਿਲਦੇ ਹਨ। ਉਸ ਵਾਹਿਗੁਰੂ ਨੂੰ ਨਮਸਕਾਰ ਹੈ। ਹੇ ਸਿੱਧੋ! ਉਹ ਸਦਾ ਰਹਿਣ ਵਾਲਾ ਹੈ। ਜੁਗਾਂ-ਜੁਗਾਂ ਵਿਚ ਉਸ ਦਾ ਇਕੋ ਹੀ ਵੇਸੁ=ਸਰੂਪ ਹੈ।

## ਪਉੜੀ ਤੀਹਵੀਂ

ਪ੍ਰਸ਼ਨ - ਫਿਰ ਸਿੱਧ ਕਹਿਣ ਲੱਗੇ ਕਿ ਮਹਾਰਾਜ ਜੀ! ਸਾਡੇ ਮੱਤ ਅਨੁਸਾਰ ਇਕ ਪਾਰਬਤੀ ਮਾਈ ਅਤੇ ਸ਼ਿਵ ਜੀ ਪਿਤਾ ਹੈ। ਕਿਉਂਕਿ ਜਦੋਂ ਸ਼ਿਵ ਜੀ ਨੇ ਸ੍ਵੇਤਦੀਪ ਉਤੇ ਪਾਰਬਤੀ ਨੂੰ ਅਮਰ ਕਥਾ ਸੁਣਾਈ ਸੀ ਤਾਂ ਉਹ ਸੌਂ ਗਈ ਤੇ ਇਕ ਮੱਛੀ ਨੇ ਸੁਣੀ ਸੀ ਤੇ ਸ਼ਿਵ ਜੀ ਨੇ ਵਰ ਦਿਤਾ ਸੀ ਕਿ ਇਸ ਮੱਛੀ ਤੋਂ ਹੀ ਸਾਡਾ ਵਡੇਰਾ ਮਛੰਦਰ ਨਾਥ ਪੈਦਾ ਹੋਇਆ ਸੀ। ਇਸ ਲਈ ਅਸੀਂ ਸ਼ਿਵ ਜੀ ਨੂੰ ਪਿਤਾ ਤੇ ਪਾਰਬਤੀ ਨੂੰ ਮਾਤਾ ਕਹਿੰਦੇ ਹਾਂ ਅਤੇ ਅਸੀਂ ਇਨ੍ਹਾਂ ਤੋਂ ਹੀ ਸੰਸਾਰ ਦੀ ਉਤਪਤੀ ਮੰਨਦੇ ਹਾਂ ਪਰ ਆਪ ਦੱਸੋ ਕਿ ਤੁਸੀਂ ਉਤਪਤੀ ਕਿਸ ਤੋਂ ਮੰਨਦੇ ਹੋ?

ਗੁਰ ਉੱਤਰ - ਤਦ ਉਤਰ ਵਿਚ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ -

**ਏਕਾ ਮਾਈ ਜੁਗਤਿ ਵਿਆਈ;**
**ਤਿਨਿ ਚੇਲੇ ਪਰਵਾਣੁ॥**

ਹੇ ਸਿੱਧ ਪੁਰਸ਼ੋ! ਜਦੋਂ ਏਕਾ=ਇਕ ਪਰਮੇਸ਼ਰ ਨਾਲ ਮਾਈ=ਮਾਇਆ ਜੁਗਤਿ=ਜੁੜੀ ਭਾਵ ਦੋਹਾਂ ਦਾ ਕਲਪਤਿਦਾਤਮ ਸੰਬੰਧ ਹੋਇਆ ਤਾਂ ਉਸ ਵੇਲੇ ਮਾਇਆ ਵਿਆਈ=ਪ੍ਰਸੂਤਿ ਹੋਈ ਅਤੇ ਉਸ ਤੋਂ ਤਿਨਿ=ਤਿੰਨ ਚੇਲੇ=ਪੁੱਤਰ (ਬ੍ਰਹਮਾ,

ਵਿਸ਼ਨੂੰ, ਸ਼ਿਵ ਜੀ) ਪਰਵਾਣੁ=ਪ੍ਰਵਾਨਨੀਕ ਹੋਏ ਭਾਵ ਤਿੰਨ ਗੁਣ (ਰਜੋ, ਤਮੋ, ਸਤੋ) ਰੂਪੀ ਚੇਲੇ=ਪੁੱਤਰ ਪ੍ਰਮਾਣਨੀਕ ਹੋਏ।

## ਇਕੁ ਸੰਸਾਰੀ, ਇਕੁ ਭੰਡਾਰੀ; ਇਕੁ ਲਾਏ ਦੀਬਾਣੁ॥

ਇਕੁ ਸੰਸਾਰੀ=ਬ੍ਰਹਮਾ ਭਾਵ ਰਜੋ ਗੁਣ ਹੈ ਜੋ ਸੰਸਾਰ ਦੀ ਉਤਪਤੀ ਕਰਨ ਵਾਲਾ ਹੋਇਆ ਹੈ। ਇਕੁ ਭੰਡਾਰੀ=ਵਿਸ਼ਨੂੰ ਭਾਵ ਸਤੋ ਗੁਣ ਹੈ ਜੋ ਭੰਡਾਰੀ ਰੂਪ ਹੋ ਕੇ ਸਭ ਦੀ ਪ੍ਰਤਿਪਾਲਣਾ ਕਰਦਾ ਹੈ। ਇਕੁ ਲਾਏ ਦੀ ਬਾਣੁ=ਇਕ ਸ਼ਿਵ ਜੀ ਭਾਵ ਤਮੋ ਗੁਣ ਹੈ ਜਿਸ ਨੂੰ ਸਭ ਦੇ ਲੈਤਾ ਕਰਨ ਦੀ ਬਾਣੁ=ਖੋਹ ਵਾ: ਆਦਤ ਹੈ ਕਿਉਂਕਿ ਕ੍ਰੋਧੀ ਆਦਮੀ ਕਿਸੇ ਦਾ ਲਿਹਾਜ਼ ਨਹੀਂ ਕਰਦਾ, ਸਭ ਨੂੰ ਮਾਰ ਮੁਕਾਉਣਾ ਚਾਹੁੰਦਾ ਹੈ। ਉਸ ਸਮੇਂ ਉਸ ਵਿਚ ਤਮੋ ਗੁਣ ਬ੍ਰਿਤੀ ਹੈ ਤੇ ਸ਼ਿਵ ਜੀ ਵਿਚ ਤਮੋ ਗੁਣ ਹੈ। ਜੈਸਾ ਕਿ -

*ਬ੍ਰਹਮਾ ਬਿਸਨੁ ਮਹੇਸੁ ਤ੍ਰੈਗੁਣ ਸਿਰਿ ਧੰਧੈ ਲਾਇਆ॥*

ਨੋਟ : ਇਹ ਤਿੰਨ ਗੁਣ ਜੋ ਮਾਇਆ ਤੋਂ ਪੈਦਾ ਹੋਏ, ਇਹਨਾਂ ਦੀ ਜਿਹੜੀ ਸਮ ਅਵਸਥਾ ਹੈ, ਉਸ ਨੂੰ ਪ੍ਰਧਾਨ ਕਿਹਾ ਜਾਂਦਾ ਹੈ। ਜੈਸਾ ਕਿ -

*ਤੀਨ ਗੁਣਾ ਕੀ ਸਾਮਿਆ ਜੋਈ।*
*ਨਾਮ ਪ੍ਰਧਾਨ ਕਹਾਵੈ ਸੋਈ।*

ਤਿੰਨ ਗੁਣਾਂ ਦੀ ਸਮ ਅਵਸਥਾ ਤੋਂ ਭਾਵ ਇਹ ਹੈ ਕਿ ਜਦੋਂ ਤਿੰਨੇ ਪੈਦਾ ਹੋ ਕਰਕੇ ਵੱਖ-ਵੱਖਰੇ ਨਹੀਂ ਸੀ ਹੋਏ, ਉਸ ਸਮੇਂ ਨੂੰ ਪ੍ਰਧਾਨ ਕਹਿੰਦੇ ਹਨ ਜਿਸ ਤੋਂ ਪਹਿਲਾਂ ਦਾ ਮਾਇਆ ਬਾਰੇ ਵੇਦ ਕੁਝ ਕਥਨ ਨਹੀਂ ਕਰਦਾ। ਗੁਰਬਾਣੀ ਨੇ ਗੁਰੂ ਸਾਹਿਬਾਨਾਂ ਨੇ ਉਹ ਭੇਦ ਕਥਨ ਕੀਤਾ ਹੈ ਜੋ ਵੇਦ ਨਹੀਂ ਦਸਦੇ। ਉਸ ਮਾਇਆ ਨੇ ਤਿੰਨ ਗੁਣਾਂ ਵਾਲੇ ਚੇਲੇ ਪੈਦਾ ਕੀਤੇ ਹਨ।

## ਜਿਵ ਤਿਸੁ ਭਾਵੈ, ਤਿਵੈ ਚਲਾਵੈ; ਜਿਵ ਹੋਵੈ ਫੁਰਮਾਣੁ॥

ਹੇ ਸਿੱਧੋ! ਜਿਵ=ਜਿਵੇਂ ਤਿਸੁ=ਉਸ ਪ੍ਰਭੂ ਨੂੰ ਭਾਵੈ=ਭਾਉਂਦਾ ਹੈ, ਉਹ ਤਿਵੈ=ਤਿਵੇਂ ਹੀ ਇਨ੍ਹਾਂ ਤਿੰਨਾਂ ਦੇਵਤਿਆਂ ਭਾਵ ਸੰਸਾਰ ਨੂੰ ਚਲਾਵੈ=ਚਲਾਉਂਦਾ ਹੈ ਅਤੇ ਜਿਵ=ਜਿਵੇਂ ਉਸ ਦਾ ਫੁਰਮਾਣੁ=ਹੁਕਮੁ ਹੁੰਦਾ ਹੈ, ਉਹ ਉਵੇਂ ਹੀ ਚਲਦੇ ਹਨ ਵਾ: ਜਿਵੇਂ ਮਾਇਆ ਦਾ ਤਿੰਨਾਂ ਗੁਣਾਂ ਨੂੰ ਫੁਰਮਾਣੁ=ਹੁਕਮ ਹੁੰਦਾ ਹੈ, ਉਹ ਉਵੇਂ ਹੀ ਚਲਦੇ ਹਨ।

## ਓਹੁ ਵੇਖੈ ਓਨਾ ਨਦਰਿ ਨ ਆਵੈ; ਬਹੁਤਾ ਏਹੁ ਵਿਡਾਣੁ॥

ਓਹੁ=ਉਹ ਪ੍ਰਭੂ ਤਾਂ ਬ੍ਰਹਮਾ ਆਦਿ ਦੇਵਤਿਆਂ ਨੂੰ ਤ੍ਰਿਗੁਣੀ ਸੰਸਾਰ ਦੇ ਸਾਰੇ ਜੀਵਾਂ ਨੂੰ ਵੇਖੈ=ਵੇਖਦਾ ਹੈ, ਪਰ ਓਨਾ=ਉਨ੍ਹਾਂ ਨੂੰ ਉਹ ਪ੍ਰਭੂ ਨਦਰਿ=ਦ੍ਰਿਸ਼ਟੀ ਵਿਚ ਨਹੀਂ ਆਵੈ=ਆਉਂਦਾ। ਇਹ ਬਹੁਤਾ=ਬਹੁਤ ਹੀ ਵਿਡਾਣੁ=ਅਸਚਰਜ ਕੌਤਕ ਹੈ ਭਾਵ ਉਹ ਤਿੰਨਾਂ ਗੁਣਾਂ ਤੋਂ ਅਤੀਤ ਹੈ ਅਥਵਾ ਓਹੁ=ਮਾਇਆ ਆਪ ਤਾਂ ਅਨਰਬਚਨੀ ਹੋ ਕੇ ਤਿੰਨਾਂ ਗੁਣਾਂ ਨੂੰ ਦੇਖ ਰਹੀ ਹੈ ਪਰ ਉਨ੍ਹਾਂ ਨੂੰ ਨਦਰਿ=ਦ੍ਰਿਸ਼ਟੀ ਵਿਚ ਨਹੀਂ ਆਉਂਦੀ। ਇਹ ਵਿਡਾਣੁ=ਅਸਚਰਜ ਕੌਤਕ ਹੈ ਕਿ ਤਿੰਨੇ ਗੁਣ ਦ੍ਰਿਸ਼ਟ ਰੂਪ ਹਨ ਤੇ ਪਰਮੇਸ਼ਰ ਦ੍ਰਿਸ਼ਟਾ ਰੂਪ ਹੈ।

## ਆਦੇਸ; ਤਿਸੈ ਆਦੇਸੁ॥

ਹੇ ਸਿੱਧੋ! ਇਸ ਲਈ ਆਦੇਸੁ=ਨਮਸਕਾਰ ਹੈ, ਤਿਸੈ=ਉਸ ਪ੍ਰਭੂ ਨੂੰ ਆਦੇਸੁ=ਨਮਸਕਾਰ ਹੈ ਵਾ: ਆਦੇਸ=ਆ+ਦੇਸੁ=ਆਂਦੀ ਜੋ ਈਸ਼ਵਰ ਹੈ, ਤਿਸ ਨੂੰ ਸਾਡੀ ਆਦੇਸੁ=ਨਮਸਕਾਰ ਹੈ।

## ਆਦਿ ਅਨੀਲੁ ਅਨਾਦਿ ਅਨਾਹਤਿ; ਜੁਗ ਜੁਗ ਏਕੋ ਵੇਸੁ॥

ਜੋ ਸਾਰਿਆਂ ਦਾ ਆਦਿ=ਮੁੱਢ ਰੂਪ ਹੈ, ਅਨੀਲੁ=ਰੰਗਾਂ, ਕਲੰਕਾ ਵਾ: ਗਿਣਤੀ ਆਦਿ ਤੋਂ ਰਹਿਤ ਹੈ। ਅਨਾਦਿ=ਮੁੱਢ ਤੋਂ ਵੀ ਰਹਿਤ ਅਨਾਦੀ ਹੈ। ਅਨਾਹਤਿ=ਨਾਸ ਰਹਿਤ ਹੈ ਅਤੇ ਜੁਗਾਂ-ਜੁਗਾਂ ਵਿਚ ਜਿਸ ਦਾ ਇਕੋ ਹੀ ਵੇਸੁ=ਸਰੂਪ ਹੈ।

ਤੀਹਵੀਂ ਪਉੜੀ ਦਾ ਮੁੱਖ ਭਾਵ = ਇਸ ਪਉੜੀ ਵਿਚ ਪਰਮੇਸ਼ਰ ਮਾਇਆ ਦਾ ਪਤੀ ਦੱਸਿਆ ਹੈ। ਜਦੋਂ ਮਾਇਆ ਕਲਪਤਿਦਾਤਮ ਸਬੰਧ ਕਰਕੇ ਜੁੜੀ ਤਾਂ ਵਿਆਈ=ਪ੍ਰਸੂਤਾ ਭਾਵ ਨੂੰ ਪ੍ਰਾਪਤ ਹੋਈ ਤਾਂ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਚੇਲੇ=ਪੁੱਤਰ ਪੈਦਾ ਕੀਤੇ। ਤਿੰਨ ਗੁਣ ਰਜੋ, ਸਤੋ, ਤਮੋ ਪੈਦਾ ਹੋਏ। ਰਜੋ ਗੁਣੀ ਬ੍ਰਹਮਾ ਸੰਸਾਰ ਦੀ ਪੈਦਾਇਸ਼ ਕਰਦਾ ਹੈ। ਸਤੋ ਗੁਣੀ ਵਿਸ਼ਨੂੰ ਭੰਡਾਰਾ ਦਿੰਦਾ ਹੈ ਭਾਵ ਪਾਲਣਾ ਕਰਦਾ ਹੈ। ਤਮੋ ਗੁਣ ਸ਼ਿਵ ਜੀ ਨੂੰ ਲੈਤਾ ਭਾਵ ਨਾਸ ਕਰਨ ਦੀ ਆਦਤ ਪਈ ਹੋਈ ਹੈ। ਜਿਵੇਂ ਉਸ ਵਾਹਿਗੁਰੂ ਨੂੰ ਭਾਉਂਦਾ ਹੈ, ਤਿਵੈ=ਉਹਨਾਂ ਸਾਰਿਆਂ ਨੂੰ ਮਾਇਆ ਦੇ ਤਿੰਨੇ ਗੁਣਾਂ ਨੂੰ ਆਪਣੇ ਹੁਕਮ ਵਿਚ ਚਲਾਉਂਦਾ ਹੈ। ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਉਵੇਂ ਹੀ ਚਲਦੇ ਹਨ। ਉਹ ਪਰਮੇਸ਼ਰ ਮਾਇਆ ਨੂੰ ਤਿੰਨਾਂ ਗੁਣਾਂ ਨੂੰ ਭਾਵ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਨੂੰ ਦ੍ਰਿਸ਼ਟਾ ਰੂਪ ਹੋ ਕੇ ਵੇਖਦਾ ਹੈ, ਪਰ ਆਪ ਉਹਨਾਂ ਤਿੰਨਾਂ ਦੀ ਨਜ਼ਰ ਵਿਚ ਨਹੀਂ ਆਉਂਦਾ। ਇਹ ਵਿਡਾਣੁ=ਅਸਚਰਜ ਹੈ। ਉਸ ਪਰਮਾਤਮਾ ਨੂੰ ਆਦੇਸੁ=ਨਮਸਕਾਰ ਹੈ, ਸਦਾ ਆਦੇਸੁ=ਨਮਸਕਾਰ ਹੈ ਜੋ ਸਭ ਦਾ ਆਦਿ=ਮੁੱਢ ਰੂਪ ਹੈ, ਅਨੀਲੁ=ਗਿਣਤੀ ਆਦਿ ਤੋਂ ਰਹਿਤ ਹੈ, ਅਨਾਦਿ=ਆਦਿ ਤੋਂ ਰਹਿਤ ਹੈ, ਅਨਾਹਤਿ=ਜਿਹੜਾ ਨਾਸ ਤੋਂ ਰਹਿਤ ਹੈ। ਜੁਗਾਂ-ਜੁਗਾਂ ਵਿਚ ਇਕ ਰਸ ਹੀ ਰਹਿਣ ਵਾਲਾ ਉਸ ਦਾ ਸਰੂਪ ਹੈ।

********

# ਬਾਲਮ ਸਾਖੀਆਂ-ਗੁਰੂ ਗੋਬਿੰਦ ਸਿੰਘ ਜੀ

## (ਬੱਚਿਆਂ ਲਈ ਵਿਸ਼ੇਸ਼)

*ਡਾ. ਭਾਈ ਵੀਰ ਸਿੰਘ ਜੀ*

### ਮਾਈ ਨਾਲ ਅਨੋਖੀ ਖੇਡ

ਪਟਨਾ ਵਿਖੇ ਘਰ ਦੇ ਨੇੜੇ ਹੀ ਇਕ ਗਰੀਬ ਮਾਈ ਰਹਿੰਦੀ ਸੀ ਜੋ ਚਰਖਾ ਕੱਤ ਕੇ ਗੁਜ਼ਾਰਾ ਕਰਦੀ ਸੀ ਤੇ ਬੜੀ ਮੁਸ਼ਕਲ ਨਾਲ ਦੋ ਵੇਲੇ ਦਾ ਅੰਨ ਮਿਲਦਾ ਸੀ। ਬਾਲ ਗੋਬਿੰਦ ਰਾਇ ਜੀ ਖੇਡਦੇ ਹੋਏ ਜਦ ਉਧਰੋਂ ਲੰਘਦੇ ਤਾਂ ਉਹਦੀਆਂ ਪੂਣੀਆਂ ਤੇ ਕੱਤਿਆ ਸੂਤ ਖਿਲਾਰ ਦਿੰਦੇ। ਸ਼ਰਾਰਤ ਕਰਕੇ ਘਰ ਆ ਜਾਂਦੇ। ਦੂਜੀ ਵਾਰ ਜਦ ਇਸ ਤਰ੍ਹਾਂ ਕੀਤਾ ਤਾਂ ਉਹ ਮਾਈ ਸ਼ਿਕਾਇਤ ਕਰਨ ਲਈ ਮਾਤਾ ਜੀ ਪਾਸ ਆ ਗਈ। ਮਾਤਾ ਜੀ ਨੇ ਚੋਖੇ ਰੁਪਏ ਦੇ ਕੇ ਖੁਸ਼ ਕਰ ਦਿਤਾ ਤੇ ਉਹ ਅਸੀਸਾਂ ਦਿੰਦੀ ਵਾਪਸ ਚਲੀ ਗਈ। ਇਉਂ ਕਈ ਵਾਰ ਹੋਇਆ। ਅਖੀਰ ਇਕ ਵਾਰ ਮਾਤਾ ਜੀ ਨੇ ਪੁਛਿਆ, ਬੇਟਾ ਜੀ, ਇਉਂ ਕਿਉਂ ਕਰਦੇ ਹੋ? ਤਾਂ ਮੁਸਕਰਾ ਕੇ ਬਾਲਕ ਗੋਬਿੰਦ ਰਾਇ ਜੀ ਨੇ ਕਿਹਾ, ਮੈਂ ਤਾਂ ਇਹਦੀ ਗਰੀਬੀ ਪਿਆ ਉਡਾਂਦਾਂ ਹਾਂ। ਤੁਸੀਂ ਇਹਨੂੰ ਜੋ ਦੇ ਰਹੇ ਹੋ, ਇਹ ਉਹਦੀ ਮਹੀਨਿਆਂ ਦੀ ਕਮਾਈ ਨਾਲੋਂ ਵੀ ਵੱਧ ਹੈ। ਮਾਤਾ ਜੀ ਸਮਝ ਗਏ ਕਿ ਇਹ ਅਨੋਖਾ ਕੌਤਕ ਕਿਸੇ ਮੰਤਵ ਲਈ ਵਾਪਰਿਆ ਹੈ।

### ਰਾਜਾ ਫਤਹਚੰਦ ਨੂੰ ਨਿਹਾਲ ਕੀਤਾ

ਗੰਗਾ ਦੇ ਕਿਨਾਰੇ ਇਕ ਪੰਡਤ ਸ਼ਿਵ ਦੱਤ ਤਪ ਕਰਦਾ ਸੀ ਤੇ ਉਹਨੇ ਇਕ ਦਿਨ ਸਮਾਧੀ ਵਿਚ ਦੇਖਿਆ ਕਿ ਬੱਚਿਆਂ ਨਾਲ ਦਰਿਆ ਕੰਢੇ ਖੇਡਦਾ ਬਾਲ ਗੋਬਿੰਦ ਸਾਧਾਰਨ ਬਾਲਕ ਨਹੀਂ, ਰੱਬ ਦਾ ਖਾਸ ਪੁੱਤਰ ਹੈ। ਉਹਨੇ ਇਕ ਕੋਹੜੀ ਨੂੰ ਧੱਕਾ ਦੇ ਕੇ ਦਰਿਆ ਵਿਚ ਸੁਟਦਿਆਂ ਵੀ ਦੇਖਿਆ ਸੀ, ਨ੍ਹਾਕੇ ਨਵਾਂ ਨਰੋਇਆ ਤੇ ਕੋਹੜ ਦੇ ਦੁੱਖ ਤੋਂ ਛੁਟ ਗਿਆ ਵੀ ਦੇਖਿਆ। ਉਹ ਇਸ ਤਰ੍ਹਾਂ ਬਾਲ ਗੋਬਿੰਦ ਰਾਇ ਦਾ ਸ਼ਰਧਾਲੂ ਹੋ ਗਿਆ।

ਉਹਦਾ ਇਕ ਮਿੱਤਰ, ਸ਼ਹਿਰ ਦਾ ਧਨਾਢ ਤੇ ਵੱਡੀ ਜ਼ਮੀਨ ਦਾ ਮਾਲਕ ਫਤਹਿ ਚੰਦ ਮੈਣੀ ਤੇ ਉਹਦੀ ਪਤਨੀ ਘਾਟ ਤੇ ਸ਼ਿਵ ਦੱਤ ਪਾਸ ਆਏ ਤੇ ਉਹਨੂੰ ਕਹਿਣ ਲੱਗੇ, ਰੱਬ ਪਾਸ ਸਾਡੇ ਲਈ ਅਰਦਾਸ ਕਰ ਕਿ ਸਾਨੂੰ ਰੱਬ ਇੱਕ ਪੁੱਤਰ ਦੇਵੇ। ਬੜੀ ਜਾਇਦਾਦ ਏ ਪਰ ਅੱਗੋਂ ਵਾਰਸ ਕੋਈ ਨਹੀਂ। ਪੰਡਤ ਨੇ ਉਤਰ ਦਿਤਾ - ਮੈਂ ਤੇ ਕਈ ਵਾਰ ਰੱਬ ਤੋਂ ਇਹ ਮੰਗ ਮੰਗੀ ਏ ਪਰ ਮੇਰੀ ਸੁਣੀ ਨਹੀਂ ਗਈ। ਹੁਣ ਆਪਣੇ ਸ਼ਹਿਰ ਵਿਚ ਰੱਬ ਦਾ ਖਾਸ ਪੁੱਤਰ, ਸਾਰੀਆਂ ਸ਼ਕਤੀਆਂ ਦਾ ਮਾਲਕ ਆਇਆ ਏ, ਗੁਰੂ ਤੇਗ ਬਹਾਦਰ ਦਾ ਪੁੱਤਰ, ਉਹਨੂੰ ਯਾਦ ਕਰੋ ਤੇ ਉਹ ਤੁਹਾਡੀ ਮੁਰਾਦ ਪੂਰੀ ਕਰ ਸਕਦਾ ਹੈ। ਉਹ 'ਬਾਲਾ ਪ੍ਰੀਤਮ' ਜੇ। ਬਸ ਉਸ ਦਿਨ ਤੋਂ ਫਤਹਿ ਚੰਦ ਤੇ ਉਹਦੀ ਪਤਨੀ ਬਾਲ ਗੋਬਿੰਦ ਨੂੰ ਦਿਨ ਰਾਤ ਯਾਦ ਕਰਨ ਲੱਗੇ ਤੇ ਬਾਲਾ ਪ੍ਰੀਤਮ ਦੀ ਹਰ ਵੇਲੇ ਰੱਟ ਲਗ ਗਈ।

ਜਦ ਚੌਥੇ ਦਿਨ ਸਿਦਕ ਨਾਲ ਯਾਦ ਕੀਤਾ, ਹਰ ਵੇਲੇ ਬਾਲਾ ਪ੍ਰੀਤਮ ਉਚਾਰਿਆ ਤਾਂ ਇਕ ਦਿਨ ਬਾਲਕ ਗੋਬਿੰਦ ਅੱਠ ਦਸ ਬਾਲਕਾਂ ਸਮੇਤ ਫਤਹਿਚੰਦ ਦੇ ਘਰ ਪਹੁੰਚ ਗਏ। ਸਮਾਧੀ ਲਾ ਕੇ ਬੈਠੀ ਫਤਹਿ ਚੰਦ ਦੀ ਪਤਨੀ ਦੀ ਗੋਦ ਵਿਚ ਜਾ ਬੈਠੇ ਤੇ ਹਸਦਿਆਂ ਆਖਿਆ, ਮਾਂ! ਰਾਣੀ ਦੀ ਅੱਖ ਖੁਲ੍ਹੀ, ਦਰਸ਼ਨ ਕੀਤੇ ਤੇ ਨਿਹਾਲ ਹੋ ਗਈ। ਪਹਿਲੀ ਵਾਰ ਬਾਲ ਗੋਬਿੰਦ ਦੇ ਦਰਸ਼ਨ ਕਰਕੇ ਉਹਦੇ ਅੰਦਰ ਖੁਸ਼ੀ ਤੇ ਸੰਤੁਸ਼ਟਤਾ ਆ ਗਈ।

ਬਾਲ ਗੋਬਿੰਦ ਨੇ ਹੋਰ ਚੋਜ ਵਿਖਾਇਆ ਤੇ ਕਹਿਣ ਲੱਗੇ-ਮਾਂ ਭੁੱਖ ਲੱਗੀ ਏ। 'ਹੁਣੇ ਲਉ ਜੀ' ਕਹਿ ਕੇ ਰਾਣੀ ਨੇ ਪਤੀ ਨੂੰ ਕਿਹਾ, ਤੁਰੰਤ ਮਠਿਆਈ ਮੰਗਵਾਉ ਤੇ ਜੋ ਫਲ ਬਾਹਰ ਮਿਲੇ, ਛੇਤੀ ਲੈ ਆਉ।

ਅਸੀਂ ਤੇ ਉਹ ਛੋਲੇ ਪੂਰੀਆਂ ਖਾਣੀਆਂ ਨੇ ਜੋ ਤੁਸੀਂ ਬਣਾ ਕੇ ਅੰਦਰ ਰੱਖੀਆਂ ਹਨ, ਬਾਲ ਗੋਬਿੰਦ ਨੇ ਕਿਹਾ।

ਲਉ ਜੀ ਝਟ ਅੰਦਰ ਜਿਤਨੇ ਵੀ ਛੋਲੇ ਤੇ ਪੂਰੀਆਂ ਸਨ ਉਹ ਲਿਆ ਕੇ ਅੱਗੇ ਰੱਖੀਆਂ। ਬਾਲ ਗੋਬਿੰਦ ਨੇ ਆਪਣੇ ਪਵਿੱਤਰ ਹੱਥਾਂ ਨਾਲ ਵਰਤਾਈਆਂ। ਸਭ ਨੂੰ ਦਿਤੀਆਂ ਤੇ ਫਿਰ ਇਕ ਪੂੜੀ ਆਪ ਵੀ ਖਾ ਲਈ। ਬਸ ਉਸ ਦਿਨ ਤੋਂ ਬਾਲ ਗੋਬਿੰਦ ਇਸ ਘਰ ਵਿਚ ਆਮ ਆਉਂਦੇ ਤੇ ਇਥੇ ਛੋਲੇ ਪੂੜੀਆਂ ਸਾਥੀਆਂ ਸਮੇਤ ਖਾ ਕੇ ਜਾਂਦੇ। ਰਾਜਾ ਫਤਹਿ ਚੰਦ ਤੇ ਉਹਦੀ ਪਤਨੀ ਦੀ ਪੁੱਤਰ ਦੀ ਭੁੱਖ ਵੀ ਪੂਰੀ ਹੋ ਗਈ ਤੇ ਪ੍ਰਭੂ ਦੇ ਦਰਸ਼ਨਾਂ ਦੀ ਲਾਲਸਾ ਵੀ। ਉਨ੍ਹਾਂ ਪਿੱਛੋਂ ਆਪਣੇ ਘਰ ਗੁਰਦੁਆਰਾ ਬਣਾ ਦਿਤਾ। ਜੋ ਹੁਣ ਵੀ 'ਮੈਣ ਸੰਗਤ' ਦੇ ਨਾਮ ਨਾਲ ਪ੍ਰਸਿੱਧ ਹੈ। ਤੇ ਅੱਜ ਵੀ ਇਸ ਗੁਰਦੁਆਰੇ ਵਿਚ ਛੋਲੇ ਪੂੜੀਆਂ ਦਾ ਹੀ ਪ੍ਰਸ਼ਾਦਿ ਸੰਗਤਾਂ ਨੂੰ ਮਿਲਦਾ ਹੈ।

### ਇਤਿਹਾਸਕ ਅਸਥਾਨ-ਗੋਬਿੰਦ ਘਾਟ

ਪੰਡਤ ਸ਼ਿਵ ਦੱਤ ਪਹਿਲਾਂ ਤਾਂ ਠਾਕਰਾਂ ਦਾ ਪੁਜਾਰੀ ਸੀ ਤੇ ਦਰਿਆ ਗੰਗਾ ਰੋਜ਼ਾਨਾ ਅੰਮ੍ਰਿਤ ਵੇਲੇ ਠਾਕਰਾਂ ਦੀਆਂ ਮੂਰਤੀਆਂ ਰੱਖ ਕੇ ਪੂਜਾ ਕਰਦਾ ਸੀ ਪਰ ਜਦੋਂ ਅਨੁਭਵ ਕਰ ਲਿਆ ਕਿ ਬਾਲਕ ਗੋਬਿੰਦ ਅਸਲ ਵਿਚ ਪ੍ਰਭੂ ਦੀ ਭੇਜੀ ਹੋਈ ਵਿਸ਼ੇਸ਼ ਆਤਮਾ ਹੈ ਤਾਂ ਉਹਨੇ ਬਾਲਕ ਗੋਬਿੰਦ ਦੀ ਅੰਤਰ ਧਿਆਨ ਹੋ ਕੇ ਪੂਜਾ ਕਰਨੀ ਸ਼ੁਰੂ ਕਰ ਦਿਤੀ। ਧਿਆਨ ਲਾ ਕੇ ਬਾਲਾ ਪ੍ਰੀਤਮ ਦੇ ਹੀ ਦਰਸ਼ਨ ਕਰਦਾ। ਬਾਲਕ ਗੋਬਿੰਦ ਵੀ ਉਹਦੀ ਸ਼ਰਧਾ ਦੇਖ ਕੇ ਸਵੇਰੇ-ਸਵੇਰੇ ਘਾਟ ਤੇ ਆ ਜਾਂਦੇ ਤੇ ਪੰਡਤ ਸ਼ਿਵ ਦੱਤ ਨੂੰ ਸਾਖਿਆਤ

ਦਰਸ਼ਨ ਦੇ ਜਾਂਦੇ। ਜਿਸ ਦਿਨ ਬਾਲਕ ਗੋਬਿੰਦ ਨਾ ਆਉਂਦੇ, ਪੰਡਤ ਸ਼ਿਵ ਦੱਤ ਉਸ ਦਿਨ ਸ਼ਾਮ ਨੂੰ ਜ਼ਰੂਰ ਫਤਹ ਚੰਦ ਦੇ ਘਰ ਮੈਣੀ ਸੰਗਤ ਵਿਚ ਪਹੁੰਚ ਜਾਂਦਾ ਤੇ ਉਥੇ ਦਰਸ਼ਨ ਕਰ ਲੈਂਦਾ। ਜੇ ਉਥੇ ਵੀ ਦਰਸ਼ਨ ਨਾ ਹੁੰਦੇ ਤਾਂ ਘਰ ਆ ਜਾਂਦਾ। ਕੁਝ ਵੀ ਹੋਵੇ ਉਹ ਦਰਸ਼ਨ ਕੀਤੇ ਬਿਨਾਂ ਘਰ ਨਾ ਜਾਂਦਾ। ਬ੍ਰਾਹਮਣ ਲੋਕ ਸ਼ਿਵ ਦੱਤ ਨਾਲ ਗੁੱਸੇ ਹੋ ਗਏ ਕਿ ਉਹਨੇ ਠਾਕਰਾਂ ਦੀ ਪੂਜਾ ਦੀ ਥਾਂ ਬਾਲਕ ਗੋਬਿੰਦ ਦੀ ਪੂਜਾ ਕਿਉਂ ਸ਼ੁਰੂ ਕਰ ਦਿਤੀ ਹੈ ਪਰ ਸ਼ਿਵ ਦੱਤ ਨੇ ਕਿਸੇ ਦੀ ਪ੍ਰਵਾਹ ਨਾ ਕੀਤੀ। ਉਹ ਆਪਣੀ ਧੁਨ ਤੇ ਸ਼ਰਧਾ ਵਿਚ ਲੱਗਾ ਹੋਇਆ ਸੀ। ਉਹਦੀ ਅੰਤਰ ਆਤਮਾ ਨੂੰ ਖੁਸ਼ੀ ਤੇ ਸੰਤੁਸ਼ਟਤਾ ਸੀ ਤੇ ਇਸੇ ਵਿਚ ਉਹ ਅਨੰਦ ਅਨੁਭਵ ਕਰਦਾ ਸੀ।

ਜਿਸ ਘਾਟ ਤੇ ਸਵੇਰੇ ਬਾਲਾ ਪ੍ਰੀਤਮ ਜੀ ਸ਼ਿਵ ਦੱਤ ਨੂੰ ਦਰਸ਼ਨ ਦਿਆ ਕਰਦੇ ਸਨ, ਉਸ ਦਾ ਨਾਮ 'ਗੋਬਿੰਦ ਘਾਟ' ਪੈ ਗਿਆ ਤੇ ਅੱਜਕੱਲ੍ਹ ਉਥੇ ਸ਼ਾਨਦਾਰ ਯਾਦਗਾਰ ਬਣੀ ਹੋਈ ਹੈ।

## ਦੋ ਨਵਾਬ ਭਰਾਵਾਂ ਤੇ ਕ੍ਰਿਪਾ ਦ੍ਰਿਸ਼ਟੀ ਹੋਈ

ਇਸ ਪਟਨਾ ਸ਼ਹਿਰ ਵਿਚ ਦੋ ਮੁਸਲਮਾਨ ਭਰਾ ਨਵਾਬ ਰਹੀਮ ਬਖਸ਼ ਤੇ ਕੀਰਮ ਬਖਸ਼ ਰਹਿੰਦੇ ਸਨ ਜਿਨ੍ਹਾਂ ਦੀ ਪਟਨਾ ਸ਼ਹਿਰ ਤੇ ਆਸ ਪਾਸ ਬਹੁਤ ਹੀ ਜਾਇਦਾਦ, ਜ਼ਮੀਨਾਂ ਤੇ ਕਾਰੋਬਾਰ ਸੀ। ਇਸ ਕਰਕੇ ਲੋਕ ਇਨ੍ਹਾਂ ਨੂੰ ਨਵਾਬ ਕਹਿੰਦੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਪਟਨੇ ਸ਼ਹਿਰ ਆਏ, ਇਨ੍ਹਾਂ ਦੇ ਬਾਗ ਵਿਚ ਏਕਾਂਤ ਦੇਖ ਕੇ ਉਥੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਉਹ ਬਾਗ ਸੁੱਕ ਰਿਹਾ ਸੀ ਜੋ ਗੁਰੂ ਜੀ ਦੇ ਚਰਨ ਪੈਣ ਨਾਲ ਹਰਾ ਭਰਾ ਹੋ ਗਿਆ। ਰੱਬ ਦੇ ਪਿਆਰਿਆਂ ਵਿਚ ਇਤਨੀ ਬਰਕਤ ਦੇਖ ਕੇ ਦੋਵੇਂ ਨਵਾਬ ਭਰਾ ਗੁਰੂ ਘਰ ਦੇ ਸ਼ਰਧਾਲੂ ਹੋ ਗਏ।

ਜਦੋਂ ਗੁਰੂ ਤੇਗ ਬਹਾਦਰ ਅਸਾਮ ਵਲ ਚਲੇ ਗਏ ਤਾਂ ਪਿੱਛੇ ਉਨ੍ਹਾਂ ਦੇ ਪਰਿਵਾਰ ਵਿਚ ਬਾਲਕ ਗੋਬਿੰਦ ਜੀ ਪਟਨੇ ਵਿਚ ਵਿਚਰ ਰਹੇ ਸਨ ਤਾਂ ਇਨ੍ਹਾਂ ਭਰਾਵਾਂ ਨੇ ਗੁਰੂ ਪਰਿਵਾਰ ਦੀ ਪੀਰ ਪੈਗੰਬਰ ਸਮਝ ਕੇ ਸੇਵਾ ਕੀਤੀ। ਜਦੋਂ ਬਾਲਾ ਪ੍ਰੀਤਮ ਪਟਨੇ ਤੋਂ ਅਨੰਦਪੁਰ ਸਾਹਿਬ ਵਲ ਜਾਣ ਲੱਗੇ ਤਾਂ ਇਹ ਦੋਵੇਂ ਨਵਾਬ ਭਰਾ ਵੀ ਉਦਾਸ ਹੋ ਗਏ।

ਬਾਲ ਗੋਬਿੰਦ ਜੀ ਨੇ ਪੁਛਿਆ ਕਿ ਤੁਸੀਂ ਕੋਈ ਮੰਗ ਮੰਗੋ। ਉਨ੍ਹਾਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਾਨੂੰ ਤਾਂ ਤੁਹਾਡੇ ਦਰਸ਼ਨਾਂ ਦੀ ਸਿੱਕ ਹੈ ਤਾਂ ਬਾਲਾ ਪ੍ਰੀਤਮ ਨੇ ਉਤਰ ਦਿਤਾ - ਤੁਹਾਨੂੰ ਗੁਰਦੇਵ ਪਿਤਾ ਜਪੁਜੀ ਦਾ ਰੋਜ਼ਾਨਾ ਪਾਠ ਕਰਨਾ ਕਹਿ ਗਏ ਸਨ ਤੇ ਹੁਣ ਜਦੋਂ ਤੁਸੀਂ ਜਪੁਜੀ ਦੇ ਪਾਠ ਦਾ ਭੋਗ ਪਾਇਆ ਕਰੋਗੇ ਤਾਂ ਉਸ ਵੇਲੇ ਮੇਰੇ ਦਰਸ਼ਨ ਹੋ ਜਾਇਆ ਕਰਨਗੇ। ਇਨ੍ਹਾਂ ਭਰਾਵਾਂ ਨੇ ਇਕ ਪਿੰਡ ਪੂਰਾ ਤੇ ਉਹੀ ਬਾਗ ਜਿਸ ਵਿਚ ਗੁਰੂ ਜੀ ਬੈਠੇ ਸਨ, ਦੋਵੇਂ ਗੁਰੂ ਕੇ ਲੰਗਰ ਦੇ ਨਾਮ ਲਵਾ ਦਿਤੇ। ਹੁਣ ਤੱਕ ਇਹ ਗੁਰਦੁਆਰਾ ਪਟਨਾ ਸਾਹਿਬ ਦੀ ਮਾਲਕੀ ਵਿਚ ਹਨ।

## ਜਗਤਾ ਸੇਠ ਸੇਵਾ ਕਰਕੇ ਤਰ ਗਿਆ

ਜਗਤਾ ਸੇਠ ਵੀ ਪਟਨੇ ਦਾ ਇਕ ਪ੍ਰਸਿੱਧ ਵਪਾਰੀ ਸੀ ਜਿਸ ਦੀਆਂ ਦੁਕਾਨਾਂ ਤੇ ਸਟੋਰ ਦੇਸ਼ ਭਰ ਵਿਚ ਉਸ ਸਮੇਂ ਸਨ। ਉਸ ਸਮੇਂ ਅਜੇਹੀਆਂ ਦੁਕਾਨਾਂ ਨੂੰ ਕੋਠੀਆਂ ਤੇ ਮਾਲਕ ਨੂੰ ਕੋਠੀਦਾਰ ਵੀ ਕਹਿੰਦੇ ਸਨ। ਬੇਹਿਸਾਬ ਧਨ ਸੀ ਪਰ ਪੁੱਤਰ ਕੋਈ ਨਹੀਂ ਸੀ। ਪੁੱਤਰ ਦੀ ਲਾਲਸਾ ਵਿਚ ਉਹਨੇ ਤਿੰਨ ਵਿਆਹ ਕਰਵਾਏ ਪਰ ਕਿਸੇ ਵਿਚੋਂ ਵੀ ਪੁੱਤਰ ਨਾ ਹੋਇਆ। ਗੁਰੂ ਤੇਗ ਬਹਾਦਰ ਜਦ ਪਟਨੇ ਵਿਚ ਆਏ ਤਾਂ ਪੂਰੀ ਸ਼ਰਧਾ ਤੇ ਪਿਆਰ ਨਾਲ ਜਗਤਾ ਸੇਠ ਨੇ ਉਹਨਾਂ ਦੀ ਸੇਵਾ ਕੀਤੀ। ਰੋਜ਼ ਸੰਗਤ ਵਿਚ ਆਉਂਦਾ, ਕੀਰਤਨ ਸੁਣਦਾ। ਮਨ ਤੇ ਆਤਮਾ ਗੁਰ ਉਪਦੇਸ਼ ਸੁਣਦੇ ਤੇ ਉਹਨੂੰ ਮਾਨਸਿਕ ਤੌਰ ਤੇ ਸੰਤੁਸ਼ਟਤਾ ਤੇ ਖੁਸ਼ੀ ਮਿਲਦੀ। ਇਕ ਦਿਨ ਉਹਨੇ ਮਨ ਵਿਚ ਧਾਰਿਆ ਕਿ ਅੱਜ ਜੇ ਗੁਰੂ ਜੀ ਖੁਸ਼ੀ ਤੇ ਪ੍ਰਸੰਨਤਾ ਦੇ ਘਰ ਆ ਕੇ ਮੈਨੂੰ ਪੁੱਤਰ ਦੀ ਦਾਤ ਦੇਣ ਤਾਂ ਮੇਰੇ ਮਨ ਦੀ ਇਹ ਅਭਿਲਾਸ਼ਾ ਵੀ ਪੂਰੀ ਹੋ ਜਾਏ। ਉਸ ਦਿਨ ਗੁਰੂ ਜੀ ਨੇ ਉਹਨੂੰ ਉਚੇਰੇ ਤੌਰ ਤੇ ਸੱਦ ਕੇ ਤਿੰਨ ਸੇਬ ਪ੍ਰਸ਼ਾਦਿ ਵਜੋਂ ਦਿਤੇ। ਉਹ ਸੰਤੁਸ਼ਟ ਹੋ ਗਿਆ ਤੇ ਘਰ ਜਾ ਕੇ ਤਿੰਨਾਂ ਪਤਨੀਆਂ ਨੂੰ ਇਕ-ਇਕ ਸੇਬ ਖੁਆ ਦਿਤਾ।

ਅਗਲੇ ਸਾਲ ਉਹਦੇ ਘਰ ਤਿੰਨਾਂ ਪਤਨੀਆਂ ਵਿਚੋਂ ਤਿੰਨ ਪੁੱਤਰ ਹੋ ਗਏ। ਉਹ ਤਾਂ ਗੁਰੂ ਤੇਗ ਬਹਾਦਰ ਦੀ ਪੂਜਾ ਕਰਨ ਲੱਗਾ। ਗੁਰੂ ਜੀ ਪਟਨੇ ਵਿਚ ਨਹੀਂ ਸਨ ਇਸ ਲਈ ਤਿੰਨੇ ਪੁੱਤਰ ਤੇ ਪਤਨੀਆਂ ਲੈ ਕੇ ਮਾਤਾ ਗੁਜਰੀ ਜੀ ਪਾਸ ਆਇਆ ਤੇ ਬਾਲਾ ਪ੍ਰੀਤਮ, ਬਾਲਕ ਗੋਬਿੰਦ ਜੀ ਲਈ ਬਹੁਤ ਸਾਰੇ ਖਿਡੌਣੇ, ਬਸਤਰ ਤੇ ਹੋਰ ਵਸਤਾਂ ਲੈ ਆਇਆ। ਬਾਲਾ ਪ੍ਰੀਤਮ ਨੂੰ ਉਹਨੇ ਪੁੱਛਿਆ, ਆਪ ਕੀ ਪਸੰਦ ਕਰੋਗੇ? ਬਾਲਕ ਗੋਬਿੰਦ ਜੀ ਨੇ ਤੀਰ ਕਮਾਨ ਤੇ ਸੁੰਦਰ ਕਟਾਰ ਦੀ ਇੱਛਾ ਪ੍ਰਗਟ ਕੀਤੀ ਤਾਂ ਉਹ ਦੂਜੇ ਦਿਨ ਹੀ ਇਹ ਵਸਤੂਆਂ ਲੈ ਆਇਆ। ਜਿਤਨਾ ਚਿਰ ਬਾਲਕ ਗੋਬਿੰਦ ਜੀ ਪਟਨੇ ਰਹੇ, ਜਗਤਾ ਸੇਠ ਤੇ ਉਹਦਾ ਪਰਿਵਾਰ ਰੋਜ਼ ਹਾਜ਼ਰੀ ਭਰਦਾ, ਦਰਸ਼ਨ ਕਰਦਾ ਤੇ ਕੀਮਤੀ ਵਸਤਾਂ ਭੇਂਟ ਕਰਕੇ ਖੁਸ਼ ਹੁੰਦਾ।

ਜਦ ਬਾਲ ਗੋਬਿੰਦ ਜੀ ਪਟਨੇ ਤੋਂ ਚੱਲਣ ਲੱਗੇ ਤਾਂ ਜਗਤਾ ਸੇਠ ਨੇ ਉਨ੍ਹਾਂ ਦੇ ਰਸਤੇ ਵਿਚ ਥਾਂ-ਥਾਂ ਠਹਿਰਨ, ਸੁਆਗਤ ਤੇ ਸੇਵਾ ਲਈ ਆਪਣੀ ਦੁਕਾਨਾਂ ਤੇ ਸਟੋਰਾਂ ਤੇ ਪ੍ਰਬੰਧ ਕੀਤਾ ਤੇ ਹਰ ਥਾਂ ਉਹਦੇ ਆਦਮੀ ਪ੍ਰਬੰਧ ਲਈ ਪਹਿਲਾਂ ਹੀ ਚਲੇ ਗਏ। ਜਦ ਪਟਨੇ ਤੋਂ ਸਾਹਿਬਜ਼ਾਦਾ ਗੋਬਿੰਦ ਜੀ ਚੱਲਣ ਲੱਗੇ ਤਾਂ ਜਗਤਾ ਸੇਠ ਪਰਿਵਾਰ ਸਮੇਤ ਹਾਜ਼ਰ ਹੋਇਆ ਤੇ ਕਿਹਾ ਕਿ ਸਾਨੂੰ ਤੁਹਾਡੇ ਦਰਸ਼ਨ ਕਿਸ ਤਰ੍ਹਾਂ ਹੋਇਆ ਕਰਨਗੇ? ਤਾਂ ਸਾਹਿਬਜ਼ਾਦਾ ਗੋਬਿੰਦ ਜੀ ਨੇ ਉੱਤਰ ਦਿਤਾ 'ਰੋਜ਼ ਗੁਰਦੁਆਰੇ ਸੰਗਤ ਵਿਚ ਆਇਆ ਕਰਨਾ। ਸੰਗਤ ਵਿਚ ਤੁਸੀਂ ਹਮੇਸ਼ਾਂ ਮੇਰੇ ਦਰਸ਼ਨ ਕਰ ਸਕਿਆ ਕਰੋਗੇ।

********

# ਉਤਸ਼ਾਹ ਭਰਪੂਰ ਸਹਿਜ ਮਾਰਗ ਭਾਗ - 2
# (PATH OF FIRE AND LIGHT) Vol. II

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-60)*

ਇਕ ਚਕਿਤਸਕ ਹੁੰਦੇ ਹੋਏ ਤੁਹਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਤੁਸੀਂ ਰੋਗੀ ਨਾਲ ਆਪਣੇ ਆਪ ਨੂੰ ਅਭੇਦ ਨਾ ਕਰੋ। ਬਹੁਤ ਸਾਰੇ ਰੋਗੀ ਇਸ ਤਰ੍ਹਾਂ ਦੇ ਹੁੰਦੇ ਹਨ ਜਿਹੜੇ ਗੱਲਬਾਤ ਨਹੀਂ ਕਰ ਸਕਦੇ। ਉਹ ਰੋਣ ਲਗ ਪੈਂਦੇ ਹਨ, ਰੋਂਦੇ ਵਧੇਰੇ ਹਨ, ਗੱਲਬਾਤ ਥੋੜ੍ਹੀ ਕਰਦੇ ਹਨ। ਜੇਕਰ ਤੁਸੀਂ ਗਲਤੀ ਨਾਲ ਰੋਗੀ ਨਾਲ ਅਭੇਦ ਹੋਣਾ ਸ਼ੁਰੂ ਕਰ ਦਿਓ, ਤੁਸੀਂ ਥੱਕ ਜਾਓਗੇ, ਔਖੇ ਹੋ ਜਾਓਗੇ। ਤੁਸੀਂ ਬਹੁਤ ਸਾਰੇ ਰੋਗੀਆਂ ਨੂੰ ਸਮਝਾ ਸਕਦੇ ਹੋ, ਸਲਾਹ ਦੇ ਸਕਦੇ ਹੋ, ਪਰ ਜੇ ਤੁਸੀਂ ਯਥਾਰਥਕ ਨਹੀਂ ਹੋਵੋਗੇ ਜਾਂ ਜੇ ਤੁਸੀਂ ਰੋਗੀ ਨਾਲ ਅਭੇਦ ਹੋ ਜਾਓਗੇ, ਤੁਸੀਂ ਸਲਾਹ ਨਹੀਂ ਦੇ ਸਕੋਗੇ, ਤੁਸੀਂ ਸਮਝਾ ਨਹੀਂ ਸਕੋਗੇ।

ਜੇਕਰ ਤੁਸੀਂ ਬਿਮਾਰੀ ਨਹੀਂ ਜਾਂਚ ਸਕਦੇ, ਤੁਹਾਨੂੰ ਸਮਝ ਨਹੀਂ ਆ ਰਹੀ, ਚਿੰਨ ਬਹੁਤ ਆਮ ਹਨ, ਬਹੁਤ ਲੋਕਾਂ ਨਾਲ ਮਿਲਦੇ ਹਨ, ਕੋਈ ਖਾਸ ਗੱਲ ਤੁਹਾਨੂੰ ਲੱਭ ਨਹੀਂ ਰਹੀ ਤਾਂ ਤੁਸੀਂ ਅੰਤਰ ਗਿਆਨ ਨਾਲ ਜਾਂਚੋ ਕਿਉਂਕਿ ਇਕ ਵਾਰੀ ਜਾਂਚ ਠੀਕ ਹੋ ਗਈ, ਰੋਗ ਦੀ ਪਛਾਣ ਠੀਕ ਹੋ ਗਈ, ਤੁਸੀਂ ਰੋਗੀ ਨੂੰ ਠੀਕ ਕਰ ਸਕਦੇ ਹੋ। ਜਦੋਂ ਤੁਸੀਂ ਮਰੀਜ਼ ਨੂੰ ਅੰਤਰਗਿਆਨ ਰਾਹੀਂ ਜਾਂਚਦੇ ਹੋ, ਉਸ ਦੀ ਬਿਮਾਰੀ ਦੇਖਦੇ ਹੋ, ਤੁਹਾਨੂੰ ਇਹ ਵੀ ਪਤਾ ਲਗ ਜਾਂਦਾ ਹੈ ਕਿ ਮਰੀਜ਼ ਬਚੇਗਾ ਜਾਂ ਨਹੀਂ।

ਅੰਤਰ ਗਿਆਨ ਨਾਲ ਰੋਗ ਦੀ ਜਾਂਚ ਕਰਨ ਲਈ ਤੁਹਾਨੂੰ ਕੋਈ ਕੋਸ਼ਿਸ਼ ਨਹੀਂ ਕਰਨੀ ਪੈਂਦੀ, ਇਹ ਤਾਂ ਨਿਰੋਲ ਸੰਖਿਆ ਵਾਚਕ ਹੈ। ਐਨਾ ਸਿੱਧਾ ਜਿਵੇਂ ਇਕ ਤੋਂ ਅੱਠ ਤੱਕ ਦੀ ਗਿਣਤੀ ਹੋਵੇ। ਇਸ ਵਾਸਤੇ ਤੁਹਾਨੂੰ ਅਧਿਆਤਮਕ ਗਿਆਨ ਦੀ ਲੋੜ ਨਹੀਂ। ਇਹ ਇਕ ਤਰੀਕਾ ਹੈ, ਇਕ ਪ੍ਰੀਕ੍ਰਿਆ ਹੈ। ਜੇ ਤੁਹਾਨੂੰ ਤਰੀਕਾ ਪਤਾ ਹੋਵੇ, ਤੁਸੀਂ ਵਰਤ ਸਕਦੇ ਹੋ, ਇਹ ਤੁਸੀਂ ਚੇਤਨ ਹੋ ਕੇ ਵੀ, ਅਚੇਤ ਹੋ ਕੇ ਵੀ ਦੋਨੋਂ ਤਰ੍ਹਾਂ ਨਾਲ ਇਹ ਤਰੀਕਾ ਵਰਤ ਸਕਦੇ ਹੋ। ਕਈ ਸੱਜਣ ਅਚੇਤ ਤਰੀਕਾ ਵਰਤਦੇ ਹਨ। ਲੰਮੇ ਪੈ ਕੇ ਅਚੇਤ ਹੋ ਜਾਂਦੇ ਹਨ, ਮਰੀਜ਼ ਦੀ ਬਿਮਾਰੀ ਜਾਂਚ ਲੈਂਦੇ ਹਨ, ਨਾਲ ਹੀ ਉਸ ਦਾ ਇਲਾਜ ਵੀ, ਉਹ ਆਪਣੇ ਗਿਆਨ ਨੂੰ ਅਚੇਤ ਹੋ ਕੇ ਵਰਤਦੇ ਹਨ। ਤੁਸੀਂ ਚੇਤਨ ਹੋ ਕੇ ਵੀ ਇਹ ਤਰੀਕਾ ਵਰਤ ਸਕਦੇ ਹੋ। ਅੰਤਰ ਧਿਆਨ ਹੋ ਕੇ ਰੋਗ ਦੀ ਜਾਂਚ ਕਰਨਾ ਬਹੁਤ ਹੀ ਅਸਚਰਜ ਤਰੀਕਾ ਹੈ। ਇਸ ਲਈ ਕੋਈ ਯਤਨ ਦੀ ਲੋੜ ਨਹੀਂ, ਕੋਈ ਉਪਰਾਲੇ ਦੀ ਲੋੜ ਨਹੀਂ। ਇਹ ਤਰੀਕਾ ਬਹੁਤ ਹੀ ਸੌਖਾ ਹੈ, ਆਪ-ਮੁਹਾਰੇ ਕਰਨ ਵਾਲਾ ਹੈ, ਇਸ ਵਿਚ ਕੋਈ ਗਲਤੀ ਨਹੀਂ। ਜਿਸਨੇ ਇਹ ਤਰੀਕਾ ਸਿੱਖ ਲਿਆ, ਉਹ 90% ਠੀਕ ਹੋਵੇਗਾ, ਕਾਮਯਾਬ ਹੋਵੇਗਾ। 100% ਤਾਂ ਨਹੀਂ ਹੋ ਸਕਦਾ, ਮਨੁੱਖ ਤਾਂ ਪੂਰਣ ਨਹੀਂ ਹੋ ਸਕਦਾ, 100% ਸਫਲ ਨਹੀਂ ਹੋ ਸਕਦਾ। ਪੂਰਣ ਤਾਂ ਕੇਵਲ ਉਹ ਇਕ ਹੈ, ਉਹ ਪ੍ਰਮਾਤਮਾ ਹੀ ਹੈ, ਜੇ ਤੁਸੀਂ ਇਹ ਤਰੀਕਾ ਵਰਤਣਾ ਸਿੱਖ ਲੈਂਦੇ ਹੋ ਤੁਸੀਂ ਕੇਵਲ 10% ਹੀ ਅਸਫਲ ਹੋਵੋਗੇ, ਨਿਰਾਸ਼ ਹੋਵੋਗੇ। ਪਰ ਵਧੇਰਾ ਸਮਾਂ, ਵਧੇਰੇ ਕਰਕੇ ਤੁਸੀਂ ਸਫਲ ਹੀ ਹੋਵੋਗੇ।

